38ਵਾਂ ਵਰ੍ਹਾ

ਗਿਆਨ-ਵਿਗਿਆਨ ਅਤੇ ਚਿੰਤਨ ਦੀ ਆਵਾਜ਼

ਤਰਕਸ਼ੀਲ

TARKSHEEL

ਮਈ-ਜੂਨ 2024



ਅੰਤਰ ਝਾਤ:
ਮਈ ਦਿਵਸ 'ਤੇ
(4)

30



ਮੁਬੀਨਾ ਕਿ ਸੁਕੀਨਾ
(12)



ਇਲੈਕਟੋਰਲ ਬਾਂਡ ਖਰੀਦਣ ਵਾਲੀਆਂ ਕੰਪਨੀਆਂ ਡਰੱਗ ਟੈਸਟ 'ਚ ਫੇਲ (19)



ਨੋਬੇਲ ਪੁਰਸਕਾਰ ਠੁਕਰਾਉਣ ਲਈ ਲਿਖਿਆ ਖ਼ਤ (30)



ਭੌਤਿਕ ਵਿਗਿਆਨੀ ਪੀਟਰ ਹਿਗਜ਼ (34)

ਗਰੀਬੀ ਨਿਆਂ ਨਾਲ ਖਤਮ ਹੁੰਦੀ ਹੈ, ਦਾਨ ਨਾਲ ਨਹੀਂ। - ਨੈਲਸਨ ਮੰਡੇਲਾ

ਮਜ਼ਦੂਰ ਦੇ ਨਾਂ !

ਸੰਤ ਰਾਮ ਉਦਾਸੀ



ਲੋਕੋ ਬਾਜ਼ ਆ ਜਾਓ ! ਝੂਠੇ ਲੀਡਰਾਂ ਤੋਂ,
ਇਹਨਾਂ ਦੇਸ਼ ਨੂੰ ਬਿਲੇ ਲਗਾ ਛੱਡਣੈਂ ।
ਇਹਨਾਂ ਦੇਸ਼ ਦਾ ਕੁਝ ਵੀ ਛੱਡਿਆ ਨੀ,
ਇਹਨਾਂ ਥੋਨੂੰ ਵੀ ਵੇਚ ਕੇ ਖਾ ਛੱਡਣੈਂ ।
ਕਾਰਖ਼ਾਨਿਆਂ ਦੀਆਂ ਕਾਲ਼ੀਆਂ ਚਿਮਨੀਆਂ 'ਚੋਂ,
ਸਾਡੇ ਵਲਵਲੇ ਨਿਕਲਦੇ ਧੂੰ ਬਣ ਕੇ ।
ਅਫ਼ਸਰਸ਼ਾਹੀ ਦੀ ਕਾਰ ਦੇ ਵੇਗ ਮੂਹਰੇ,
ਸਾਡੇ ਉਡਦੇ ਅਰਮਾਨ ਨੇ ਰੂੰ ਬਣ ਕੇ ।
ਅਸੀਂ ਆਪਣਾ ਸਮਝ ਕੇ ਵੋਟ ਪਾਈ,
ਇਹਨਾਂ ਵੋਟ ਦਾ ਸਿਲਾ ਵੀ ਤਾਰਿਆ ਨਾ ।
ਸਾਨੂੰ ਮਹਿੰਗ ਉਬਾਲਿਆ ਦੁੱਧ ਵਾਂਗੂੰ,
ਇਹਨਾਂ ਪਾਣੀ ਦਾ ਛੱਟਾ ਵੀ ਮਾਰਿਆ ਨਾ ।
ਇਹ ਦੇਸ਼ ਦੀ ਪੂੰਜੀ ਨੂੰ ਨਾਗ ਬਣ ਕੇ,
ਆਪੂੰ ਸਾਂਭ ਲੈਂਦੇ ਆਪੂੰ ਖੱਟ ਜਾਂਦੇ ।
ਵਾਅਦੇ ਕਰਦੇ ਨੇ ਕੱਚੇ ਮਹਿਬੂਬ ਵਾਂਗੂ,
ਆਪੇ ਥੁੱਕ ਕੇ ਤੇ ਆਪੇ ਚੱਟ ਜਾਂਦੇ ।
ਸੀਨਾ-ਜ਼ੋਰੀਆਂ ਨੇ ਹਿਰਦੇ ਸਾੜ ਸੁੱਟੇ,
ਸੜਿਆਂ ਹੋਇਆਂ ਦੀ ਆਓ ਸੰਭਾਲ ਕਰੀਏ ।
ਜਿਹਨੂੰ ਰਾਠ ਉਧਾਲ ਕੇ ਲੈ ਗਏ ਨੇ,
ਆਪਣੀ 'ਕਿਸਮਤ' ਦੀ ਮੁੱਢੋਂ ਪੜਤਾਲ ਕਰੀਏ ।
ਕੁੱਤੇ ਜਿਹੀ ਇਨਸਾਨ ਦੀ ਕਦਰ ਹੈ ਨਾ,
ਅੱਗੋਂ ਮੰਗਦੇ ਨੇ ਸਾਥੋਂ ਵਫ਼ਾਦਾਰੀ ।
ਜਾਂ ਤਾਂ ਅਸੀਂ ਹੀ ਰਹਾਂਗੇ ਦੇਸ਼ ਅੰਦਰ,
ਜਾਂ ਫਿਰ ਰਹੇਗੀ ਇੱਥੇ ਸਰਮਾਏਦਾਰੀ ।
ਅਸੀਂ ਆਪਣਿਆਂ ਢਿੱਡਾਂ ਦੀ ਮੰਗ ਲੈ ਕੇ,
ਨਿੱਤਰ ਆਏ ਹਾਂ ਏਕੇ ਦੀ ਲਾਮ ਉੱਤੇ ।
ਲਾਰੇ ਵੇਖ ਕੇ ਇਹਨਾਂ ਮੁਸਾਹਿਬਾਂ ਦੇ,
ਨੀਝ ਲੱਗੀ ਏ ਹੁਣ ਤਾਂ ਸੰਗਰਾਮ ਉੱਤੇ ।
ਜੇਕਰ ਅੱਜ ਨਾ ਹੱਕਾਂ ਦੀ ਗੱਲ ਕੀਤੀ,
ਸਾਰੇ ਬੱਚਿਆਂ ਦੇ ਵਿਹਨੈਂ ਚੋਹਲ ਜਲਦੇ ।
ਖੇਤਾਂ ਵਿੱਚ ਕਿਸਾਨ ਦੇ ਬੋਹਲ ਜਲਦੇ,
ਮੇਰੇ ਗੀਤ ਜਲਦੇ, ਮੇਰੇ ਘੋਲ ਜਲਦੇ ।

ਕਵਿਤਾ

ਕਿਉਂ ਗਿਣਤੀ ਵਿੱਚ ਨਾ ਆਇਆ ਏ ?

ਜਿਸ ਕੋਠੀ ਦੇ ਵਿੱਚ ਰਹਿੰਨੇ ਆਂ,
ਸੋਫੇ, ਕੁਰਸੀ 'ਤੇ ਬਹਿੰਦੇ ਆਂ,
ਬੈੱਡਾਂ, ਮੰਜਿਆਂ 'ਤੇ ਪੈਨੇ ਆਂ,
ਇਹ ਸਭ ਕੁੱਝ ਜੀਹਨੇ ਬਣਾਇਆ ਏ,
ਕਦੇ ਗਿਣਤੀ ਦੇ ਵਿੱਚ ਆਇਆ ਏ ?
ਇਹ ਸੜਕਾਂ ਦਾ ਜੋ ਜਾਲ ਦਿੱਸੇ,
ਤੇ ਪੁਲਾਂ ਵਾਲਾ ਵੀ ਨਾਲ ਦਿੱਸੇ,
ਲੁੱਕ, ਬਜਰੀ ਰਲਿਆ ਮਾਲ ਦਿੱਸੇ,
ਪਰ ਮੁੜਕਾ ਜਿਸ ਵਿੱਚ ਪਾਇਆ ਏ,
ਕਦੇ ਗਿਣਤੀ ਦੇ ਵਿੱਚ ਆਇਆ ਏ ?
ਇਹ ਭੱਜਦੀਆਂ ਗੱਡੀਆਂ, ਕਾਰਾਂ ਜੋ,
ਤੇ ਭਰਨ ਜਹਾਜ ਉਡਾਰਾਂ ਜੋ,
ਰੇਲਾਂ ਦੀਆਂ ਲੱਗੀਆਂ ਲਾਰਾਂ ਜੋ,
ਜਿਸ ਲੋਹਾ ਇਹ ਪਿਘਲਾਇਆ ਏ,
ਕਦੇ ਗਿਣਤੀ ਦੇ ਵਿੱਚ ਆਇਆ ਏ ?
ਪਾਣੀ, ਸਪਰੇਹਾਂ ਲਾਉਣ ਵਾਲਾ,
ਅੰਨ, ਦਾਲਾਂ ਆਦਿ ਉਗਾਉਣ ਵਾਲਾ,
ਕੱਢਣ, ਲੱਦਣ ਤੇ ਲਾਹੁਣ ਵਾਲਾ,
ਜਿਸ ਖੁਦ ਨੂੰ ਹਰਦਮ ਵਾਹਿਆ ਏ,
ਕਦੇ ਗਿਣਤੀ ਦੇ ਵਿੱਚ ਆਇਆ ਏ ?
ਜੋ ਲੋੜਾਂ ਲਈ ਮਜਬੂਰ ਸਦਾ,
ਥੋੜਾਂ ਵਿੱਚ ਹੀ ਭਰਪੂਰ ਸਦਾ,
'ਰੋਮੀ' ਮਜੇ ਤੋਂ ਦੂਰ ਸਦਾ,
ਕਦੇ ਧਿਆਨ 'ਘੜਾਮੇਂ' ਲਾਇਆ ਏ,
ਕਿਉਂ ਗਿਣਤੀ ਵਿੱਚ
ਨਾ ਆਇਆ ਏ ?



ਰੋਮੀ ਘੜਾਮੇਂ ਵਾਲਾ

ਅਮੀਰਾਂ ਨੇ ਗਰੀਬਾਂ ਲਈ
ਰੱਬ ਤੋਂ ਬਿਨ੍ਹਾਂ
ਕੁੱਝ ਵੀ ਨਹੀਂ ਛੱਡਿਆ।
ਨੀਤਸ਼ੇ

ਮੁੱਖ ਸੰਪਾਦਕ
ਬਲਬੀਰ ਲੌਂਗੋਵਾਲ
98153 17028

ਸੰਪਾਦਕੀ ਬੋਰਡ
ਹੇਮ ਰਾਜ ਸਟੈਨੋ ਪਾਲ ਬਾਗਪੁਰ
ਰਾਜਪਾਲ ਸਿੰਘ ਜਸਵੰਤ ਮੋਹਾਲੀ
ਸੁਖਦੇਵ ਧੂਰੀ ਭੁਪਿੰਦਰ ਫੌਜੀ
ਸੁਖਦੇਵ ਫਗਵਾੜਾ ਵਿਸ਼ਵ ਕਾਂਤ
ਅਵਤਾਰ ਦੀਪ
ਰਾਮ ਸਵਰਨ ਲੱਖੇਵਾਲੀ

ਮੁੱਖ ਸੰਪਾਦਕ
balbirlongowal1966@gmail.com

ਮੁੱਖ ਪ੍ਰਬੰਧਕ
ਰਾਜ ਪਾਲ ਸਿੰਘ

ਵਿਦੇਸ਼ੀ ਪ੍ਰਤੀਨਿਧ
ਅਵਤਾਰ ਬਾਈ ਕੈਨੇਡਾ
ਪ੍ਰਧਾਨ TRSC (+1-672-558-5757)
ਅੱਛਰ ਸਿੰਘ ਖਰਲਵੀਰ, ਕਵੈਂਟਰੀ (ਇੰਗਲੈਂਡ)
(+44-748-635-1185)
ਮਾ. ਭਜਨ ਸਿੰਘ ਕੈਨੇਡਾ, ਬਲਦੇਵ ਰਹਿਪਾ ਟਰਾਂਟੋ

ਚੰਦੇ ਅਤੇ ਰਚਨਾਵਾਂ ਭੇਜਣ ਲਈ ਪਤਾ :
ਮੁੱਖ ਦਫਤਰ,
ਤਰਕਸ਼ੀਲ ਭਵਨ, ਸੰਘੇੜਾ ਬਾਈਪਾਸ
ਤਰਕਸ਼ੀਲ ਚੌਂਕ, ਬਰਨਾਲਾ-148101 (ਪੰਜਾਬ)
ਮੋਬਾ. 98769 53561
ਚੰਦੇ ਤੇ ਸਹਾਇਤਾ ਦੇ ਚੈੱਕ/ਡਰਾਫਟ ਉੱਪਰ 'ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.)' ਲਿਖਿਆ ਜਾਵੇ। ਆਨ ਲਾਈਨ ਪੰਜਾਬ ਨੈਸ਼ਨਲ ਬੈਂਕ ਦਾ ਖਾਤਾ ਨੰ. 0044000100282234 IFSC : PUNB0004400

ਸਲਾਨਾ ਚੰਦਾ ਦੇਸ਼ : 150 ਰੁ.
ਜੀਵਨਭਰ ਮੈਂਬਰਸ਼ਿਪ : 1500 ਰੁ.
ਵਿਦੇਸ਼ ਸਲਾਨਾ : 40 ਯੂ.ਐਸ. ਡਾਲਰ
ਵਿਦੇਸ਼ ਜੀਵਨਭਰ ਮੈਂਬਰਸ਼ਿਪ: 20,000 ਰੁ.
ਰਸੀਦ ਵਾਊਚਰ ਅਤੇ ਪਤਾ ਹੇਠ ਲਿਖੇ ਨੰਬਰ 'ਤੇ ਭੇਜਿਆ ਜਾਵੇ
98156 70725

ਰਜਿੰਦਰ ਭਦੌੜ ਪ੍ਰਿੰਟਰ, ਪ੍ਰਕਾਸ਼ਕ ਅਤੇ ਮਾਲਕ ਤਰਫ਼ੋਂ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਨੇ ਅੱਪੂ ਆਰਟ ਪ੍ਰੈੱਸ ਸ਼ਾਹਕੋਟ (ਜਲੰਧਰ) ਤੋਂ ਛਪਵਾ ਕੇ ਮੁੱਖ ਦਫ਼ਤਰ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਬਰਨਾਲਾ ਪੰਜਾਬ ਤੋਂ ਜਾਰੀ ਕੀਤਾ।


ਤਰਤੀਬ

ਇਹ ਮੈਗਜ਼ੀਨ ਡਾਇਰੈਕਟਰ ਸਿੱਖਿਆ ਵਿਭਾਗ, ਪੰਜਾਬ ਦੇ ਹੁਕਮ ਨੰਬਰ 4-93 ਆਡੀਟਰ ਪੰਜਾਬ (ਚੰਡੀਗੜ੍ਹ) ਮਿਤੀ 17 ਜਨਵਰੀ 1994 ਅਧੀਨ ਰਾਜ ਦੀਆਂ ਸਾਰੀਆਂ ਵਿੱਦਿਅਕ ਸੰਸਥਾਵਾਂ ਲਈ ਪ੍ਰਵਾਨ ਹੈ।

ਸੰਪਾਦਕੀ

ਭਾਰਤ ਵਿੱਚ ਹੋ ਰਹੀਆਂ ਲੋਕ ਸਭਾ ਦੀਆਂ ਚੋਣਾਂ ਦੀ ਕਾਂਵਾਂ ਰੌਲੀ ਹੁਣ ਸਿਖਰਾਂ ’ਤੇ ਹੈ। ਸਰਮਾਏਦਾਰੀ ਦੀ ਨੁਮਾਇੰਦਗੀ ਕਰਦੀਆਂ ਸੱਤਾਧਾਰੀ ਅਤੇ ਅਗੜ-ਪਿਛੜ ਸੱਤਾ ਦੀ ‘ਅੱਯਾਸ਼ੀ’ ਮਾਣਦੀਆਂ ਬੁਰਜੂਆ ਰਾਜਨੀਤਕ ਪਾਰਟੀਆਂ ਇੱਕ ਦੂਜੇ ’ਤੇ ਵਧ-ਚੜ੍ਹ ਕੇ ਚਿੱਕੜ ਉਛਾਲੀ ਕਰ ਰਹੀਆਂ ਹਨ, ਹਨ ਸਾਰੇ ਹੀ ‘ਇਸ ਹਮਾਮ ਵਿੱਚ ਨੰਗੇ।’ ਸਿੱਖਿਆ, ਸਿਹਤ ਅਤੇ ਰੁਜ਼ਗਾਰ ਆਦਿ ਨੂੰ ਦਰਕਿਨਾਰ ਕਰਕੇ, ਇਸ ਵੇਲੇ ਮੁੱਖ ਮੁੱਦਾ ਨਿੱਜੀ ਤਨਜ ਕਸਣਾ ਅਤੇ ਦੂਜੇ ’ਤੇ ‘ਭ੍ਰਿਸ਼ਟ’ ਹੋਣ ਦਾ ਦੋਸ਼ ਲਗਾ ਕੇ, ਆਪਣੇ ਆਪ ਨੂੰ ‘ਬਗਲਾ ਭਗਤ’ ਕਹਿਣਾ ਬਣਿਆ ਹੋਇਆ ਹੈ ਤਾਂ ਜੋ ਲੋਕਾਂ ਨੂੰ ਉਹਨਾਂ ਦੇ ਅਸਲ ਮੁੱਦਿਆਂ ਤੋਂ ਦੂਰ ਲਿਜਾ ਕੇ ਵੋਟਾਂ ਵਿੱਚ ‘ਕੈਸ਼’ ਕੀਤਾ ਜਾ ਸਕੇ, ਹਨ ਸਾਰੇ ਹੀ ਸਿਰੇ ਦੇ ਭ੍ਰਿਸ਼ਟ। ਦਲ ਬਦਲੀਆਂ ਦਾ ਮਾਹੌਲ ਬਹੁਤ ‘ਰੁਮਾਂਟਿਕ’ ਬਣਿਆ ਹੋਇਆ ਹੈ। ਹਰ ਰਾਜਨੀਤਕ ਪਾਰਟੀ ਆਪਣੀ ‘ਵਾਸ਼ਿੰਗ’ ਮਸ਼ੀਨ ਚੁੱਕੀ ਫਿਰਦੀ ਹੈ ਅਤੇ ਅਲਾਪ ਰਹੀ ਹੈ ‘ਆਓ ਕਾਗੋਂ ਹੰਸ ਬਣ ਜਾਓ!’ ਸਿਰੇ ਦੀ ਫਿਰਕਾਪ੍ਰਸਤੀ ਦਾ ਪ੍ਰਚਾਰ ਹਾਕਮ ਕੇਂਦਰੀ ਪਾਰਟੀ ਵੱਲੋਂ ਪੂਰੇ ਧੜੱਲੇ ਨਾਲ ਕੀਤਾ ਜਾ ਰਿਹਾ ਹੈ। ਦੇਸ਼ ਨੂੰ ਖੇਰੂ-ਖੇਰੂ ਕਰਨ ਵਾਲੇ ਭਾਸ਼ਣ ਦਿੱਤੇ ਜਾ ਰਹੇ ਹਨ। ਕਿਸੇ ਚੋਣ ਕਮਿਸ਼ਨ ਦਾ ਕੋਈ ਡਰ-ਭੈਅ ਨਹੀਂ। ਚੋਣ ਕਮਿਸ਼ਨ ਦੀ ਨਿਰਪੱਖਤਾ ਸਵਾਲੀਆ ਚਿੰਨ੍ਹ ਦੇ ਘੇਰੇ ਵਿੱਚ ਹੈ। ਪੂਰਾ ਮੁਲਕ ਜਿੱਥੇ ਪੂਰੀ ਤਰ੍ਹਾਂ ਕਾਰਪੋਰੇਟੀ ਏਜੰਡੇ ਦੀ ਮਾਰ ਅਧੀਨ ਹੈ, ਉੱਥੇ ਨਾਲ ਹੀ ‘ਵਿਸ਼ਵ ਗੁਰੂ’ ਭਾਰਤ ਦੁਨੀਆਂ ਦਾ ਤੀਜਾ ਸਭ ਤੋਂ ਵੱਡਾ ਪ੍ਰਦੂਸ਼ਿਤ ਦੇਸ਼ ਹੋਣ ਦਾ ‘ਮਾਣ’ ਪ੍ਰਾਪਤ ਕਰ ਚੁੱਕਾ ਹੈ। ਕਾਰਪੋਰੇਟ ਸੈਕਟਰ ਦਾ ਮੁੱਖ ਏਜੰਡਾ ਹੈ - ਮੁਨਾਫ਼ਾ ਕਮਾਉਣਾ ਅਤੇ ਪ੍ਰਦੂਸ਼ਣ ਫੈਲਾਉਣਾ। ‘ਲੋਕ ਜਾਣ ਢੱਠੇ ਖੂਹ ਵਿੱਚ’। ਜਿੱਥੇ ਪਿਛਲੇ ਕੁੱਝ ਦਹਾਕਿਆਂ ਤੋਂ ਸਾਮਰਾਜ ਪੱਖੀ, ਸਰਮਾਏਦਾਰੀ ਪੱਖੀ, ਬਹੁਕੌਮੀ ਕੰਪਨੀਆਂ ਪੱਖੀ ਕਾਰਪੋਰੇਟੀ ਮਾਡਲ ਹਿੱਕ ਠੋਕ ਕੇ ਅੱਗੇ ਵਧਾਇਆ ਜਾ ਰਿਹਾ, ਉੱਥੇ ਫਾਸ਼ੀਵਾਦੀ ਏਜੰਡਾ ਵੀ ਸਿਖਰਾਂ ’ਤੇ ਹੈ। ਪਰ ਇਹ ਸਭ ਕੁੱਝ ਲੋਕਾਂ ਦੀ ਤਾਕਤ ਤੋਂ ਵੱਡਾ ਨਹੀਂ। ਕਿਰਤੀ ਜਮਾਤ ਇਸ ਦਾ ਮੂੰਹ ਮੋੜ ਸਕਦੀ ਹੈ। ਲੋੜ ਹੈ -ਚੇਤਨਾ, ਏਕੇ ਅਤੇ ਸੰਘਰਸ਼ ਦੀ। ਇਸ ਸਾਰੇ ਚੋਣਾਂ ਦੇ ਮਾਹੌਲ ਵਿੱਚ ਇੱਕ ਖ਼ਬਰ ਇਹ ਵੀ ਆਈ ਹੈ - “ਨਾਗਾਲੈਂਡ ਦੇ 6 ਜ਼ਿਲ੍ਹਿਆਂ ਵਿੱਚ 4 ਲੱਖ ਵੋਟਰਾਂ ’ਚੋਂ ਕੋਈ ਵੀ ਵੋਟ ਪਾਉਣ ਨਹੀਂ ਗਿਆ।” ਮਨੀਪੁਰ ਵਿੱਚ ਲੋਕਾਂ ’ਤੇ ਢਾਹੇ ਜਬਰ ਦਾ ਇਸ ਤੋਂ ਵੱਡਾ ਜਵਾਬ ਹੋਰ ਕੋਈ ਨਹੀਂ ਹੋ ਸਕਦਾ, ਲੋੜ ਹੈ ਅਗਲੇ ਬਦਲਾਂ ਨੂੰ ਤਲਾਸ਼ਣ ਦੀ। ਪ੍ਰਸਿੱਧ ਕ੍ਰਾਂਤੀਕਾਰੀ ਲੈਨਿਨ ਨੇ ਕਿਹਾ ਸੀ : “ਹਰ ਕੁੱਝ ਸਾਲਾਂ ਪਿੱਛੋਂ ਇਹ ਤਹਿ ਕਰਨਾ ਕਿ ਹਾਕਮ ਜਮਾਤ ਦਾ ਕਿਹੜਾ ਵਿਅਕਤੀ ਸੰਸਦ ਰਾਹੀਂ ਲੋਕਾਂ ਉੱਤੇ ਜਬਰ ਕਰੇਗਾ ਅਤੇ ਉਹਨਾਂ ਨੂੰ ਕੁਚਲੇਗਾ, ਇਹ ਹੈ ਬੁਰਜੂਆ ਸੰਸਦ ਦਾ ਹਕੀਕੀ ਤੱਤ।” ਕਿਰਤੀ ਜਮਾਤ ਨੂੰ ਇਹ ਹਕੀਕਤ ਨੂੰ ਸਮਝਣ ਦੀ ਲੋੜ ਹੈ। ਇਹ ਸਮਝਣ ਦੀ ਲੋੜ ਹੈ ਕਿ ਉਹਨਾਂ ਦੇ ਬਦਤਰ ਹਾਲਤ ਕਿਸੇ ਵਿਉਂ ਮਾਤਾ, ਕਿਸੇ ਦੈਵੀ ਸ਼ਕਤੀ ਨੇ ਨਹੀਂ ਲਿਖੇ, ਉਹ ਇਹੀ ਪਾਰਲੀਮੈਂਟਾਂ, ਵਿਧਾਨ ਸਭਾਵਾਂ ਲਿਖਦੀਆਂ ਹਨ। ਸਰਕਾਰਾਂ ਦੇ ਬਦਲਣ/ਨਾ ਬਦਲਣ ਵਿੱਚ ਕਿਰਤੀ ਜਮਾਤ ਦੀ ਬੰਦ ਖਲਾਸੀ ਨਹੀਂ, ਲੋੜ ਤਾਂ ਇਸ ਲੁਟੇਰੇ ਪ੍ਰਬੰਧ ਨੂੰ ਬਦਲਣ ਦੀ ਹੈ। ਆਓ ਮਈ ਦਿਹਾੜੇ ਦੇ ਸ਼ਹੀਦਾਂ, ਗ਼ਦਰੀ ਬਾਬਿਆਂ, ਭਗਤ-ਸਰਾਭਿਆਂ ਦੇ ਸੁਨੇਹੇ ਨੂੰ ਆਤਮਸਾਤ ਕਰਕੇ ਚੇਤਨਾ ਦੀ ਮਸ਼ਾਲ ਨਾਲ ਅੱਗੇ ਵਧੀਏ।

ਤਰਕਸ਼ੀਲਤਾ – ਸਮੇਂ ਦੀ ਲੋੜ



- ਚੰਦ ਫਤਿਹਪੁਰੀ

ਇਸ ਸਮੇਂ ਸਾਡੇ ਦੇਸ਼ ਵਿੱਚ ਅੰਧ-ਵਿਸ਼ਵਾਸਾਂ ਦੀ ਹਨੇਰੀ ਚੱਲ ਰਹੀ ਹੈ। ਹਮੇਸ਼ਾਂ ਤੋਂ ਹੀ ਸੱਤਾਧਾਰੀ ਵਰਗ ਆਪਣੀ ਸੱਤਾ ਨੂੰ ਕਾਇਮ ਰੱਖਣ ਲਈ ਅੰਧ-ਵਿਸ਼ਵਾਸਾਂ ਨੂੰ ਇੱਕ ਹਥਿਆਰ ਵਜੋਂ ਵਰਤਦਾ ਰਿਹਾ ਹੈ। ਭਾਜਪਾ ਦੇ ਕੇਂਦਰ ਦੀ ਸੱਤਾ ਉੱਤੇ ਕਾਬਜ਼ ਹੋ ਜਾਣ ਤੋਂ ਬਾਅਦ ਅੰਧ-ਵਿਸ਼ਵਾਸਾਂ ਦਾ ਸਿਲਸਿਲਾ ਤੇਜ਼ੀ ਨਾਲ ਵਧਿਆ ਹੈ। ਭਾਜਪਾ ਅੰਧ-ਵਿਸ਼ਵਾਸਾਂ ਨੂੰ ਫੈਲਾਉਣ ਲਈ ਬਾਬਿਆਂ ਤੇ ਅਖੌਤੀ ਧਰਮ ਗੁਰੂਆਂ ਦੀ ਪੁਸ਼ਤਪਨਾਹੀ ਕਰਦੀ ਰਹਿੰਦੀ ਹੈ। ਯਾਦ ਕਰੋ ਜਦੋਂ ਫ਼ਰਾਂਸ ਤੋਂ ਪਹਿਲਾ ਰਾਫੇਲ ਜੰਗੀ ਜਹਾਜ਼ ਲਿਆਂਦਾ ਗਿਆ ਸੀ ਤਾਂ ਸਭ ਤੋਂ ਪਹਿਲਾਂ ਕੇਂਦਰੀ ਮੰਤਰੀ ਰਾਜਨਾਥ ਸਿੰਘ ਨੇ ਉਸ ਦਾ ਨਿੰਬੂ ਤੇ ਮਿਰਚ ਬੰਨ੍ਹ ਕੇ ਸਵਾਗਤ ਕੀਤਾ ਸੀ। ਹਰ ਨਿੱਕੇ-ਵੱਡੇ ਕੰਮ ਦੇ ਉਦਘਾਟਨ ਸਮੇਂ ਨਾਰੀਅਲ ਭੰਨਣਾ ਤੇ ਹੋਰ ਧਾਰਮਿਕ ਪਾਖੰਡ ਕਰਨਾ ਇੱਕ ਵਰਤਾਰਾ ਬਣ ਚੁੱਕਾ ਹੈ।

ਇਸ ਸਮੇਂ ਮੀਡੀਆ ਅੰਧ-ਵਿਸ਼ਵਾਸ ਫੈਲਾਉਣ ਦਾ ਮੁੱਖ ਜ਼ਰੀਆ ਬਣਿਆ ਹੋਇਆ ਹੈ। ਵੱਡਾ ਹਿੱਸਾ ਪੱਤਰਕਾਰਤਾ ਮਰ ਚੁੱਕੀ ਹੈ। ਪੱਤਰਕਾਰਤਾ ਦੀ ਥਾਂ ਪਾਖੰਡੀ ਬਾਬਿਆਂ ਦੀਆਂ ਕਲਪਿਤ ਕਹਾਣੀਆਂ ਛਾਪੀਆਂ ਜਾ ਰਹੀਆਂ ਹਨ। ਅਖ਼ਬਾਰ ਖੋਲ੍ਹਦਿਆਂ ਹੀ ਸਭ ਤੋਂ ਪਹਿਲਾਂ ਰਾਸ਼ੀਫਲ ਮੱਥੇ ਵਿੱਚ ਵੱਜਦਾ ਹੈ। ਪੂਜਾ-ਪਾਠ ਤੇ ਵਰਤਾਂ ਦਾ ਵਿਧੀ-ਵਿਧਾਨ ਸਮਝਾਇਆ ਜਾਂਦਾ ਹੈ। ਟੀ.ਵੀ. ਚੈਨਲਾਂ ਉੱਤੇ ਇੱਛਾਧਾਰੀ ਨਾਗਿਨਾਂ, ਪਿਛਲੇ ਜਨਮਾਂ ਦਾ ਹਾਲ ਸੁਣਾਉਣ ਵਾਲੇ ਬੱਚਿਆਂ ਨੂੰ ਲਿਆ ਕੇ ਟੀ.ਆਰ.ਪੀ. ਵਧਾਉਣ ਦੇ ਨਾਲ-ਨਾਲ ਜਨਤਾ ਦੀ ਸੋਚ ਨੂੰ ਖੁੰਢਿਆਂ ਕੀਤਾ ਜਾਂਦਾ ਹੈ। ਹੁਣ ਤਾਂ ਬਾਬਿਆਂ ਨੇ ਵੀ ਆਪਣੇ ਚੈਨਲ ਸ਼ੁਰੂ ਕਰ ਲਏ ਹਨ, ਜਿਨ੍ਹਾਂ ਰਾਹੀਂ ਅਖੌਤੀ ਚਮਤਕਾਰਾਂ ਦਾ ਪ੍ਰਚਾਰ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਅਖੌਤੀ ਭੂਤਾਂ-ਪ੍ਰੇਤਾਂ ਦੀਆਂ ਡਰਾਉਣੀਆਂ ਫਿਲਮਾਂ ਬਣ ਰਹੀਆਂ ਹਨ। ਸਰਕਾਰ ਵਿਗਿਆਨਕ ਨਜ਼ਰੀਆ ਪੇਸ਼ ਕਰਨ ਵਾਲੇ ਪੱਤਰਕਾਰਾਂ ਉੱਤੇ ਤਾਂ ਕਈ ਬੰਦਸ਼ਾਂ ਲਾ ਰਹੀ ਹੈ, ਪਰ ਇਨ੍ਹਾਂ ਅੰਧ-ਵਿਸ਼ਵਾਸ ਵਾਲੇ ਚੈਨਲਾਂ ਤੇ ਹੋਰ ਮੀਡੀਆ ਅਦਾਰਿਆਂ ਨੂੰ ਖੁੱਲ੍ਹੀ ਛੁੱਟੀ ਹੈ ਕਿ ਉਹ ਜੋ ਮਰਜ਼ੀ ਝੂਠ-ਤੂਫ਼ਾਨ ਲੋਕਾਂ ਨੂੰ ਪਰੋਸੀ ਜਾਣ। ਇਸ ਲਈ ਜ਼ਰੂਰੀ ਹੈ ਕਿ ਹਰ ਤਰ੍ਹਾਂ ਦੀ ਗ਼ੈਰ-ਵਿਗਿਆਨਕ ਸਮੱਗਰੀ ਦੇ ਪ੍ਰਸਾਰਨ ਉੱਤੇ ਰੋਕ ਲਾਈ ਜਾਵੇ ਪਰ ਮੌਜੂਦਾ ਸਰਕਾਰ ਤੋਂ ਤਾਂ ਇਹ ਆਸ ਨਹੀਂ ਕੀਤੀ ਜਾ ਸਕਦੀ, ਉਹ ਤਾਂ ਖ਼ੁਦ ਹੀ ਧਾਰਮਿਕ ਕਾਲਪਨਿਕ ਕਹਾਣੀਆਂ ਨੂੰ ਵਿਗਿਆਨਕ ਸਿੱਧ ਕਰਨ ਲੱਗੀ ਹੋਈ ਹੈ।

ਸਵਾਲ ਪੈਦਾ ਹੁੰਦਾ ਹੈ ਕਿ ਆਖ਼ਰ ਅੰਧ-ਵਿਸ਼ਵਾਸ ਖ਼ਤਮ ਕੌਣ ਕਰੇਗਾ? ਇਹ ਜ਼ਿੰਮੇਵਾਰੀ ਮੀਡੀਆ, ਲੇਖਕਾਂ, ਵਿਗਿਆਨੀਆਂ, ਡਾਕਟਰਾਂ ਤੇ ਅਧਿਆਪਕਾਂ ਆਦਿ ਉੱਤੇ ਹੁੰਦੀ ਹੈ। ਪਰ ਸਮਾਜਕ ਸੱਚਾਈ ਇਹ ਹੈ ਕਿ ਇਹ ਲੋਕ ਖ਼ੁਦ ਅੰਧ-ਵਿਸ਼ਵਾਸ ਵਿੱਚ ਜਕੜੇ ਹੋਏ ਹਨ। ਡਾਕਟਰ ਜਦੋਂ ਕੰਮ ਸ਼ੁਰੂ ਕਰਦੇ ਹਨ ਤਾਂ ਸਭ ਤੋਂ ਪਹਿਲਾਂ ਆਪਣੇ ਕਮਰੇ ਵਿੱਚ ਲੱਗੀਆਂ ਦੇਵੀ-ਦੇਵਤਿਆਂ ਦੀਆਂ ਤਸਵੀਰਾਂ ਨੂੰ ਧੂਫ਼-ਬੱਤੀ ਕਰ ਕੇ ਨਮਸਕਾਰ ਕਰਦੇ ਹਨ। ਇਹੋ ਹਾਲ ਬਹੁਤੇ ਵਿਗਿਆਨੀਆਂ ਤੇ ਲੇਖਕਾਂ ਦਾ ਹੈ। ਅੰਧ-ਵਿਸ਼ਵਾਸਾਂ ਨੂੰ ਖ਼ਤਮ ਕਰਨ ਦੀ ਸਭ ਤੋਂ ਮੁੱਢਲੀ ਜ਼ਿੰਮੇਵਾਰੀ ਅਧਿਆਪਕਾਂ ਦੀ ਹੁੰਦੀ ਹੈ। ਸਕੂਲ ਹੀ ਉਹ ਥਾਂ ਹੈ, ਜਿੱਥੇ ਬੱਚੇ ਨੂੰ ਵਿਗਿਆਨ ਦਾ ਚਾਨਣ ਵੰਡਿਆ ਜਾ ਸਕਦਾ ਹੈ। ਅੱਜ ਸਕੂਲਾਂ ਵਿੱਚ ਵੀ ਬੱਚਿਆਂ ਨੂੰ ਅੰਧ-ਵਿਸ਼ਵਾਸ ਪਰੋਸਿਆ ਜਾ ਰਿਹਾ ਹੈ। ਭਾਰਤ ਇੱਕ ਧਰਮ-ਨਿਰਪੱਖ ਦੇਸ਼ ਹੈ, ਪਰ ਸਕੂਲ ਵਿੱਚ ਪੜ੍ਹਾਈ ਦੀ ਸ਼ੁਰੂਆਤ ਸਰਸਵਤੀ ਵੰਦਨਾ ਨਾਲ ਹੁੰਦੀ ਹੈ। ਸਕੂਲਾਂ ਦੇ ਕਮਰਿਆਂ ਵਿੱਚ ਦੇਵੀ-ਦੇਵਤਿਆਂ ਦੀਆਂ ਤਸਵੀਰਾਂ ਲਟਕੀਆਂ ਹੁੰਦੀਆਂ ਹਨ। ਕਈ ਸਕੂਲਾਂ ਵਿੱਚ ਤਾਂ ਪ੍ਰਵੇਸ਼ ਦੁਆਰ ਅੱਗੇ ਸਰਸਵਤੀ ਦੇ ਬੁੱਤ ਵੀ ਲੱਗ ਗਏ ਹਨ, ਜਿੱਥੇ ਬੱਚੇ ਪ੍ਰਨਾਮ ਕਰਕੇ ਜਾਂਦੇ ਹਨ ਤਾਂ ਜੋ ਉਹ ਇਮਤਿਹਾਨਾਂ ਵਿੱਚ ਸਫਲ ਹੋ ਸਕਣ। ਇਹ ਸਾਰੇ ਕਰਮਕਾਂਡ ਅਧਿਆਪਕਾਂ ਦੀ ਅਗਵਾਈ ਵਿੱਚ ਹੁੰਦੇ ਹਨ। ਜਦੋਂ ਗਿਆਨ ਦੇਣ ਵਾਲੇ ਹੀ ਬਹੁਤੇ ਅਗਿਆਨੀ ਹੋਣ ਉਦੋਂ ਬੱਚੇ ਤਰਕਸ਼ੀਲ ਤੇ ਵਿਗਿਆਨੀ ਕਿਵੇਂ ਹੋ ਸਕਦੇ ਹਨ ? ਇੰਝ ਕਰਦੇ ਰਹਿਣ ਨਾਲ ਬੱਚਿਆਂ ਨੂੰ ਆਪਣੇ ਨਾਲੋਂ ਰੱਬ ਉੱਤੇ ਵੱਧ ਭਰੋਸਾ ਹੋ ਜਾਂਦਾ ਹੈ। ਬੱਚੇ ਮਿਹਨਤ ਦੀ ਥਾਂ ਪੂਜਾ-ਪਾਠ ਤੇ ਪਾਖੰਡ ਉੱਤੇ ਨਿਰਭਰ ਹੋ ਕੇ ਅੰਧ-ਵਿਸ਼ਵਾਸਾਂ ਦੇ ਧਾਰਨੀ ਹੋ ਜਾਂਦੇ ਹਨ। ਹਰ ਦਿਨ ਬਾਬਿਆਂ ਤੇ ਅਖੌਤੀ ਧਰਮ ਗੁਰੂਆਂ ਦੇ ਪੈਰੋਕਾਰਾਂ ਦੀ ਵਧ ਰਹੀ ਸੰਖਿਆ ਪਿੱਛੇ ਇਹੋ ਕਾਰਕ ਹਨ। ਇਸ ਤਰ੍ਹਾਂ ਹੌਲੀ-ਹੌਲੀ ਸਮਾਜ ਦਾ ਬਹੁਤਾ ਹਿੱਸਾ ਮਨੋਰੋਗੀ ਹੋ ਜਾਂਦਾ ਹੈ। ਸੱਤਾਧਾਰੀਆਂ ਲਈ ਇਹ ਲੋਕ ਇੱਕ ਵਰਤੋਂ ਦੀ ਵਸਤੂ ਬਣ ਜਾਂਦੇ ਹਨ ਤੇ ਉਹ ਇਸ ਨੂੰ ਆਪਣੇ ਮਕਸਦ ਲਈ ਵਰਤਦੇ ਹਨ।

ਲੋਕਾਂ ਵਿੱਚੋਂ ਅੰਧ-ਵਿਸ਼ਵਾਸਾਂ ਨੂੰ ਖ਼ਤਮ ਕਰਨ ਦੀ ਮੁੱਖ ਜ਼ਿੰਮੇਵਾਰੀ ਵਿਗਿਆਨਕ ਦ੍ਰਿਸ਼ਟੀ ਵਾਲੇ ਲੋਕਾਂ ਨੂੰ ਹੀ ਨਿਭਾਉਣੀ ਪਵੇਗੀ। ਇਹ ਉਨ੍ਹਾਂ ਦੀ ਜ਼ਿੰਮੇਵਾਰੀ ਹੀ ਨਹੀਂ, ਫ਼ਰਜ਼ ਵੀ ਹੈ। ਇਸ ਲਈ ਤਰਕਸ਼ੀਲ ਲਹਿਰ ਨੂੰ ਮਜ਼ਬੂਤ ਕਰਕੇ ਹਰ ਪਿੰਡ ਤੇ ਮੁਹੱਲੇ ਤੱਕ ਪਹੁੰਚਾ ਦਿੱਤਾ ਜਾਣਾ ਚਾਹੀਦਾ ਹੈ। ਇਸ ਕੰਮ ਵਿੱਚ ਸਿਆਸੀ ਤੇ ਵਿਚਾਰਧਾਰਕ ਵਖਰੇਵਿਆਂ ਨੂੰ ਅੜਿੱਕਾ ਨਹੀਂ ਬਣਨ ਦੇਣਾ ਚਾਹੀਦਾ।

ਸੰਪਾਦਕ (ਨਵਾਂ ਜ਼ਮਾਨਾ) 88722-31517

ਖ਼ਬਰ ਹੈ ਕਿ

ਲੋਕਾਂ ਦਾ ਤਾਂਤਰਿਕਾਂ ਕੋਲ ਜਾਣਾ ਦੁਖਾਂਤਕ : ਬੰਬੇ ਹਾਈ ਕੋਰਟ

ਮੁੰਬਈ—ਬੰਬੇ ਹਾਈ ਕੋਰਟ ਨੇ ਜਿਨਸੀ ਪੀੜਤ ਮਾਮਲੇ 'ਚ ਇਕ ਤਾਂਤਰਿਕ ਖ਼ਿਲਾਫ਼ ਫ਼ੈਸਲਾ ਸੁਣਾਉਂਦੇ ਹੋਏ ਕਿਹਾ ਕਿ ਲੋਕ ਆਪਣੀਆਂ ਸਮੱਸਿਆਵਾਂ ਲੈ ਕੇ ਤਾਂਤਰਿਕਾਂ ਅਤੇ ਬਾਬਿਆਂ ਕੋਲ ਜਾਂਦੇ ਹਨ। ਇਹ ਇਸ ਸਮੇਂ ਦੀ ਇੱਕ ਦੁਖਾਂਤਕ ਸੱਚਾਈ ਹੈ। ਇਹ ਤਾਂਤਰਿਕ ਮਸਲਾ ਸੁਲਝਾਉਣ ਦੇ ਨਾਂ 'ਤੇ ਲੋਕਾਂ ਦਾ ਸ਼ੋਸ਼ਣ ਕਰਦੇ ਹਨ। ਹਾਈ ਕੋਰਟ ਨੇ ਕਿਹਾ, ਇਹ ਅਖੌਤੀ ਤਾਂਤਰਿਕ ਅਤੇ ਬਾਬੇ ਲੋਕਾਂ ਦੀ ਕਮਜ਼ੋਰੀ ਅਤੇ ਅੰਧਵਿਸ਼ਵਾਸ ਦਾ ਫਾਇਦਾ ਉਠਾਉਂਦੇ ਹਨ। ਇਹ ਤਾਂਤਰਿਕ ਸਮੱਸਿਆ ਦਾ ਹੱਲ ਦੇਣ ਦੀ ਓਟ 'ਚ ਲੋਕਾਂ ਤੋਂ ਸਿਰਫ਼ ਪੈਸੇ ਹੀ ਨਹੀਂ ਠੱਗਦੇ, ਬਲਕਿ ਕਈ ਵਾਰ ਪੀੜਤਾਂ ਦਾ ਜਿਨਸੀ ਸ਼ੋਸ਼ਣ ਵੀ ਕਰਦੇ ਹਨ। ਕੋਰਟ ਨੇ ਛੇ ਨਾਬਾਲਿਗ ਲੜਕੀਆਂ ਨਾਲ ਜਿਨਸੀ ਸੋਸ਼ਣ ਕਰਨ ਦੇ ਦੋਸ਼ੀ ਦੀ ਸਜ਼ਾ ਬਰਕਰਾਰ ਰੱਖਦੇ ਹੋਏ ਇਹ ਟਿੱਪਣੀ ਕੀਤੀ। ਜਸਟਿਸ ਰੇਵਤੀ ਮੋਹਿਤੇ ਡੇਰੇ ਅਤੇ ਜਸਟਿਸ ਮੰਜੂਸ਼ਾ ਦੇਸ਼ਪਾਂਡੇ ਦਾ ਬੈਂਚ ਮਾਮਲੇ ਦੀ ਸੁਣਵਾਈ ਕਰ ਰਿਹਾ ਸੀ। 45 ਸਾਲ ਦਾ ਵਿਅਕਤੀ ਖ਼ੁਦ ਨੂੰ ਤਾਂਤਰਿਕ ਦੱਸਦਾ ਹੈ। ਉਸ ਨੇ ਇਲਾਜ ਦੇ ਨਾਂ 'ਤੇ ਦਿਮਾਗ਼ੀ ਤੌਰ 'ਤੇ ਕਮਜ਼ੋਰ ਲੜਕੀਆਂ ਨਾਲ ਜਿਨਸੀ ਸ਼ੋਸ਼ਣ ਕੀਤਾ। ਨਾਲ ਹੀ ਉਹਨਾਂ ਦੇ ਮਾਤਾ-ਪਿਤਾ ਤੋਂ ਨਾਬਾਲਿਗਾਂ ਨੂੰ ਠੀਕ ਕਰਨ ਲਈ 1.30 ਕਰੋੜ ਰੁਪਏ ਠੱਗ ਲਏ। ਇਸ ਮਾਮਲੇ ਵਿਚ ਸਾਲ 2010 ਵਿਚ ਐੱਫ ਆਈ ਆਰ ਦਰਜ ਕਰਵਾਈ ਗਈ ਸੀ। ਸੈਸ਼ਨ ਕੋਰਟ ਨੇ 2016 'ਚ ਤਾਂਤਰਿਕ ਨੂੰ ਦੋਸ਼ੀ ਠਹਿਰਾਇਆ ਅਤੇ ਉਸ ਨੂੰ ਉਮਰ ਭਰ ਕੈਦ ਦੀ ਸਜ਼ਾ ਸੁਣਾਈ। ਤਾਂਤਰਿਕ ਨੇ ਸੈਸ਼ਨ ਕੋਰਟ ਦੇ ਫ਼ੈਸਲੇ ਨੂੰ ਬੰਬੇ ਹਾਈ ਕੋਰਟ 'ਚ ਚੁਣੌਤੀ ਦਿੱਤੀ। ਹਾਈ ਕੋਰਟ ਨੇ ਉਸ ਦੀ ਪਟੀਸ਼ਨ ਖਾਰਜ ਕਰਦੇ ਹੋਏ ਸਜ਼ਾ ਨੂੰ ਬਰਕਰਾਰ ਰੱਖਿਆ।

ਭੂਤ ਕੱਢਣ ਦੇ ਨਾਮ 'ਤੇ ਸਾਧ ਨੇ ਬੇਰਹਿਮੀ ਨਾਲ ਕੁੱਟਿਆ ਬੱਚਾ

ਕਪੂਰਥਲਾ—ਕਪੂਰਥਲਾ 'ਚ ਇੱਕ ਡੇਰੇ ਦੇ ਅਖੌਤੀ ਸਾਧ ਵੱਲੋਂ ਨਾਬਾਲਗ ਬੱਚੇ ਦੀ ਬੇਰਹਿਮੀ ਨਾਲ ਕੁੱਟਮਾਰ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਪਰਿਵਾਰਕ ਮੈਂਬਰਾਂ ਨੇ ਬੇਹੋਸ਼ ਹੋਏ ਬੱਚੇ ਨੂੰ ਇਲਾਜ ਲਈ ਸਿਵਲ ਹਸਪਤਾਲ ਦਾਖ਼ਲ ਕਰਵਾਇਆ ਜਿੱਥੇ ਉਸ ਦਾ ਇਲਾਜ ਚੱਲ ਰਿਹਾ ਹੈ। ਕਪੂਰਥਲਾ ਦੇ ਜੱਗੂ ਸ਼ਾਹ ਡੇਰੇ ਦੇ ਰਹਿਣ ਵਾਲੇ 16 ਸਾਲਾਂ ਪੀੜਤ ਰਜਤ ਦੇ ਪਿਤਾ ਦਲੀਪ ਕੁਮਾਰ ਨੇ ਦੱਸਿਆ ਕਿ ਉਸ ਦਾ ਲੜਕਾ ਰਜਤ ਦਿਮਾਗ਼ੀ ਤੌਰ 'ਤੇ ਬਿਮਾਰ ਹੈ।

ਬੀਤੇ ਦਿਨੀਂ ਉਸ ਦੀ ਮਾਂ ਉਸ ਨੂੰ ਤਲਵੰਡੀ ਮਹਿਮਾ ਸਥਿਤ ਇਕ ਡੇਰੇ ਵਿੱਚ ਲੈ ਗਈ ਜਿੱਥੇ ਡੇਰੇ ਦੇ ਸਾਧ ਨੇ ਦੱਸਿਆ ਕਿ ਉਸ ਦੇ ਬੱਚੇ ਵਿੱਚ ਭੂਤ ਦਾ ਵਾਸ ਹੈ। 'ਬਾਬੇ' ਨੇ ਉਸ ਦੇ ਬੱਚੇ ਨੂੰ ਭੂਤ ਕੱਢਣ ਲਈ ਬੇਰਹਿਮੀ ਨਾਲ ਕੁੱਟਿਆ ਸੀ ਜਿਸ ਕਾਰਨ ਉਹ ਬੇਹੋਸ਼ ਹੋ ਗਿਆ। ਡਿਊਟੀ 'ਤੇ ਤਾਇਨਾਤ ਡਾ. ਸੰਦੀਪ ਸਿੰਘ ਥਿੰਦ ਨੇ ਦੱਸਿਆ ਕਿ ਬੱਚੇ ਦਾ ਇਲਾਜ ਕੀਤਾ ਜਾ ਰਿਹਾ ਹੈ। ਦੂਜੇ ਪਾਸੇ ਥਾਣਾ ਸਦਰ ਦੇ ਐੱਸ.ਐੱਚ.ਓ. ਮੁਕੇਸ਼ ਕੁਮਾਰ ਨੇ ਦੱਸਿਆ ਕਿ ਉਕਤ ਮਾਮਲੇ ਦੀ ਜ਼ਿੰਮੇਵਾਰੀ ਤਫ਼ਤੀਸ਼ੀ ਅਫ਼ਸਰ ਏ.ਐੱਸ.ਆਈ. ਭੁਪਿੰਦਰ ਸਿੰਘ ਨੂੰ ਸੌਂਪ ਦਿੱਤੀ ਗਈ ਹੈ। ਉਨ੍ਹਾਂ ਇਹ ਵੀ ਕਿਹਾ ਕਿ ਬੱਚੇ ਦੇ ਬਿਆਨਾਂ ਦੇ ਆਧਾਰ 'ਤੇ ਬਣਦੀ ਕਾਰਵਾਈ ਕੀਤੀ ਜਾਵੇਗੀ।

ਆਪਣੇ ਵਿਆਹ ਦਾ ਕਾਰਡ ਲੈ ਕੇ ਗੰਗਾ 'ਮਾਤਾ' ਨੂੰ ਸੱਦਾ ਦੇਣ ਆਈ ਨੌਜਵਾਨ ਲੜਕੀ ਇਸ ਵਿੱਚ ਡੁੱਬੀ

ਸਿਟੀ ਰਿਪੋਰਟਰ (ਦਾਨਾਪੁਰ)—ਇਹ ਘਟਨਾ ਨਾਸਰੀਗੰਜ ਸਥਿਤ ਫੱਕਰ ਮਹਿਤੋ ਘਾਟ ਦੀ ਹੈ। ਦਾਨਾਪੁਰ ਦੇ ਆਦਰਸ਼ ਨਗਰ ਦੀ ਰਹਿਣ ਵਾਲੀ ਇਹ 19 ਸਾਲਾਂ ਨੌਜਵਾਨ ਲੜਕੀ ਮੁਸਕਾਨ ਉਰਫ਼ ਪ੍ਰੀਤਮਾ ਕੁਮਾਰੀ ਆਪਣੇ ਵਿਆਹ ਦਾ ਕਾਰਡ ਲੈ ਕੇ ਗੰਗਾ ਨਦੀ ਦੇ ਕੰਢੇ ਗੰਗਾ 'ਮਾਤਾ' ਨੂੰ ਵਿਆਹ ਦਾ ਸੱਦਾ ਦੇਣ ਗਈ ਸੀ। ਉਸ ਦੀ ਦਾਦੀ ਅਤੇ ਭੈਣ ਵੀ ਨਾਲ ਸਨ। ਸੱਦਾ ਦੇਣ ਤੋਂ ਪਹਿਲਾਂ ਉਹ ਗੰਗਾ ਵਿੱਚ 'ਸ਼ੁੱਧ' ਹੋਣ ਲਈ ਨਹਾਉਣ ਲੱਗੀ ਅਤੇ ਅਚਾਨਕ ਉਹ ਡੂੰਘੇ ਪਾਣੀ ਵਿੱਚ ਚਲੀ ਗਈ ਅਤੇ ਵੇਖਦਿਆਂ ਵੇਖਦਿਆਂ ਉਹ ਦਾਦੀ ਅਤੇ ਭੈਣ ਸਾਹਮਣੇ ਹੀ ਡੁੱਬ ਗਈ। ਮੁਸ਼ਕਿਲ ਨਾਲ ਉਸ ਦੀ ਲਾਸ਼ ਨੂੰ ਕਾਫ਼ੀ ਦੂਰੋਂ ਬਰਾਮਦ ਕੀਤਾ ਗਿਆ। ਅੰਧ-ਵਿਸ਼ਵਾਸ ਦਾ ਸ਼ਿਕਾਰ ਹੋ ਕੇ ਇਸ ਪੜ੍ਹੀ-ਲਿਖੀ ਲੜਕੀ ਨੇ ਪਲਾਂ ਵਿੱਚ ਹੀ ਆਪਣੀ ਜਾਨ ਗੰਵਾ ਲਈ। ਇਹ ਦਰਦਨਾਕ ਮੌਤ ਹਰ ਇਕ ਦੇ ਮਨ ਨੂੰ ਹਲੂਣਦੀ ਹੈ। **ਦੈਨਿਕ ਭਾਸਕਰ** (30-03-2024)

ਮਈ ਦਿਵਸ ’ਤੇ



- ਹੇਮ ਰਾਜ ਸਟੈਨੋ

ਸੰਸਾਰ ਪੱਧਰ ’ਤੇ ਪਹਿਲੀ ਮਈ ਨੂੰ ਮਜ਼ਦੂਰ ਦਿਵਸ ਦੇ ਤੌਰ ’ਤੇ ਮਨਾਇਆ ਜਾਂਦਾ ਹੈ ਅਤੇ ਇਸ ਵਾਰ ਵੀ ਮਨਾਇਆ ਜਾਵੇਗਾ। ਮਜ਼ਦੂਰ ਦਿਵਸ ਦੀ ਸੱਚੀ ਭਾਵਨਾ ਕੀ ਹੈ, ਇਸਨੂੰ ਵਿਚਾਰਨ ਤੋਂ ਪਹਿਲਾਂ ਇਸ ਦਿਵਸ ਦੇ ਘਟਨਾ-ਕ੍ਰਮ ਬਾਰੇ ਸੰਖੇਪ ’ਚ ਕੁੱਝ ਗੱਲ ਕਰਦੇ ਹਾਂ।

8 ਘੰਟੇ ਕੰਮ-ਦਿਨ ਦੀ ਮੰਗ ਨੂੰ ਲੈ ਕੇ 1 ਮਈ 1888 ਨੂੰ ਹਜ਼ਾਰਾਂ ਨਹੀਂ ਬਲਕਿ ਲੱਖਾਂ ਹੀ ਮਜ਼ਦੂਰ ਆਪਣੀਆਂ ਪਤਨੀਆਂ ਅਤੇ ਬੱਚਿਆਂ ਸਮੇਤ ਆਪਣੇ ਕੋਲ ਸੁੰਦਰ ਸਮਝੇ ਜਾਂਦੇ ਹਾਸਲ ਕੱਪੜੇ ਪਹਿਨਕੇ ਸ਼ਿਕਾਗੋ ਸ਼ਹਿਰ ਦੇ ਮਿਚੀਗਨ ਐਵੀਨਿਊ ਚੌਂਕ ਵੱਲ ਜਾ ਰਹੇ ਹਨ। ਉਨ੍ਹਾਂ ਦੇ ਮਨਾਂ ’ਚ ਦਹਿਲ ਬਿਠਾਉਣ ਲਈ ਹੂਟਰ ਵਜਾਏ ਜਾਂਦੇ ਹਨ। ਪਰ ਮਜ਼ਦੂਰਾਂ ਦੇ ਗੀਤਾਂ ਅਤੇ ਨਾਹਰਿਆਂ ਦੀਆਂ ਰੋਹਲੀਆਂ ਹੇਕਾਂ ਇਨ੍ਹਾਂ ਹੂਟਰਾਂ ਦੀ ਆਵਾਜ਼ ਨੂੰ ਰੋਲ ਕੇ ਰੱਖ ਦਿੰਦੀਆਂ ਹਨ। ਭੁੱਖਾਂ-ਦੁੱਖਾਂ ਅਤੇ ਦਿਨ-ਰਾਤ ਦੇ ਕੰਮ ਦੀ ਥਕਾਵਟ ਦੇ ਸਤਾਏ ਮਜ਼ਦੂਰਾਂ ਦੇ ਚਿਹਰੇ ਭਾਵੇਂ ਪੀਲੇ-ਜ਼ਰਦ ਹਨ, ਪਰ ਜਲੌਅ ਸਿਰੇ ਦੇ ਜੋਬਨ ’ਤੇ ਹੈ। ਮਜ਼ਦੂਰ ਰੋਹ ਤੇ ਰੋਸ ਪ੍ਰਗਟ ਕਰਦੇ ਹਨ। ਇਸੇ ਤਰ੍ਹਾਂ 2 ਮਈ ਨੂੰ ਵੀ ਹੁੰਦਾ ਹੈ। ਪਰ ਇਹ ਦੋਨੋਂ ਦਿਨ ਸ਼ਾਂਤ ਨਿਕਲ ਜਾਂਦੇ ਹਨ। ਇਸ ਸ਼ਾਂਤੀ ਪਿਛਲਾ ਤੂਫਾਨ ਛੁਪਿਆ ਰਹਿੰਦਾ ਹੈ।

ਫਿਰ 3 ਮਈ ਦਾ ਦਿਨ ਆਉਂਦਾ ਹੈ। ਮਜ਼ਦੂਰਾਂ ਦਾ ਸੈਲਾਬ ਫਿਰ ਵਹਿੰਦਾ ਹੈ। “ਸਾਰੇ ਮਨੁੱਖ ਬਰਾਬਰ ਹਨ” ਦਾ ਨਾਹਰਾ ਲਗਾਉਣ ਵਾਲੀ ਅਮਰੀਕਨ ਸਰਮਾਏਦਾਰੀ ਮਨੁੱਖਾਂ ਨੂੰ ਬਰਾਬਰ ਸਮਝਣ ਦਾ ਆਪਣਾ ਨਕਾਬ ਲਾਹ ਸੁੱਟਦੀ ਹੈ, ਆਪਣਾ ਅਸਲੀ ਤੇ ਖ਼ੂੰਖਾਰ ਚਿਹਰਾ ਦਿਖਾਉਂਦੀ ਹੈ। ਚਾਰ ਮਜ਼ਦੂਰਾਂ ਨੂੰ ਸ਼ਹੀਦ ਅਤੇ ਅਨੇਕਾਂ ਨੂੰ ਜ਼ਖਮੀ ਕਰ ਦਿੰਦੀ ਹੈ।

ਪਰ ਮਜ਼ਦੂਰ ਝੁਕਦੇ ਨਹੀਂ, ਰੁਕਦੇ ਨਹੀਂ। ਝੁਕਣਾ ਉਨ੍ਹਾਂ ਨੂੰ ਗੈਰਤ-ਵਿਰੁੱਧ ਲਗਦਾ ਹੈ ਅਤੇ ਰੁਕਣਾ ਮੌਤ। ਉਹ ਸਰਮਾਏਦਾਰੀ ਰਾਜ-ਸੱਤਾ ਵੱਲੋਂ ਢਾਹੇ ਜ਼ਬਰ-ਜ਼ੁਲਮ ਵਿਰੁੱਧ 4 ਮਈ ਨੂੰ ਫਿਰ ਹੇਅ ਮਾਰਕਿਟ ਚੌਂਕ ’ਚ ਰੈਲੀ ਕਰਦੇ ਹਨ। ਲੁੱਟ, ਦਾਬੇ ਅਤੇ ਜ਼ਬਰ ਦਾ ਅਟੁੱਟ ਰਿਸ਼ਤਾ ਹੁੰਦਾ ਹੈ, ਸੋ ਸਰਮਾਏਦਾਰੀ ਆਪਣੀ ਲੁੱਟ ਨੂੰ ਚਾਲੂ ਰੱਖਣ ਲਈ ਜਬਰ ਕਰਨ ਦਾ ਨਵਾਂ ਹਥਕੰਡਾ ਵਰਤਦੀ ਹੈ। ਉਹ ਆਪਣੇ ਕਿਸੇ ਟੁੱਕੜਬੋਚ ਤੋਂ ਇਕੱਠ ’ਚ ਬੰਬ ਸੁਟਵਾ ਦਿੰਦੀ ਹੈ ਅਤੇ ਇਸੇ ਦਾ ਬਹਾਨਾ ਬਣਾਕੇ ਮਜ਼ਦੂਰਾਂ ’ਤੇ ਪੁਲਿਸ ਅੰਧਾ-ਧੁੰਦ ਗੋਲੀ ਚਲਾ ਦਿੰਦੀ ਹੈ। ਦੋ ਮਜ਼ਦੂਰ ਨੰਗੇ-ਚਿੱਟੇ ਤੌਰ ’ਤੇ ਸ਼ਹੀਦ ਕਰ ਦਿੱਤੇ ਜਾਂਦੇ ਹਨ। ਇੱਕ ਮਜ਼ਦੂਰ, ਮਜ਼ਦੂਰਾਂ ਦੀ ਨਿਗਾਹ ਤੋਂ ਪਾਸੇ ਸ਼ਹੀਦ ਕਰ ਦਿੱਤਾ ਜਾਂਦਾ ਹੈ। ਅਨੇਕਾਂ ਮਜ਼ਦੂਰ ਜ਼ਖਮੀ ਕੀਤੇ ਜਾਂਦੇ ਹਨ। ਮਜ਼ਦੂਰ ਜਾਣਦੇ ਸਨ ਕਿ ਇਹ ਕੋਝੀ, ਕਮੀਨੀ ਅਤੇ ਕਾਲੀ ਕਰਤੂਤ ਸਰਮਾਏਦਾਰ ਰਾਜ-ਸੱਤਾ ਦੀ ਆਪਣੀ ਹੀ ਹੈ, ਇਸ ’ਤੇ ਮਜ਼ਦੂਰਾਂ ਦਾ ਗੁੱਸਾ ਰੋਹ ਦੀ ਜਵਾਲਾ ਦਾ ਰੂਪ ਧਾਰ ਲੈਂਦਾ ਹੈ, ਉਹ ਜ਼ਬਰ ਅੱਗੇ ਝੁਕਣ ਦੇ ਉਲਟ ਸਰਮਾਏਦਾਰੀ ਪ੍ਰਬੰਧ ਦੀ ਰਖਵੈਲ ਪੁਲਿਸ ਦੇ 7 ਆਦਮੀਆਂ ਨੂੰ ਢੇਰ ਕਰ ਦਿੰਦੇ ਹਨ ਅਤੇ 69 ਹੋਰ ਪੁਲਿਸੀਆਂ ਦੇ ਸਰੀਰ ਨੂੰ ਵੀ ਸੇਕ ਪਹੁੰਚਦਾ ਹੈ। ਇਸ ਤਰ੍ਹਾਂ ਮਜ਼ਦੂਰ ਜਮਾਤ ਜਵਾਬੀ ਕਾਰਵਾਈ ਵਜੋਂ ਸਰਮਾਏਦਾਰੀ ਜਮਾਤ ਨੂੰ ਮਜ਼ਦੂਰ ਜਮਾਤ ਦਾ ਨਜ਼ਰਾਨਾ ਪੇਸ਼ ਕਰ ਦਿੰਦੀ ਹੈ ਅਤੇ ਦਰਸਾ ਦਿੰਦੀ ਹੈ ਕਿ ਮਜ਼ਦੂਰ ਅਤੇ ਸਰਮਾਏਦਾਰੀ ਜਮਾਤ ’ਚ ਚੱਲ ਰਹੀ ਜਮਾਤੀ ਜੱਦੋਜਹਿਦ ਕੀ ਸ਼ਕਲ ਅਖਤਿਆਰ ਕਰੇਗੀ, ਇਹ ਰਾਜ ਸੱਤਾ ’ਤੇ ਕਾਬਜ਼ ਸਰਮਾਏਦਾਰੀ ਜਮਾਤ ’ਤੇ ਨਿਰਭਰ ਕਰਦਾ ਹੁੰਦਾ ਹੈ।

ਸਰਮਾਏਦਾਰੀ ਜਮਾਤ ਲੁੱਟ ’ਤੇ ਆਧਾਰਤ ਰਾਜ-ਪ੍ਰਬੰਧ ਸਦਾ-ਸਦਾ ਲਈ ਚਾਲੂ ਰੱਖਣ ਦਾ ਭਰਮ ਪਾਲਦੀ ਹੈ ਅਤੇ ਮਜ਼ਦੂਰ ਜਮਾਤ ਦੀ ਜੱਦੋਜਹਿਦ ਨੂੰ ਸਦਾ ਲਈ ਖਤਮ ਕਰ ਦੇਣ ਲਈ ਗ੍ਰਿਫਤਾਰੀਆਂ ਅਤੇ ਤਸੀਹਿਆਂ ਦਾ ਅੰਨ੍ਹਾ ਦੌਰ ਸ਼ੁਰੂ ਕਰਦੀ ਹੈ। ਕਈਆਂ ’ਤੇ ਸੰਗੀਨ ‘ਜੁਰਮਾਂ’ ਅਧੀਨ ਮੁਕੱਦਮੇ ਚਲਾਏ ਜਾਂਦੇ ਹਨ, ਕਈਆਂ ਨੂੰ ਕੈਦ ਹੁੰਦੀ ਹੈ ਅਤੇ ਸੱਤ ਮਜ਼ਦੂਰ ਆਗੂਆਂ ਨੂੰ ਮੌਤ ਦੀ ਸਜ਼ਾ ਸੁਣਾ ਦਿੱਤੀ ਜਾਂਦੀ ਹੈ। ਪਰ ਮਜ਼ਦੂਰ ਫਿਰ ਵੀ ਨਹੀਂ ਝੁਕਦੇ, ਉਹ ਦਮਨ ਦਾ ਵਿਰੋਧ ਕਰਦੇ ਹਨ। ਇਸ ਵਿਰੋਧ ਦੇ ਚੱਲਦਿਆਂ ਤਿੰਨ ਮਜ਼ਦੂਰ ਆਗੂਆਂ ਦੀ ਮੌਤ ਦੀ ਸਜ਼ਾ ਉਮਰ-ਕੈਦ ਵਿੱਚ ਤਬਦੀਲ ਕਰ ਦਿੱਤੀ ਜਾਂਦੀ ਹੈ ਪਰ ਬਾਕੀ ਚਾਰ ਆਗੂਆਂ ਦੀ ਫਾਂਸੀ ਦੀ ਸ਼ਜਾ ਕਾਇਮ ਰੱਖੀ ਜਾਂਦੀ ਹੈ। ਇਹ ਚਾਰਾਂ ਦੇ ਨਾਮ ਸਨ- ਪਾਰਸਨਜ਼, ਸਪਾਈਸ, ਫਿਸ਼ਰ ਅਤੇ ਏਂਗਲਜ਼। ਫਾਂਸੀ ਲੱਗਣ ਵਾਲੇ ਇਨ੍ਹਾਂ ਚਾਰ ਆਗੂਆਂ ਵਿੱਚੋਂ ਪਾਰਸਨਜ਼ ਉਹ ਆਗੂ ਸਨ ਜਿਨ੍ਹਾਂ ਨੇ 3 ਮਈ ਨੂੰ ਕਿਹਾ “ਸਿਰਫ 8 ਘੰਟੇ ਦੇ ਕੰਮ-ਦਿਨ ਦੀ ਲਹਿਰ ਵਿੱਚ ਅਜਿਹਾ ਕੁੱਝ ਨਹੀਂ ਹੈ ਜਿਸ ’ਤੇ ਸਰਮਾਏਦਾਰ ਇੰਨਾ ਬੌਖਲਾ ਰਹੇ ਹਨ। ਕੀ ਤੁਸੀਂ ਜਾਣਦੇ ਹੋ ਕਿ ਫੌਜ ਹਥਿਆਰ ਲਈ ਖੜ੍ਹੀ ਹੈ ਅਤੇ ਬੰਦੂਕਾਂ ਤੁਹਾਨੂੰ ਕੁਚਲਣ ਲਈ ਤਿਆਰ ਹਨ?....ਜਦੋਂ ਤੁਸੀਂ ਕੋਈ ਮੰਗ ਉਠਾਉਂਦੇ ਹੋ ਤਾਂ ਜ਼ਿਲਾ ਅਧਿਕਾਰੀ ਦੁਆਰਾ ਹਥਿਆਰਬੰਦ ਦਸਤੇ ਬੁਲਾ ਲਏ ਜਾਂਦੇ ਹਨ, ਤੁਹਾਡੇ ’ਤੇ ਗੋਲੀਆਂ ਅਤੇ ਡਾਂਗਾਂ ਵਰ੍ਹਾਈਆਂ

ਜਾਂਦੀਆਂ ਹਨ ਅਤੇ ਸੜਕਾਂ ’ਤੇ ਕਤਲ ਕਰ ਦਿੱਤੇ ਜਾਂਦੇ ਹੋ।...ਮੇਰਾ ਮਕਸਦ ਕਿਸੇ ਨੂੰ ਭੜਕਾਉਣਾ ਨਹੀਂ ਹੈ ਬਲਕਿ ਹਕੀਕਤ ਦੱਸਣਾ ਹੈ...ਚਾਹੇ ਸਵੇਰ ਹੋਣ ਤੋਂ ਪਹਿਲਾਂ ਮੈਨੂੰ ਇਸ ਲਈ ਜਾਨ ਦੀ ਬਲੀ ਭੀ ਦੇਣੀ ਪਵੇ...ਜੇਕਰ ਤੁਸੀਂ ਆਪਣੇ ਬੀਵੀਆਂ-ਬੱਚਿਆਂ ਨੂੰ ਪਿਆਰ ਕਰਦੇ ਹੋ, ਜੇਕਰ ਉਨ੍ਹਾਂ ਨੂੰ ਭੁੱਖ ਨਾਲ ਦਮ ਤੋੜਦੇ ਹੋਏ ਜਾਂ ਸੜਕਾਂ ’ਤੇ ਕੁੱਤਿਆਂ ਦੀ ਤਰ੍ਹਾਂ ਮਰਦੇ ਹੋਏ ਨਹੀਂ ਦੇਖਣਾ ਚਾਹੁੰਦੇ, ਜੇਕਰ ਤੁਸੀਂ ਮੁਕਤੀ ਚਾਹੁੰਦੇ ਹੋ ਤਾਂ ਤੁਹਾਡਾ ਫਰਜ਼ ਹੈ ਕਿ ਖ਼ੁਦ ਹਥਿਆਰਬੰਦ ਹੋਵੋ।”

ਮਜ਼ਦੂਰ ਦਿਵਸ ਦਾ ਉਚੇਰਾ ਪੱਧਰ :

ਮਜ਼ਦੂਰਾਂ ਨੇ ਸੰਕਲਪ ਲਿਆ ਕਿ ਮਈ ਦਿਵਸ ਵਾਲੇ ਦਿਨ ਕਾਰਖਾਨੇ ਨਹੀਂ ਚੱਲਣਗੇ, ਖਾਣਾਂ ’ਚ ਬੇਲਚੇ ਨਹੀਂ ਚੱਲਣਗੇ, ਖੇਤਾਂ ’ਚ ਹਲ ਨਹੀਂ ਚੱਲਣਗੇ ਭਾਵ ਸਮੁੱਚੇ ਮਿਹਨਤਕਸ਼ ਦਿਖਾ ਦੇਣਗੇ ਕਿ ਕਿਰਤ ਤੋਂ ਬਿਨਾਂ ਕੋਈ ਪੈਦਾਵਾਰ ਸੰਭਵ ਨਹੀਂ। ਉਨ੍ਹਾਂ ਸਮਝ ਲਿਆ ਕਿ *ਅਸਲ ਵਿੱਚ ਕਿਰਤ ਹੀ ਸਮਾਜ ਦੀ ਜ਼ਿੰਦਗੀ ਦੀ ਸ਼ਾਹ-ਰਗ ਹੈ ਅਤੇ ਕਿਰਤ ਸਿਰਫ ਤੇ ਸਿਰਫ ਕਿਰਤੀ ਲੋਕ ਹੀ ਕਰਦੇ ਹਨ। ਇਸ ਲਈ ਕਿਰਤ ਦੇ ਫਲ ’ਤੇ ਸਿਰਫ ਕਿਰਤੀਆਂ ਦਾ ਹੀ ਅਧਿਕਾਰ ਹੈ।*

ਪਾਰਸਨਜ਼ ਦੇ ਕਹੇ ਬੋਲ ਕਿ “ਸਿਰਫ਼ 8 ਘੰਟੇ ਦੇ ਕੰਮ-ਦਿਨ ਦੀ ਲਹਿਰ ਵਿੱਚ ਅਜਿਹਾ ਕੁੱਝ ਨਹੀਂ ਜਿਸ ’ਤੇ ਸਰਮਾਏਦਾਰ ਇੰਨਾ ਬੌਖਲਾ ਰਹੇ ਹਨ। ...ਜੇਕਰ ਤੁਸੀਂ **ਮੁਕਤੀ** ਚਾਹੁੰਦੇ ਹੋ ਤਾਂ ਤੁਹਾਡਾ ਫਰਜ਼ ਹੈ ਕਿ ਖ਼ੁਦ ਹਥਿਆਰਬੰਦ ਹੋਵੋ” ਨੂੰ ਅਪਣਾ ਕੇ ਮਜ਼ਦੂਰ ਜਮਾਤ ਮਈ-ਦਿਵਸ ਨੂੰ ਮੁਕਤੀ ਦੀ ਭਾਵਨਾ ਵਾਲੇ ਦਿਵਸ ਦੇ ਰੂਪ ’ਚ ਮਨਾਉਣ ਦਾ ਇਰਾਦਾ ਬਣਾ ਲੈਂਦੀ ਹੈ।

ਮਜ਼ਦੂਰਾਂ ’ਚ ਫੈਲਦੀ ਇਸ ਚੇਤਨਾ ਤੋਂ ਸਰਮਾਏਦਾਰੀ ਦਾ ਦਿਮਾਗ ਚਕਰਾਉਣ ਲੱਗਿਆ। ਇਸ ਲਈ ਸੰਸਾਰ-ਪੱਧਰ ’ਤੇ ਸਰਮਾਏਦਾਰੀ ਨੇ ਵੀ ਉਸੇ ਦਿਨ ਮੀਟਿੰਗ ਬੁਲਾਈ ਜਿਸ ਦਿਨ ਮਈ ਦਿਵਸ ਮਨਾਇਆ ਜਾਣਾ ਸੀ। ਮਜ਼ਦੂਰ-ਜਮਾਤ ’ਚ ਮੁਕਤੀ ਬਾਰੇ ਆਈ ਚੇਤਨਾ ਨੂੰ ਖੁੰਢਾ ਕਰਨ ਲਈ ਸਰਮਾਏਦਾਰੀ ਨੇ ਅੱਠ ਘੰਟੇ ਕੰਮ-ਦਿਨ ਦਾ ਐਲਾਨ ਕਰ ਦਿੱਤਾ। ਇਸ ਤਰ੍ਹਾਂ ਨਾਲ ਅੱਠ ਘੰਟੇ ਕੰਮ-ਦਿਨ ਚਾਲੂ ਹੋਇਆ। ਇਉਂ ਸਰਮਾਏਦਾਰੀ ਜਮਾਤ ਦਾ ਮਜ਼ਦੂਰ ਲਹਿਰ ਨੂੰ ਸਿਰਫ਼ ਕੰਮ-ਘੰਟਿਆਂ ਤੱਕ ਸੀਮਤ ਕਰਦਿਆਂ ਉਨ੍ਹਾਂ ਅੰਦਰਲੀ ਮੁਕਤੀ ਦੀ ਚੇਤਨਾ ਨੂੰ ਖੁੰਢਾ ਕਰਨ ਲਈ ਇੱਕ ਗੁੱਝਾ ਹਥਕੰਡਾ ਸੀ।

ਪਰ ਸਰਮਾਏਦਾਰੀ ਜਮਾਤ ਨੇ ਜਦੋਂ ਇਹ ਭਾਂਪਿਆ ਕਿ ਇਹ ਹਥਕੰਡੇ ਵਰਤਣ ’ਤੇ ਵੀ ਮਜ਼ਦੂਰ ਜਮਾਤ ਅਜੇ ਉਨ੍ਹਾਂ ਨੂੰ ਵੰਗਾਰ ਰਹੀ ਹੈ ਤਾਂ ਉਸਨੇ ਮਜ਼ਦੂਰਾਂ ਦੇ ਮਨਾਂ ’ਚ ਦਮਨ ਰਾਹੀਂ ਦਹਿਲ ਬਿਠਾਉਣ ਦਾ ਮਨ ਬਣਾਇਆ। ਉਸਨੇ ਮਈ-ਦਿਵਸ ਨੂੰ ਨਾ ਮਨਵਾਉਣ ਦੇਣ ਲਈ ਗੁਪਤ ਰੂਪ ’ਚ ਤਿਆਰੀਆਂ ਸ਼ੁਰੂ ਕਰ ਦਿੱਤੀਆਂ।

ਇਸ ਤਰ੍ਹਾਂ ਨਾਲ ਮਜ਼ਦੂਰ ਜਮਾਤ ਅਤੇ ਸਰਮਾਏਦਾਰੀ ਜਮਾਤ ਆਹਮੋ-ਸਾਹਮਣੇ ਮੈਦਾਨ ’ਚ ਡਟ ਗਈਆਂ। ਦੇਖੋ, ਜੰਗ ਇੱਕੋ ਹੈ-ਇੱਕ ਪਾਸਾ ਹੱਕੀ ਅਤੇ ਇਨਸਾਫ ਦੀ ਜੰਗ ਲਈ ਡਟਿਆ ਹੋਇਆ ਹੈ ਜਦੋਂ ਕਿ ਦੂਸਰਾ ਪਾਸਾ ਨਹੱਕੀ ਅਤੇ ਅਨਿਆਂ-ਪੂਰਵਕ ਜੰਗ ਲੜਨ ਲਈ ਖੜ੍ਹਾ ਹੈ। ਸੋ ਹਰ ਜੰਗ ਨਾ ਹੱਕੀ ਹੁੰਦੀ ਹੈ ਅਤੇ ਨਾ ਹੀ ਨਹੱਕੀ। ਜਿਹੜੇ ਇਹ ਪ੍ਰਚਾਰਦੇ ਹਨ ਕਿ ਜੰਗ ਤਾਂ ਜੰਗ ਹੈ, ਇਹ ਨਹੱਕੀ ਜੰਗ ਦੇ ਚਰਿੱਤਰ ਨੂੰ ਛੁਪਾਉਂਦਿਆਂ ਹੱਕੀ ਜੰਗ ਲੜਨ ਵਾਲਿਆਂ ਦੀ ਸੋਚ ਨੂੰ ਖੁੰਢਾ ਕਰਨਾ ਹੁੰਦਾ ਹੈ।

ਉਪਰੋਕਤ ਹਾਲਤ ’ਚ ਜਰਮਨ ’ਚ ਮਈ ਦਿਵਸ ’ਚ ਹਿੱਸਾ ਲੈਣ ਵਾਲੇ ਕਾਮਿਆਂ ਨੂੰ ਨੌਕਰੀਓਂ ਕੱਢਣ ਦੀਆਂ ਧਮਕੀਆਂ ਦਿੱਤੀਆਂ ਗਈਆਂ, ਫਰਾਂਸ ਦੇ ਸਰਮਾਏਦਾਰਾਂ ਨੇ ਹਥਿਆਰਬੰਦ ਟੁਕੜੀਆਂ ਤਾਇਨਾਤ ਕਰ ਦਿੱਤੀਆਂ, ਇਸੇ ਤਰ੍ਹਾਂ ਦਾ ਕੁੱਝ ਹੋਰ ਦੇਸ਼ਾਂ ਵਿੱਚ ਵੀ ਕੀਤਾ ਗਿਆ। ਪ੍ਰੰਤੂ ਇਸ ਸਭ ਕੁੱਝ ਦੇ ਬਾਵਜੂਦ ਫਰਾਂਸ, ਜਰਮਨ, ਅਮਰੀਕਾ, ਅਰਜਨਟਾਇਨਾ ਤੇ ਹੋਰ ਕਈ ਦੇਸ਼ਾਂ ’ਚ ਮਈ ਦਿਵਸ ’ਤੇ ਪ੍ਰਦਰਸ਼ਨ ਕੀਤੇ ਗਏ।

1891 ’ਚ ਮਈ ਦਿਵਸ ’ਤੇ ਆਸਟਰੀਆ, ਹੰਗਰੀ ਅਤੇ ਬੈਲਜ਼ੀਅਮ ’ਚ 1,25,000 ਮਜ਼ਦੂਰ ਇਕੱਠੇ ਹੋਏ। ਡਬਲਿਨ, ਆਇਰਲੈਂਡ, ਬ੍ਰਿਟੇਨ ਅਤੇ ਜਰਮਨੀ ਵਿੱਚ ਵੀ ਮਈ ਦਿਵਸ ਮਨਾਇਆ ਗਿਆ। ਫਰਾਂਸ ’ਚ ਸ਼ਾਂਤੀਪੂਰਵਕ ਪ੍ਰਦਰਸ਼ਨ ਕਰ ਰਹੇ ਮਜ਼ਦੂਰਾਂ ’ਤੇ ਹਥਿਆਰਬੰਦ ਟੁਕੜੀਆਂ ਨੇ ਗੋਲੀ ਚਲਾਕੇ 10 ਲੋਕਾਂ ਨੂੰ ਮਾਰ ਕੇ ਸ਼ਿਕਾਗੋ ਦੇ ਜ਼ਬਰ ਨੂੰ ਫੇਰ ਤਾਜ਼ਾ ਕਰ ਦਿੱਤਾ। ਇਸ ਕਤਲੇਆਮ ਨੂੰ ਜ਼ਾਇਜ ਠਹਿਰਾਉਣ ਲਈ ਪਾਲ ਲਾਫਗਿਊ ਨਾਮੀ ਆਗੂ ’ਤੇ ਹਥਿਆਰਬੰਦ ਐਕਸ਼ਨ ਉਕਸਾਉਣ ਦਾ ਝੂਠਾ ਦੋਸ਼ ਮੜ੍ਹਕੇ ਮੁਕੱਦਮਾ ਚਲਾਇਆ ਗਿਆ। ਪਰ ਇਸ ਸਾਰੇ ਜ਼ਬਰ ਦੇ ਬਾਵਜੂਦ ਵੀ ਗੋਲੀ ਦਾ ਸ਼ਿਕਾਰ ਹੋਏ ਮਜ਼ਦੂਰਾਂ ਦੇ ਅੰਤਿਮ ਸੰਸਕਾਰ ’ਤੇ 30,000 ਲੋਕਾਂ ਦਾ ਰੋਹਲਾ ਇਕੱਠ ਹੋਇਆ।

ਇਸ ਤਰ੍ਹਾਂ ਨਾਲ ਮਜ਼ਦੂਰ ਜਮਾਤ ਦੀ ਅੱਠ-ਘੰਟਿਆਂ ਦੇ ਕੰਮ ਦਿਨ ਦੀ ਮੰਗ ਨੂੰ ਲੈ ਕੇ ਸ਼ੁਰੂ ਹੋਈ ਜੱਦੋਜਹਿਦ ’ਚ ਮਜ਼ਦੂਰਾਂ ਦੀ ਮੁਕਤੀ ਲਈ ਜੱਦੋਜਹਿਦ ਵਾਲਾ ਅੰਸ਼ ਸ਼ਾਮਲ ਹੋ ਗਿਆ ਅਤੇ ਮਜ਼ਦੂਰ ਲਹਿਰ ਉਚੇਰੇ ਪੜ੍ਹਾਅ ਵਿੱਚ ਦਾਖਲ ਹੋਈ। ਮਈ ਦਿਵਸ ’ਚ ਮੁਕਤੀ ਵਾਲਾ ਅੰਸ਼ ਸ਼ਾਮਲ ਹੋਣ ’ਤੇ ਮਜ਼ਦੂਰ ਜਮਾਤ ਨੇ ਇਸ ਦਿਵਸ ਨੂੰ ਇਸ ਰੰਗਤ ’ਚ ਮਨਾਉਣਾ ਸ਼ੁਰੂ ਕਰ ਦਿੱਤਾ।

ਪਰ ਉਨ੍ਹਾਂ ਸਮਿਆਂ 'ਚ ਮਜ਼ਦੂਰ ਜਮਾਤ ਇਸ ਗੱਲੋਂ ਅਣਜਾਣ ਸੀ ਕਿ ਉਨ੍ਹਾਂ ਦੀ ਲੁੱਟ ਦਾ ਭੇਤ ਕੀ ਹੈ। ਕਿਉਂਕਿ ਮਜ਼ਦੂਰਾਂ ਦੀ ਇਸ ਦੁਰਦਸ਼ਾ ਬਾਰੇ ਉਦੋਂ ਦੇ ਸਰਮਾਏਦਾਰੀ ਦੇ ਚਾਕਰ ਸਿਧਾਂਤਕਾਰ ਇਹ ਪ੍ਰਚਾਰ ਕਰ ਰਹੇ ਸਨ ਕਿ ਮਜ਼ਦੂਰਾਂ ਦੁਆਰਾ ਪੈਦਾ ਕੀਤੀ ਸਾਰੀ ਦੀ ਸਾਰੀ ਧਨ-ਸੰਪਤੀ 'ਚੋਂ ਚਾਹੇ ਉਹ ਸਰਮਾਏਦਾਰ ਕੋਲ ਜਾਂਦਾ ਹੈ ਜਾਂ ਇਸ ਦਾ ਭੋਰਾ-ਚੋਰਾ ਮਜ਼ਦੂਰਾਂ ਦੇ ਹਿੱਸੇ ਜਾਂਦਾ ਹੈ, ਇਹ ਸਾਰੀ ਦੀ ਸਾਰੀ ਧਨ-ਸੰਪਤੀ ਕੌਮ ਦੀ ਹੁੰਦੀ ਹੈ। ਇਸ ਸਿਧਾਂਤ ਦੀ ਵਿਆਖਿਆ ਬਾਰੇ ਐਡਮ ਸਮਿੱਥ ਨੇ "ਵੈਲਥ ਆਫ ਨੇਸ਼ਨਜ਼" ਨਾਮੀ ਇੱਕ ਕਿਤਾਬ ਵੀ ਲਿਖੀ। ਇਸ ਸਿਧਾਂਤ ਦਾ ਖੋਖਲਾ-ਪਨ ਮਜ਼ਦੂਰਾਂ ਦੇ ਮਹਾਨ ਆਗੂ ਕਾਰਲ ਮਾਰਕਸ ਤੇ ਫਰੈਡਰਿਕ ਐਂਗਲਜ਼ ਨੇ ਇਹ ਕਹਿੰਦਿਆਂ ਜ਼ਾਹਰ ਕਰ ਦਿੱਤਾ ਸੀ ਕਿ ਸਰਮਾਏਦਾਰਾਂ ਕੋਲ ਇਹ ਇਕੱਠੀ ਹੋਈ ਦੌਲਤ ਅਸਲ ਵਿੱਚ ਮਜ਼ਦੂਰ ਜਮਾਤ ਦੀ ਲੁੱਟੀ ਹੋਈ ਕਿਰਤ ਹੁੰਦੀ ਹੈ। ਕਿਉਂਕਿ ਮਜ਼ਦੂਰਾਂ ਨੂੰ ਜਿਹੜੀ ਉਜਰਤ ਦਿੱਤੀ ਜਾਂਦੀ ਹੈ ਉਹ ਮਜ਼ਦੂਰ ਦੀ ਬਣਦੀ ਉਜਰਤ ਤੋਂ ਬਹੁਤ ਘੱਟ ਹੁੰਦੀ ਹੈ ਅਤੇ ਬਾਕੀ ਦੀ ਉਜਰਤ ਸਰਮਾਏਦਾਰ ਆਪ ਹੜੱਪ ਲੈਂਦਾ ਹੈ, ਜਿਹੜੀ ਸਰਮਾਏਦਾਰਾਂ ਕੋਲ ਧਨ-ਦੌਲਤ ਦੇ ਰੂਪ 'ਚ ਜਮ੍ਹਾਂ ਹੁੰਦੀ ਰਹਿੰਦੀ ਹੈ। ਇਹ ਸਾਰੀ ਦੀ ਸਾਰੀ ਮਜ਼ਦੂਰ ਦੀ ਲੁੱਟੀ ਹੋਈ ਉਜਰਤ ਨੂੰ ਮਾਰਕਸ ਨੇ ਵਾਫਰ ਕਦਰ ਕਿਹਾ। ਅੱਜ ਵੀ ਦੇਖ ਲਵੋ, ਐਡਿਮ ਸਮਿੱਥ ਦੇ ਸਿਧਾਂਤ ਅਨੁਸਾਰ ਹੀ ਸਾਡੀ ਕੇਂਦਰੀ ਸਰਕਾਰ ਪ੍ਰਚਾਰ ਰਹੀ ਹੈ ਕਿ ਸਾਡਾ ਦੇਸ਼ ਤਰੱਕੀ ਕਰ ਰਿਹਾ ਹੈ, ਭਾਵ ਅਮੀਰ ਹੋ ਰਿਹਾ ਹੈ ਕਿਉਂਕਿ ਸਾਡੇ ਦੇਸ਼ ਦੀ ਕੁੱਲ ਘਰੇਲੂ ਪੈਦਾਵਾਰ 3.7 ਟ੍ਰਿਲੀਅਨ ਭਾਵ 307 ਲੱਖ ਕਰੋੜ ਹੋ ਗਈ ਹੈ। ਇਨ੍ਹਾਂ ਐਡਿਮ ਸਮਿੱਥ ਦੇ ਚੇਲਿਆਂ ਅਨੁਸਾਰ ਤਾਂ ਸਾਡੀ ਕੌਮ ਬਹੁਤ ਧਨਵਾਨ ਹੋ ਰਹੀ ਹੈ। ਪਰ ਹਕੀਕਤ ਕੀ ਹੈ? ਅੱਜ ਦੇ ਅੰਕੜਿਆਂ ਅਨੁਸਾਰ ਭਾਰਤ ਦੇ ਸਿਰਫ਼ ਇੱਕ ਪ੍ਰਤੀਸ਼ਤ ਉੱਚ-ਕੋਟੀ ਦੇ ਧਨੀਆਂ ਕੋਲ 40 ਫੀ ਸਦੀ ਧਨ-ਦੌਲਤ ਹੈ, 2020 'ਚ ਅਰਬ-ਪਤੀਆਂ ਦੀ ਗਿਣਤੀ 102 ਸੀ ਜਿਹੜੀ ਹੁਣ ਵਧਕੇ 166 ਹੋ ਗਈ ਹੈ। ਦੂਸਰੇ ਪਾਸੇ ਸਰਕਾਰ ਦਾ ਖੁਦ ਦਾ ਇਹ ਐਲਾਨ ਹੈ ਕਿ ਉਹ 80 ਕਰੋੜ ਗਰੀਬ ਲੋਕਾਂ ਨੂੰ ਪੰਜ ਕਿੱਲੋ ਮੁਫਤ ਅਨਾਜ ਦੇ ਰਹੀ ਹੈ ਭਾਵ 140 ਕਰੋੜ ਲੋਕਾਂ 'ਚ 80 ਕਰੋੜ ਲੋਕ ਅਜਿਹੇ ਹਨ ਜਿੰਨਾ ਕੋਲ ਸੁੱਕਾ ਟੁੱਕਰ ਖਾਣ ਲਈ ਕੁੱਝ ਨਹੀਂ ਹੈ। ਹਕੂਮਤ 'ਤੇ ਬੈਠੇ ਫਿਰ ਵੀ ਸਾਡੀ ਸਾਰੀ ਕੌਮ ਨੂੰ ਧਨਵਾਨ ਕਹਿ ਰਹੇ ਹਨ। ਹੋਰ ਲਵੋ ਜਿਹੜੇ ਕੁੱਝ ਧਨਵਾਨ ਵੀ ਹੋ ਰਹੇ ਹਨ ਉਹ ਕਿਹੜੀ ਕਿਰਤ ਕਰਦੇ ਹਨ? ਉਹ ਸਿਰਫ਼ ਤੇ ਸਿਰਫ਼ ਕਿਰਤੀਆਂ ਦੀ ਲੁੱਟੀ ਹੋਈ ਕਿਰਤ ਦੇ ਫਲ ਕਰਕੇ ਹੀ ਧਨਵਾਨ ਹੋ ਰਹੇ ਹਨ। ਇਹ ਇੱਕੋ ਮਿਸਾਲ ਹੀ ਕਿਰਤੀਆਂ ਦੇ ਮਹਾਨ ਦਾਰਸ਼ਨਿਕ ਕਾਰਲ ਮਾਰਕਸ ਦੇ ਕਥਨ ਨੂੰ ਸੱਚਾ ਸਾਬਤ ਕਰ ਦਿੰਦੀ ਹੈ ਕਿ ਸਰਮਾਏਦਾਰਾਂ ਕੋਲ ਇਕੱਠੀ ਹੋਈ ਦੌਲਤ ਮਜ਼ਦੂਰਾਂ ਭਾਵ ਕਿਰਤੀਆਂ ਦੀ ਕੀਤੀ ਕਿਰਤ ਦੀ ਲੁੱਟ ਦਾ ਫਲ ਹੀ ਹੁੰਦਾ ਹੈ।

ਇੱਥੇ ਦਿਲਚਸਪ ਪਰ ਘਿਣਾਉਣੇ ਤੱਥ ਤੋਂ ਸਾਰੇ ਜਾਣੂ ਹਨ ਕਿ ਕੇਂਦਰੀ ਸਰਕਾਰ ਨੇ ਉੱਪਰਲੇ ਧਨੀਆਂ ਦਾ ਮੋਟੇ ਜਿਹੇ ਅੰਦਾਜ਼ੇ ਅਨੁਸਾਰ 10,10 ਜਾਂ 15, 15 ਲੱਖ ਕਰੋੜ ਦਾ ਕਰਜ਼ਾ ਮੁਆਫ ਕੀਤਾ ਹੈ। ਇਹ ਪੈਸਾ ਸਰਕਾਰ ਕੋਲ ਕਿੱਥੋਂ ਆਉਂਦਾ ਹੈ? ਸਪੱਸ਼ਟ ਹੈ ਲੋਕਾਂ ਤੋਂ ਲਏ ਟੈਕਸ ਹੀ ਸਰਕਾਰ ਕੋਲ ਖਜ਼ਾਨੇ 'ਚ ਜਮ੍ਹਾਂ ਹੁੰਦੇ ਹਨ। ਉਹੀ ਧਨ ਇਨ੍ਹਾਂ ਧਨਵਾਨਾਂ ਨੂੰ ਦੇ ਕੇ ਸਰਕਾਰ ਕੋਈ ਆਰਥਕਤਾ ਨੂੰ ਮਜ਼ਬੂਤ ਨਹੀਂ ਕਰ ਰਹੀ ਬਲਕਿ ਉਹ ਕਿਰਤ ਦੇ ਲੁਟੇਰਿਆਂ ਨੂੰ ਮਜ਼ਬੂਤ ਕਰ ਰਹੀ ਹੈ। ਇੱਕ ਪਾਸੇ ਸਰਕਾਰ ਧੰਨਾ-ਸੇਠਾਂ ਦੇ ਕਰਜ਼ੇ ਮੁਆਫ ਕਰ ਰਹੀ ਹੈ, ਦੂਸਰੇ ਪਾਸੇ ਮਜ਼ਦੂਰਾਂ-ਕਿਸਾਨਾਂ ਦੇ ਕਰਜ਼ੇ, ਜੋ ਇਨ੍ਹਾਂ ਧੰਨਾਂ-ਸੇਠਾਂ ਦੇ ਕਰਜ਼ਿਆਂ ਦੇ ਮੁਕਾਬਲੇ ਬਿਲਕੁਲ ਹੀ ਨਾ-ਮਾਤਰ ਹਨ, ਨੂੰ ਮੁਆਫ ਨਹੀਂ ਕਰਦੀ। ਨਾਲੇ ਇਨ੍ਹਾਂ ਕਰਜ਼ਿਆਂ ਕਰਕੇ ਜੇ ਸਾਰੇ ਨਹੀਂ ਤਾਂ ਬਹੁਤੇ ਮਜ਼ਦੂਰਾਂ-ਕਿਸਾਨਾਂ ਵੱਲੋਂ ਖੁਦਕੁਸ਼ੀਆਂ ਕਰਨ ਦੀਆਂ ਖਬਰਾਂ ਅਕਸਰ ਆਉਂਦੀਆਂ ਰਹਿੰਦੀਆਂ ਹਨ। ਇੱਕ ਪਾਸੇ ਉਨ੍ਹਾਂ ਧੰਨਾ ਸੇਠਾਂ ਦੇ ਕਰਜ਼ੇ ਮੁਆਫ ਕਰਨੇ ਜਿੰਨਾਂ ਕੋਲ 27-27 ਮੰਜ਼ਿਲੀਆਂ (ਜਿਵੇ ਅੰਬਾਨੀ ਦੀ) ਰਿਹਾਇਸ਼ੀ ਇਮਾਰਤਾਂ ਹਨ ਅਤੇ ਦੂਸਰੇ ਪਾਸੇ ਹਰ ਵਕਤ ਭੁੱਖ-ਤੇਹ ਦਾ ਦਰਦ ਹੰਢਾ ਰਹੇ ਮਜ਼ਦੂਰਾਂ-ਕਿਸਾਨਾਂ ਦੇ ਕਰਜ਼ਿਆਂ ਵੱਲ ਕੋਈ ਧਿਆਨ ਹੀ ਨਾ ਦੇਣਾ, ਇਹ ਕੀ ਦਰਸਾਉਂਦਾ ਹੈ? ਅਜੇ ਵੀ ਜੇ ਸਾਡੇ ਦੇਸ਼ ਨੂੰ ਸਰਕਾਰ ਵੱਲੋਂ ਵਿਸ਼ਵ-ਗੁਰੂ ਦੇ ਨਾਹਰੇ ਲਾਏ ਜਾਣ ਤਾਂ ਸਾਡੇ ਦੇਸ਼ ਦੀ ਸਮੁੱਚੀ ਕਿਰਤੀ ਜਮਾਤ ਐਵੇਂ ਹੀ ਚੰਗੀ ਹੈ ਜਿਵੇਂ ਸਾਡੇ ਪੰਜਾਬ 'ਚ ਇੱਕ ਕਹਾਵਤ ਹੈ ਕਿ "ਭੱਠ ਪਏ ਸੋਨਾ ਜਿਹੜਾ ਕੰਨਾਂ ਨੂੰ ਖਾਵੇ"। ਸੋ ਇਸ ਤੋਂ ਸਾਨੂੰ ਮੁਕਤੀ ਪਾਉਣੀ ਹੀ ਪਵੇਗੀ। ਇਸ ਲਈ ਅੱਜ ਦੀਆਂ ਹਾਲਤਾਂ 'ਚ ਮਈ ਦਿਵਸ ਮਨਾਉਣ ਦਾ ਅਰਥ ਇਹ ਹੀ ਬਣਦਾ ਹੈ ਕਿ ਇਸ ਲੁਟੇਰੇ ਪ੍ਰਬੰਧ ਨੂੰ ਪਾਸੇ ਕਰਕੇ ਇਸ ਤੋਂ ਮੁਕਤੀ ਪਾਈ ਜਾਵੇ, ਇੱਥੇ ਲੁੱਟ-ਰਹਿਤ ਅਤੇ ਬਰਾਬਰਤਾ ਵਾਲਾ ਸਮਾਜ ਸਿਰਜਿਆ ਜਾਵੇ। ਸਾਨੂੰ ਵਿਸ਼ਵ ਗੁਰੂ ਬਣਨ ਦੇ ਝਾਂਸੇ 'ਚ ਨਾ ਆਉਂਦਿਆਂ "ਵਾਸੂਦੇਵ ਕੁਟੰਬਕਮ" (ਭਾਵ ਸਾਰਾ ਵਿਸ਼ਵ ਇੱਕ ਬਰਾਬਰਤਾ ਵਾਲਾ ਮਨੁੱਖੀ ਭਾਈਚਾਰਾ ਹੋਵੇ) ਨੂੰ ਸਥਾਪਤ ਕਰਨ ਲਈ ਯਤਨਸ਼ੀਲ ਹੋਣਾ ਹੋਵੇਗਾ। ਇਸ ਭਾਵਨਾ ਦਿਲ 'ਚ ਰਖਦਿਆਂ ਮਨਾਇਆ ਇਹ ਦਿਵਸ ਮਈ ਦਿਵਸ ਦੇ ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ ਅਤੇ ਭਵਿੱਖ ਲਈ ਸਹੀ ਅਰਥਾਂ 'ਚ ਮਨੁੱਖੀ ਸਮਾਜ ਸਿਰਜਣ ਦੀ ਸਾਡੀ ਕੋਸ਼ਿਸ਼।

98769-53561

ਛੋਟੀ ਕਹਾਣੀ

ਟੱਲ



ਕੁਲਦੀਪ ਸਿਰਸਾ

ਇੱਕ ਦੇਸ਼ ਵਿੱਚ ਬਹੁਤ ਸਾਰੀਆਂ ਸਮੱਸਿਆਵਾਂ ਸਨ। ਗਰੀਬੀ, ਬੇਰੁਜ਼ਗਾਰੀ, ਅਨਪੜ੍ਹਤਾ, ਅੰਧ-ਵਿਸ਼ਵਾਸ, ਦੰਗੇ, ਜਾਤ-ਪਾਤ ਵਗੈਰਾ-ਵਗੈਰਾ। ਕੋਈ ਵੀ ਰਾਜਾ ਇਹਨਾਂ ਸਮੱਸਿਆਵਾਂ ਦਾ ਹੱਲ ਨਹੀਂ ਕਰ ਪਾ ਰਿਹਾ ਸੀ।

ਫਿਰ ਅਚਾਨਕ ਇੱਕ ਅਵਤਾਰ ਪੁਰਸ਼, ਮਹਾਂਪੁਰਸ਼, ਪਵਿੱਤਰ-ਆਤਮਾ, ਯੁਗ ਪੁਰਸ਼, ਦੇਵ ਪੁਰਸ਼, ਮਹਾਰਾਜਾ ਰਾਜਾ ਝਾਂਸਾਦਾਸ ਦੋਖੀ ਉਸ ਦੇਸ਼ ਦਾ ਰਾਜਾ ਬਣਿਆ। ਉਸ ਨੇ ਰਾਜਾ ਬਣਦਿਆਂ ਸਾਰ ਹੀ ਐਲਾਨ ਕੀਤਾ ਕਿ ਉਹ 10 ਸਾਲ ਦੇ ਅੰਦਰ-ਅੰਦਰ ਸਾਰੀਆਂ ਸਮੱਸਿਆਵਾਂ ਦਾ ਹੱਲ ਕਰ ਦੇਵੇਗਾ। ਉਸਨੇ ਐਲਾਨ ਕੀਤਾ ਕਿ ਉਹ ਆਪਣੇ ਰਾਜ ਵਿੱਚ ਇੱਕ ਬਹੁਤ ਵੱਡਾ 'ਟੱਲ' ਲਗਵਾਉਣਗੇ। ਉਸ ਟੱਲ ਨੂੰ ਵਜਾਉਣ ਨਾਲ ਰਾਜ ਦੀਆਂ ਸਾਰੀਆਂ ਸਮੱਸਿਆਵਾਂ ਦਾ ਹੱਲ ਹੋ ਜਾਵੇਗਾ। ਰਾਜੇ ਨੇ ਦੇਖਿਆ ਕਿ ਕੁਝ ਲੋਕਾਂ ਨੂੰ ਵਿਸ਼ਵਾਸ ਨਹੀਂ ਹੋ ਰਿਹਾ ਤਾਂ ਰਾਜੇ ਨੇ ਅਗਲਾ ਐਲਾਨ ਕੀਤਾ ਕਿ ਅਗਰ 'ਟੱਲ' ਲਗਵਾਉਣ ਤੋਂ ਬਾਅਦ ਵੀ ਰਾਜ ਦੀਆਂ ਸਮੱਸਿਆਵਾਂ ਦਾ ਹੱਲ ਨਹੀਂ ਹੋਇਆ ਤਾਂ ਉਹ ਆਪਣੇ ਆਪ ਨੂੰ ਰਾਜਧਾਨੀ ਦੇ ਚੌਂਕ ਵਿੱਚ ਫਾਂਸੀ ਲਗਾ ਲੈਣਗੇ। ਰਾਜੇ ਦਾ ਇਹ ਐਲਾਨ ਸੁਣ ਕੇ ਹਰ ਕੋਈ ਉਹਨਾਂ ਦੇ ਬਚਨਾਂ ਦਾ ਕਾਇਲ ਹੋ ਗਿਆ। ਤੁਰੰਤ 'ਟੱਲ' ਬਣਾਉਣ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ। ਰਾਜ ਦਰਬਾਰੀ, ਕਰਮਚਾਰੀ, ਧਰਮ ਦੇ ਪੁਜਾਰੀ ਤੇ ਰਾਜੇ ਨੂੰ ਪਸੰਦ ਕਰਨ ਵਾਲੇ ਲੋਕ ਲਗਾਤਾਰ ਉਸ ਪਵਿੱਤਰ ਦਿਨ ਨੂੰ ਉਡੀਕਣ ਲੱਗੇ। ਰਾਜਾ ਵੀ ਹਫ਼ਤੇ ਦਸ ਦਿਨ ਬਾਅਦ ਲੋਕਾਂ ਦੇ ਰੂਬਰੂ ਹੋ ਕੇ ਟੱਲ ਦੇ ਕੰਮ ਦੀ ਜਾਣਕਾਰੀ ਦਿੰਦਾ ਤਾਂ ਲੋਕ ਖ਼ੁਸ਼ੀ ਵਿੱਚ ਝੂਮ ਉੱਠਦੇ। ਪੂਰੇ ਰਾਜ ਵਿੱਚ ਇੱਕ ਹੀ ਚਰਚਾ ਹੁੰਦੀ ਸੀ 'ਟੱਲ-ਟੱਲ-ਟੱਲ।'

ਦਸ ਸਾਲਾਂ ਦੇ ਲੰਬੇ ਅੰਤਰਾਲ ਤੋਂ ਬਾਅਦ ਆਖਿਰ 'ਟੱਲ' ਦੇ ਉਦਘਾਟਨ ਦਾ ਦਿਨ ਮੁਕਰਰ ਕਰ ਦਿੱਤਾ ਗਿਆ। ਹਰ ਕੋਈ ਹਰ ਕਿਸੇ ਨੂੰ ਵਧਾਈਆਂ ਦੇ ਰਿਹਾ ਸੀ। ਬੇਸ਼ੱਕ ਹਰ ਕਿਸੇ ਨੂੰ ਉਦਘਾਟਨ-ਦਿਨ ਬਾਰੇ ਜਾਣਕਾਰੀ ਸੀ ਫਿਰ ਵੀ ਲੋਕ ਘਰ-ਘਰ ਜਾ ਕੇ ਇੱਕ ਦੂਜੇ ਨੂੰ ਨਿਮੰਤਰਨ-ਪੱਤਰ ਦੇ ਰਹੇ ਸਨ।

ਆਖਿਰ ਅਵਤਾਰ-ਪੁਰਸ਼, ਮਹਾਂ-ਪੁਰਸ਼, ਪਵਿੱਤਰ ਆਤਮਾ, ਯੁਗ ਪੁਰਸ਼, ਦੇਵ-ਪੁਰਸ਼, ਮਹਾਰਾਜਿਆਂ ਦੇ ਮਹਾਰਾਜੇ ਝਾਂਸਾਦਾਸ ਦੋਖੀ ਨੇ 'ਟੱਲ' ਦਾ ਉਦਘਾਟਨ ਕੀਤਾ। ਜਦੋਂ ਲੋਕਾਂ ਨੇ 'ਟਣ' ਦੀ ਆਵਾਜ਼ ਸੁਣੀ ਤਾਂ ਲੋਕਾਂ ਨੂੰ ਲੱਗਿਆ ਜਿਵੇਂ ਉਹਨਾਂ ਦੀ ਸਦੀਆਂ ਦੀ ਉਮੀਦ ਪੂਰੀ ਹੋ ਗਈ ਹੋਵੇ, ਇੱਕ ਨਾ ਪੂਰਾ ਹੋਣ ਵਾਲਾ ਖ਼ੁਆਬ (ਸੁਪਨਾ) ਪੂਰਾ ਹੋ ਗਿਆ ਹੋਵੇ। ਲੋਕ ਖ਼ੁਸ਼ੀ ਨਾਲ ਕਲਪਨਾ ਵਿੱਚ ਸਵਰਗਾਂ ਦੀ ਸੈਰ ਕਰਨ ਲੱਗੇ। ਉਹਨਾਂ ਨੂੰ ਆਪਣੀ ਭੁੱਖ ਪਿਆਸ ਭੁੱਲ ਗਈ। ਸਾਰੇ ਦੁੱਖ ਭੁੱਲ ਗਏ। ਮਹਾਰਾਜਾ ਝਾਂਸਾਦਾਸ ਦੋਖੀ ਦੀ ਜੈ ਦੇ ਨਾਅਰਿਆਂ ਨਾਲ ਅਸਮਾਨ ਗੂੰਜ ਉੱਠਿਆ। ਵਿਰੋਧੀਆਂ ਦੇ ਸੀਨੇ ਫਟ ਗਏ। ਫਿਰ ਮੰਤਰੀਆਂ ਸੰਤਰੀਆਂ, ਦਰਬਾਰੀਆਂ, ਪੁਜਾਰੀਆਂ ਨੇ 'ਟੱਲ' ਵਜਾ ਕੇ ਆਪਣੀ ਖ਼ੁਸ਼ੀ ਜ਼ਾਹਰ ਕੀਤੀ। ਉਸ ਤੋਂ ਬਾਅਦ ਪੂਰਾ ਦੇਸ਼ ਟੱਲ ਵਜਾਉਣ ਦੇ ਆਹਰ ਵਿੱਚ ਲੱਗ ਗਿਆ। ਹੁਣ ਦੇਸ਼ ਵਿੱਚ ਗ਼ਰੀਬੀ, ਬੇਰੁਜ਼ਗਾਰੀ, ਅਨਪੜ੍ਹਤਾ, ਅੰਧ-ਵਿਸ਼ਵਾਸ, ਦੰਗੇ, ਜਾਤ-ਪਾਤ ਵਗੈਰਾ-ਵਗੈਰਾ ਦੀ ਕੋਈ ਆਵਾਜ਼ ਸੁਣਾਈ ਨਹੀਂ ਦਿੰਦੀ ਸੀ। ਹੁਣ ਹਰ ਪਾਸੇ 'ਟੱਲ' ਦੀ 'ਟਣ-ਟਣ' ਹੀ ਸੁਣਾਈ ਦਿੰਦੀ ਸੀ।

98132 37322

ਸੰਦੀਪ ਪਾਂਡੇ ਨੇ ਬਰਕਲੇ ਯੂਨੀਵਰਸਿਟੀ ਦੀ ਡਿਗਰੀ ਮੋੜੀ

ਨਵੀਂ ਦਿੱਲੀ—ਸਮਾਜੀ ਕਾਰਕੁਨ ਸੰਦੀਪ ਪਾਂਡੇ ਨੇ ਇਜ਼ਰਾਈਲ-ਫਲਸਤੀਨ ਲੜਾਈ ਵਿਚ ਅਮਰੀਕਾ ਦੇ ਸਟੈਂਡ ਵਿਰੁੱਧ ਪ੍ਰੋਟੈਸਟ ਵਜੋਂ ਬਰਕਲੇ ਦੀ ਯੂਨੀਵਰਸਿਟੀ ਆਫ ਕੈਲੀਫੋਰਨੀਆ ਵੱਲੋਂ ਦਿੱਤੀ ਪੀ.ਐੱਚ.ਡੀ. ਡਿਗਰੀ ਪਰਤਾ ਦਿੱਤੀ ਹੈ। ਉਨ੍ਹਾਂ ਜਨਵਰੀ ਵਿੱਚ ਗਾਜ਼ਾ 'ਚ ਇਜ਼ਰਾਈਲੀ ਹਮਲੇ ਵਿਚ ਅਮਰੀਕਾ ਦੇ ਰੋਲ ਵਿਰੁੱਧ ਪ੍ਰੋਟੈਸਟ ਵਜੋਂ ਵਕਾਰੀ ਰੈਮਨ ਮੈਗਸੇਸੇ ਐਵਾਰਡ ਵਾਪਸ ਕਰ ਦਿੱਤਾ ਸੀ, ਜਿਹੜਾ ਉਨ੍ਹਾਂ ਨੂੰ 2002 ਵਿਚ ਦਿੱਤਾ ਗਿਆ ਸੀ। ਉਨ੍ਹਾਂ ਕਿਹਾ ਕਿ ਗਾਜ਼ਾ ਦੇ ਮੁੱਦੇ 'ਤੇ ਅਮਰੀਕਾ ਦਾ ਰੋਲ ਨਿਖੇਧੀਯੋਗ ਹੈ। ਉਹ ਮਸਲਾ ਹੱਲ ਕਰਨ ਦੀ ਥਾਂ ਇਜ਼ਰਾਈਲ ਦੀ ਅੰਨ੍ਹੀ ਮਦਦ ਕਰ ਰਿਹਾ ਹੈ। ਅਮਰੀਕਾ ਦੇ ਜਮਹੂਰੀਅਤ ਤੇ ਮਨੁੱਖੀ ਹੱਕਾਂ ਲਈ ਸਟੈਂਡ 'ਤੇ ਭਰੋਸਾ ਕਰਨਾ ਮੁਸ਼ਕਲ ਹੈ। ਇਜ਼ਰਾਈਲੀ ਹਮਲੇ ਨਾਲ ਗਾਜ਼ਾ ਵਿਚ ਹੁਣ ਤੱਕ 32 ਹਜ਼ਾਰ ਤੋਂ ਵੱਧ ਲੋਕ ਮਾਰੇ ਗਏ ਹਨ। **(ਪੰਜਾਬੀ ਟ੍ਰਿਬਿਊਨ)**

ਕੇਸ ਰਿਪੋਰਟ

ਨੀਲਮ ਦਾ ਨਿਹੋਰਾ



- ਰਾਜਿੰਦਰ ਭਦੌੜ

ਮਹੀਨਾ ਦਸੰਬਰ ਦੀ ਘਟਨਾ ਹੈ। ਇੱਕ ਪਰਿਵਾਰ ਆਪਣੀ ਨੌਂਵੀਂ ਕਲਾਸ ਵਿੱਚ ਪੜ੍ਹਦੀ ਲੜਕੀ ਨੂੰ ਮੇਰੇ ਕੋਲ ਲੈ ਕੇ ਆਇਆ। ਨਾਲ ਆਈ ਲੜਕੀ ਦੀ ਮਾਸੀ ਦੱਸਣ ਲੱਗੀ, ਨੀਲਮ ਪੜ੍ਹਨ ਵਿੱਚ ਬਹੁਤ ਹੁਸ਼ਿਆਰ ਲੜਕੀ ਹੈ। ਅੱਠਵੀਂ ਕਲਾਸ ਵਿੱਚੋਂ ਆਵਦੇ ਸਕੂਲ ਵਿੱਚੋਂ ਫਸਟ ਆਈ ਸੀ। ਪਰ ਹੁਣ ਤਿੰਨ ਚਾਰ ਮਹੀਨਿਆਂ ਤੋਂ ਪੜ੍ਹਾਈ ਵਿੱਚ ਭੋਰਾ ਮਨ ਨਹੀਂ ਲਗਾਉਂਦੀ। ਕਿਸੇ ਨਾਲ ਗੱਲ ਵੀ ਘੱਟ ਹੀ ਕਰਦੀ ਹੈ। ਇੱਥੋਂ ਤੱਕ ਕਿ ਆਪਣੀ ਮੰਮੀ ਨਾਲ ਵੀ ਨਹੀਂ। ਹੋਰ ਪੁੱਛਣ ’ਤੇ ਉਸਨੇ ਦੱਸਿਆ ਕਿ ਨੀਲਮ ਅੱਠਵੀਂ ਤੱਕ ਤਾਂ ਆਪਣੀ ਭੂਆ ਕੋਲ ਹੀ ਪੜ੍ਹਦੀ ਸੀ। ਉੱਥੇ ਅੱਠਵੀਂ ਤੱਕ ਦਾ ਹੀ ਸਕੂਲ ਹੋਣ ਕਰਕੇ ਹੁਣ ਆਪਣੇ ਪਿੰਡ ਆ ਕੇ ਪੜ੍ਹਨ ਲੱਗੀ ਹੈ। ਨੌਂਵੀਂ ਕਲਾਸ ਵਿੱਚ ਇਸ ਦੇ ਤਿੰਨ ਚਾਰ ਮਹੀਨੇ ਤਾਂ ਵਧੀਆ ਲੰਘੇ। ਪਰ ਫਿਰ ਇਸਨੂੰ ਦੌਰਾ ਜਿਹਾ ਪੈਣ ਲੱਗ ਪਿਆ। ਸਰੀਰ ਕੰਬਦਾ ਹੈ, ਹੱਥ ਪੈਰ ਮੁੜ ਜਾਂਦੇ ਹਨ। ਜਦ ਘਰ ਦੌਰਾ ਪਵੇ ਤਾਂ ਇਹ ਚੀਕਾਂ ਵੀ ਮਾਰਦੀ ਹੈ। ਸਕੂਲ਼ ਵਿੱਚ ਦੌਰਾ ਛੁੱਟੀ ਮਿਲਣ ਤੋਂ ਥੋੜ੍ਹਾ ਚਿਰ ਪਹਿਲਾਂ ਪੈਂਦਾ ਹੈ। ਘਰ ਵਿੱਚ ਜਦ ਇਕੱਲੀ ਹੋਵੇ ਤਾਂ ਦੌਰਾ ਪੈਂਦਾ ਹੈ। ਆਮ ਕਰਕੇ ਘਰੇ ਇਸਨੂੰ ਰਾਤ ਸਮੇਂ ਪੈਂਦਾ ਹੈ। ਉਸਦਾ ਟਾਈਮ ਕੋਈ ਨਹੀਂ। ਜਦੋਂ ਵੀ ਰਾਤ ਨੂੰ ਇਹ ਥੋੜ੍ਹਾ ਖੜਕਾ ਸੁਣਦੀ ਹੈ ਤਾਂ ਦੌਰਾ ਪੈ ਜਾਂਦਾ ਹੈ।

ਇਸਦੇ ਇਲਾਜ ਲਈ ਇਸ ਨੂੰ ਦੋ ਮਹੀਨੇ ਤਾਂਤਰਿਕਾਂ ਕੋਲ ਲਈ ਫਿਰਦੇ ਰਹੇ। ਉਨ੍ਹਾਂ ਨੂੰ ਹਜ਼ਾਰਾਂ ਰੁਪਏ ਦਿੱਤੇ ਪਰ ਕੋਈ ਫਰਕ ਨਹੀਂ ਪਿਆ। ਕੋਈ ਟੂਣਾ ਟੱਪਾ ਕਹਿੰਦਾ ਰਿਹਾ ਤੇ ਕੋਈ ਕਿਸੇ ਦੇ ਕਰੇ ਕਰਾਏ ਦੀ ਗੱਲ ਕਰਦਾ ਰਿਹਾ। ਫਿਰ ਡਾਕਟਰਾਂ ਕੋਲ ਗਏ। ਮਹੀਨਾ ਭਰ ਦਵਾਈ ਖਵਾਈ। ਹਜ਼ਾਰਾਂ ਰੁਪਏ ਦੇ ਟੈਸਟ ਵੀ ਕਰਵਾਏ। ਕੋਈ ਬਹੁਤਾ ਫ਼ਰਕ ਨਹੀਂ ਪਿਆ। ਹੁਣ ਇਹ ਚੀਕਾਂ ਤਾਂ ਨਹੀਂ ਮਾਰਦੀ ਪਰ ਸਾਰੀ ਰਾਤ ਪਈ ਬਿਟਰ ਬਿਟਰ ਝਾਕੀ ਜਾਂਦੀ ਹੈ। ਡਾਕਟਰਾਂ ਨੇ ਕਿਹਾ ਕਿ ਟੈਸਟਾਂ ਵਿੱਚ ਤਾਂ ਕੋਈ ਬਿਮਾਰੀ ਨਹੀਂ ਆਈ। ਇਸ ਦੇ ਮਨ ’ਤੇ ਭਾਰ ਹੈ। ਕਈਆਂ ਨੇ ਸਕੂਲ ਬਦਲਣ ਦੀ ਸਲਾਹ ਵੀ ਦਿੱਤੀ ਪਰ ਕੀ ਕਰੀਏ ਹੁਣ ਤਾਂ ਸਾਲ ਵੀ ਸਿਰੇ ਲੱਗਣ ਵਾਲਾ ਹੈ। ਸਾਨੂੰ ਤਾਂ ਕਿਸੇ ਰਿਸ਼ਤੇਦਾਰ ਨੇ ਤੁਹਾਡੀ ਦੱਸ ਪਾਈ ਹੈ ਕਿ ਤਰਕਸ਼ੀਲ ਸੁਸਾਇਟੀ ਵਾਲੇ ਪੈੱਨ ਜਿਹਾ ਵਿਖਾ ਕੇ ਮਨ ਵਿੱਚ ਪਈ ਗੱਲ ਜਾਣ ਕੇ ਇਲਾਜ ਕਰ ਦਿੰਦੇ ਹਨ। ਅਸੀਂ ਤਾਂ ਹੁਣ ਹੰਭ ਹਾਰ ਕੇ ਨੀਲਮ ਦੇ ਠੀਕ ਹੋਣ ਦੀ ਆਸ ਨਾਲ ਤੁਹਾਡੇ ਕੋਲ ਆਏ ਹਾਂ।

ਸਾਰੀ ਗੱਲਬਾਤ ਸੁਣਨ ਤੋਂ ਬਾਅਦ ਲੜਕੀ ਨੂੰ ਇੱਕਲਿਆਂ ਬਿਠਾ ਕੇ ਗੱਲਬਾਤ ਸ਼ੁਰੂ ਕੀਤੀ। ਉਸ ਤੋਂ ਪਿਛਲੇ ਸਕੂਲ ਬਾਰੇ ਜਾਣਕਾਰੀ ਹਾਸਲ ਕੀਤੀ। ਭੂਆ ਕੋਲ ਬਿਤਾਏ ਸਮੇਂ ਬਾਰੇ ਵੀ ਵਿਸਥਾਰ ਨਾਲ ਪੁੱਛਿਆ। ਮੌਜੂਦਾ ਸਕੂਲ ਵਿੱਚ ਪੜ੍ਹਾਉਂਦੇ ਅਧਿਆਪਕਾਂ ਤੇ ਵਿਦਿਆਰਥੀਆਂ ਬਾਰੇ ਵੀ ਜਾਣਕਾਰੀ ਹਾਸਲ ਕੀਤੀ ਗਈ। ਅੱਜ ਕੱਲ੍ਹ ਦੇ ਬੱਚਿਆਂ ਵਿੱਚ ਪਾਏ ਜਾਂਦੇ ਰੁਝਾਨ ਅਨੁਸਾਰ ਮੁੰਡੇ ਕੁੜੀਆਂ ਦੇ ਆਪਸੀ ਸਬੰਧਾਂ ਬਾਰੇ ਕਾਫ਼ੀ ਘੁਮਾ ਫਿਰਾ ਕੇ ਮੁਕੰਮਲ ਜਾਣਕਾਰੀ ਹਾਸਲ ਕਰਨ ਦਾ ਯਤਨ ਕੀਤਾ। ਪਰ ਕੋਈ ਸਾਰਥਿਕ ਨਤੀਜਾ ਸਾਹਮਣੇ ਨਾ ਆਇਆ। ਸਕੂਲ ਬਦਲਣ ਦਾ ਸੁਝਾਅ ਦੇਣ ’ਤੇ ਲੜਕੀ ਦਾ ਕਹਿਣਾ ਸੀ ਕਿ ਅਜਿਹੀ ਤਾਂ ਕੋਈ ਗੱਲ ਨਹੀਂ ਹੈ। ਜਦ ਕੇਸ ਦਾ ਕੋਈ ਮੂੰਹ ਸਿਰ ਨਾ ਬਣਦਾ ਨਜ਼ਰ ਆਇਆ ਤਾਂ ਮੈਂ ਲੜਕੀ ਨੂੰ ਸਮਝਾਇਆ ਕਿ ਤੁਸੀਂ ਤਾਂਤਰਿਕਾਂ, ਬਾਬਿਆਂ ਕੋਲ ਜਾ ਆਏ ਹੋ। ਡਾਕਟਰਾਂ ਕੋਲੋਂ ਇਲਾਜ ਦੌਰਾਨ ਸਾਰੇ ਟੈਸਟ ਵੀ ਕਰਵਾ ਲਏ ਹਨ। ਕੋਈ ਬਿਮਾਰੀ ਵੀ ਨਹੀਂ ਆ ਰਹੀ। ਹੁਣ ਜੇਕਰ ਤੇਰੇ ਘਰ ਦੇ ਤੈਨੂੰ ਮੁੜ ਕਿਸੇ ਬਾਬੇ ਕੋਲ ਲੈ ਗਏ ਤਾਂ ਉਹ ਤੇਰੀ ਕੁੱਟਮਾਰ ਵੀ ਕਰ ਸਕਦਾ ਹੈ। ਕਿਸੇ ਹੋਰ ਡਾਕਟਰ ਕੋਲ ਲੈ ਗਏ ਤਾਂ ਦਵਾਈ ਅਸਰ ਨਾ ਕਰਦੀ ਹੋਣ ਕਾਰਣ ਉਹ ਤੇਰੇ ਬਿਜਲੀਆਂ ਵੀ ਲਾ ਸਕਦਾ ਹੈ। ਉਹ ਤੇਰੀ ਬੁਰੀ ਹਾਲਤ ਕਰ ਦੇਣਗੇ। ਤੇਰਾ ਕੋਈ ਇਲਾਜ ਨਹੀਂ ਹੋਣਾ ਤੇ ਜ਼ਿੰਦਗੀ ਦੁੱਖਾਂ ਵਿੱਚ ਕੱਟਣੀ ਪਵੇਗੀ। ਤੇਰੀ ਪੜ੍ਹਾਈ ਵੀ ਵਿੱਚੇ ਰਹਿ ਜਾਵੇਗੀ। ਠੀਕ ਨਾ ਹੋਣ ਦੀ ਸੂਰਤ ਵਿੱਚ ਉਸਨੂੰ ਖ਼ਰਾਬ ਹੋਣ ਵਾਲੇ ਭਵਿੱਖ ਬਾਰੇ ਦਲੀਲਾਂ ਦਿੱਤੀਆਂ। ਉਸਨੂੰ ਇਹ ਵੀ ਸਮਝਾਇਆ ਗਿਆ ਕਿ ਜਿੰਨਾ ਚਿਰ ਤੂੰ ਆਪਣੇ ਮਨ ਦਾ ਦੁੱਖ ਕਿਸੇ ਨੂੰ ਨਹੀਂ ਦੱਸਦੀ। ਤੇਰਾ ਕੋਈ ਇਲਾਜ ਨਹੀਂ ਹੋ ਸਕਦਾ। ਤੂੰ ਮੈਨੂੰ ਨਾ ਦੱਸ, ਆਪਣੇ ਘਰ ਦੇ ਕਿਸੇ ਮੈਂਬਰ ਨੂੰ ਦੱਸ ਦੇਵੀਂ। ਤੇਰਾ ਮਸਲਾ ਹੱਲ ਹੋ ਜਾਵੇਗਾ।

ਪਤਾ ਨਹੀਂ ਮੇਰੀਆਂ ਗੱਲਾਂ ਦਾ ਉਸ ’ਤੇ ਕੀ ਅਸਰ ਹੋਇਆ। ਉਸਨੇ ਪਟੱਕ ਦੇਣੇ ਆਖਿਆ, ਮੰਮੀ ਨੂੰ ਦੱਸਿਆ ਤਾਂ ਸੀ। ਭੂਆ ਨੂੰ ਵੀ ਦੱਸਿਆ ਸੀ। ਕੋਈ ਹੱਲ ਹੋਇਆ ਤਾਂ ਹੈ ਨਹੀਂ? ਉਹ ਤਾਂ ਮੈਥੋਂ ਸਬੂਤ ਮੰਗਦੇ ਆ। ਅਜਿਹੀਆਂ ਗੱਲਾਂ ਦਾ ਮੈਂ ਕੀ ਸਬੂਤ ਦੇਵਾਂ ?

ਨੀਲਮ ਦਾ ਨਿਹੋਰਾ ਗੱਲ ਨੂੰ ਰਾਹ ਪਾ ਗਿਆ। ਮੈਂ ਉਸ ਨੂੰ ਸਮਝਾਇਆ ਕਿ ਘਰ ਦੇ ਮੈਂਬਰਾਂ ਦੀ ਕੁਝ ਮਸਲਿਆਂ ਨੂੰ ਹੱਲ ਕਰਨ ਦੀ ਹਿੰਮਤ ਨਹੀਂ ਹੁੰਦੀ। ਸਮਾਜ ਦਾ ਡਰ ਵੀ

ਹੁੰਦਾ। ਅਸੀਂ ਹੱਲ ਕਰ ਸਕਦੇ ਹਾਂ। ਕੋਈ ਸਬੂਤ ਵੀ ਨਹੀਂ ਮੰਗਦੇ। ਅਸੀਂ ਮਸਲਾ ਹੱਲ ਕਰਕੇ ਕਿਸੇ ਨੂੰ ਦਸਦੇ ਵੀ ਨਹੀਂ। ਅਸੀਂ ਜਿਸ ਨਾਲ ਮਸਲਾ ਸਬੰਧਤ ਹੋਵੇ ਉਸੇ ਨੂੰ ਸਮਝਾਉਂਦੇ ਹਾਂ। ਅਸੀਂ ਤਾਂ ਇਹ ਵੀ ਨਹੀਂ ਦਸਦੇ ਕਿ ਇਹ ਸਾਰਾ ਕੁਝ ਤੂੰ ਸਾਨੂੰ ਦੱਸਿਆ। ਪਰ ਸਾਨੂੰ ਸੱਚਾਈ ਦੱਸਣੀ ਜਰੂਰੀ ਹੈ। ਮੈਂ ਨੀਲਮ ਨੂੰ ਕੁਝ ਹੱਲ ਕੀਤੇ ਕੇਸਾਂ ਦੀਆਂ ਉਦਾਹਰਨਾਂ ਵੀ ਦੱਸੀਆਂ। ਉਸਦੇ ਚਿਹਰੇ ਤੋਂ ਤਸੱਲੀ ਦੇ ਹਾਵ ਭਾਵ ਨਜ਼ਰ ਆਏ। ਇਹ ਵੇਖ ਮੈਂ ਉਸ ਨੂੰ ਆਖਿਆ, ਤੂੰ ਠੀਕ ਠੀਕ ਸਾਰੀ ਗੱਲ ਦੱਸ। ਤੇਰਾ ਮਸਲਾ ਅੱਜ ਹੀ ਹੱਲ ਕਰਕੇ ਤੋਰਾਂਗੇ।

ਉਸਨੇ ਦੱਸਣਾ ਸ਼ੁਰੂ ਕੀਤਾ, ਮੇਰਾ ਡੈਡੀ ਚੰਗਾ ਬੰਦਾ ਨਹੀਂ। ਉਹ ਮੇਰੇ ਸਰੀਰ ਨੂੰ ਮੰਦੀ ਭਾਵਨਾ ਨਾਲ ਟੱਚ ਕਰਦਾ ਹੈ। ਇਹ ਜਾਣ ਕੇ ਮੈਂ ਉਸਨੂੰ ਆਖਿਆ ਕਿ ਮਾਂ ਬਾਪ ਆਪਣੇ ਧੀ/ਪੁੱਤ ਨੂੰ ਪਿਆਰ ਦੁਲਾਰ ਨਾਲ ਚੁੰਮ ਵੀ ਲਿਆ ਕਰਦੇ ਹਨ। ਉਸਦਾ ਜੁਆਬ ਸੀ, ਸਰ ਪਤਾ ਲੱਗ ਜਾਂਦਾ ਹੈ ਕਿ ਕਿਸ ਭਾਵਨਾ ਨਾਲ ਟੱਚ ਕੀਤਾ ਜਾ ਰਿਹਾ ਹੈ। ਉਸ ਨੇ ਇੱਕ ਦੋ ਘਟਨਾਵਾਂ ਵੀ ਸਾਂਝੀਆਂ ਕੀਤੀਆਂ ਜੋ ਉਸ ਵੱਲੋਂ ਕਹੇ ਜਾ ਰਹੇ ਸੱਚ ਦੀ ਗਵਾਹੀ ਭਰਦੀਆਂ ਸਨ। ਸਰ ਜੀ, ਮੇਰੇ ਡੈਡੀ ਨੂੰ ਨਾ ਦੱਸਿਓ ਕਿ ਮੈਂ ਇਹ ਸਾਰਾ ਕੁਝ ਤੁਹਾਨੂੰ ਦੱਸਿਆ ਹੈ। ਮੈਂ ਉਸ ਨੂੰ ਯਕੀਨ ਦਿਵਾਇਆ ਕਿ ਬਿਲਕੁਲ ਨਹੀਂ ਦੱਸਾਂਗਾ। ਨਾਲ ਹੀ ਉਸ ਨੂੰ ਇਹ ਵੀ ਸਮਝਾਇਆ ਕਿ ਜੇਕਰ ਤੈਨੂੰ ਪਰਿਵਾਰ ਵਾਲੇ ਪੁੱਛਣ ਕਿ ਤੇਰੇ ਮਨ ਦਾ ਭਾਰ ਕਿਸ ਤਰ੍ਹਾਂ ਲਹਿ ਗਿਆ ਤਾਂ ਤੂੰ ਸਿਰਫ ਏਨਾ ਹੀ ਦੱਸਣਾ ਹੈ ਕਿ ਮੈਨੂੰ ਇੱਕ ਪੈੱਨ ਦਿਖਾਇਆ ਸੀ। ਫਿਰ ਮੇਰੀਆਂ ਅੱਖਾਂ ਭਾਰੀ ਹੋ ਗਈਆਂ। ਹਲਕੀ ਨੀਂਦ ਆ ਗਈ। ਇਸ ਤੋਂ ਵੱਧ ਮੈਨੂੰ ਕੁਸ਼ ਨੀਂ ਪਤਾ। ਮੇਰੇ ਇਹ ਪੁੱਛਣ ’ਤੇ ਕਿ ਤੇਰੇ ਡੈਡੀ ਨਾਲ ਤੇਰੇ ਸਾਹਮਣੇ ਗੱਲ ਕਰਾਂ। ਉਸਨੇ ਆਖਿਆ ਕਿ ਮੇਰੇ ਸਾਹਮਣੇ ਡੈਡੀ ਨੂੰ ਕੁਸ਼ ਨਾ ਕਹਿਣਾ।

ਮੈਂ ਉਸਦੇ ਡੈਡੀ ਨੂੰ ਬੁਲਾਇਆ। ਨੀਲਮ ਦੇ ਸਾਹਮਣੇ ਹੀ ਇਹ ਕਿਹਾ ਕਿ ਜਿਹੜਾ ਇਸ ਦੇ ਮਨ ’ਤੇ ਬੋਝ ਸੀ, ਲਾਹ ਦਿੱਤਾ ਹੈ। ਹੁਣ ਇਹ ਬਿਲਕੁਲ ਠੀਕ ਹੈ। ਇਸ ਤੋਂ ਬਾਅਦ ਇਸ ਨੂੰ ਠੀਕ ਰੱਖਣਾ ਤੇਰੀ ਜ਼ਿੰਮੇਵਾਰੀ ਹੈ। ਇਹ ਮੈਨੂੰ ਮਹੀਨੇ ਵਿੱਚ ਇੱਕ ਵਾਰ ਫ਼ੋਨ ਕਰਕੇ ਆਪਣੇ ਬਾਰੇ ਦੱਸਦੀ ਰਹੇਗੀ। ਏਨਾ ਆਖ ਮੈਂ ਲੜਕੀ ਨੂੰ ਕਮਰੇ ਵਿੱਚੋਂ ਬਾਹਰ ਭੇਜ ਦਿੱਤਾ।

ਫਿਰ ਮੈਂ ਨੀਲਮ ਦੇ ਡੈਡੀ ਨੂੰ ਆਖਿਆ ਕਿ ਜੋ ਸਾਡੀ ਪੜ੍ਹਾਈ ਹੈ ਤੇ ਖੋਜ ਪੜਤਾਲ ਦਾ ਤਰੀਕਾ ਹੈ, ਉਸ ਅਨੁਸਾਰ ਤੂੰ ਪਿਓ ਧੀ ਦੇ ਰਿਸ਼ਤੇ ਨੂੰ ਕਲੰਕਿਤ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈਂ। ਤੈਨੂੰ ਇੱਕ ਵਾਰ ਗਲਤੀ ਸੁਧਾਰਨ ਲਈ ਮੁਆਫ਼ ਕਰ ਰਹੇ ਹਾਂ। ਜੇਕਰ ਮੁੜ ਜ਼ਿੰਦਗੀ ਵਿੱਚ ਅਜਿਹੀ ਹਰਕਤ ਕੀਤੀ ਤਾਂ ਨਤੀਜੇ ਭੁਗਤਣ ਲਈ ਤਿਆਰ ਰਹਿਣਾ। ਆਪਣੇ ਦੋਵਾਂ ਹੱਥਾਂ ਨਾਲ ਕੰਨ ਫੜ੍ਹਕੇ ਉਹ ਗਿੜਗਿੜਾਉਣ ਲੱਗਾ। ਮੈਂ ਆਪਣੇ ਕੀਤੇ ’ਤੇ ਸ਼ਰਮਿੰਦਾ ਹਾਂ। ਤੁਸੀਂ ਇਹ ਗੱਲ ਅਗਾਂਹ ਨਾ ਕਰਿਓ। ਅਜਿਹਾ ਮੁੜ ਨਹੀਂ ਹੋਵੇਗਾ। ਉਸ ਦਿਨ ਤੋਂ ਬਾਅਦ ਹਰ ਮਹੀਨੇ ਨੀਲਮ ਆਪਣੇ ਬਿਲਕੁਲ ਠੀਕ ਹੋਣ ਬਾਰੇ ਫ਼ੋਨ ’ਤੇ ਦੱਸ ਦਿੰਦੀ ਹੈ।

ਮਾਪਿਆਂ ਦਾ ਆਪਣੇ ਬੱਚਿਆਂ ਪ੍ਰਤੀ ਕੁਹਜਾਤਮਕ ਵਿਵਹਾਰ ਤੇ ਨੀਲਮ ਦਾ ਨਿਹੋਰਾ ਸੋਚਣ ਵਿਚਾਰਨ ਦਾ ਗੰਭੀਰ ਮੁੱਦਾ ਹੈ।

98728 74620

ਪੁਸਤਕ ‘ਮੰਤਰ’

ਪੁਸਤਕਾਂ ਪੜ੍ਹਨ ਦੀ ਆਦਤ ਨਾਲ਼ ਪਾਪਾ ਦਾ ਵਰਤ ਵਿਹਾਰ ਬਿਲਕੁਲ ਬਦਲ ਗਿਆ। ਉਨ੍ਹਾਂ ਦੇ ਸੁਭਾਅ ਵਿੱਚ ਸਹਿਜਤਾ ਆਈ। ਗੁੱਸਾ ਛੱਡ ਨਿਮਰਤਾ ਨਾਲ ਗੱਲ ਕਰਨ ਲੱਗੇ। ਘਰ ਵਿੱਚ ਲੜਾਈ ਝਗੜੇ ਦੀ ਥਾਂ ਸਾਂਝ ਸਨੇਹ ਨੇ ਮੱਲ ਲਈ। ਮੇਰੇ ਮੰਮਾ ਦੀ ਖ਼ੁਸ਼ੀ ਦਾ ਤਾਂ ਕੋਈ ਟਿਕਾਣਾ ਹੀ ਨਹੀਂ ਰਿਹਾ। ਉਹ ਕਹਿੰਦੇ, ਤੇਰੇ ਪਾਪਾ ਨੂੰ ਸਿੱਧੇ ਰਾਹ ਲਿਆਉਣ ਲਈ ਮੈਂ ਕੀ ਨਹੀਂ ਕੀਤਾ; ਹਰ ਡੇਰੇ, ਤਾਂਤਰਿਕ, ਪੁੱਛਾਂ ਦੇਣ ਵਾਲੇ, ਕਾਲਾ ਇਲਮ ਵਾਲੇ ਦੇ ਦਰਾਂ ’ਤੇ ਗਈ। ਧਾਰਮਿਕ ਸਥਾਨਾਂ ’ਤੇ ਜਾ ਕੇ ਸੁੱਖਣਾਂ, ਅਰਜ਼ੋਈਆਂ ਕੀਤੀਆਂ ਪਰ ਕਿਤੋਂ ਵੀ ਢੋਈ ਨੀਂ ਮਿਲੀ। ਕਿਸੇ ਦਾ ਦਿੱਤਾ ਧਾਗਾ, ਤਵੀਤ, ਮੰਤਰ ਕੰਮ ਨਹੀਂ ਆਇਆ। ਤੇਰਾ ਤਰੀਕਾ ਕਾਰ ਮੇਰੀ ਸਮਝ ਚ ਨੀਂ ਆਇਆ। ਜਿਸ ਨਾਲ ਤੇਰੇ ਪਾਪਾ ਦੀ ਕਾਇਆ ਕਲਪ ਹੋ ਗਈ। ਮੇਰਾ ਜੁਆਬ ਸੀ : ਮੰਮਾ ਜੀ, ਇਹ ਪੁਸਤਕ ‘ਮੰਤਰ’ ਹੈ। ਜਿਹੜਾ ਜਿਉਣ ਜਾਚ ਸਿਖਾਉਂਦਾ ਤੇ ਰਾਹ ਰੁਸ਼ਨਾਉਂਦਾ ਹੈ

ਮਾਯੂਸੀ ਕਿਉਂ !

“ਜੇਕਰ ਮੈਂ ਇਸ ਅਪੰਗਤਾ ਦੇ ਬਾਵਜੂਦ ਕਾਮਯਾਬ ਹੋ ਸਕਦਾ ਹਾਂ, ਜੇਕਰ ਮੈਂ ਮੈਡੀਕਲ ਸਾਇੰਸ ਨੂੰ ਹਾਰ ਦੇ ਸਕਦਾ ਹਾਂ, ਜੇਕਰ ਮੈਂ ਮੌਤ ਦਾ ਰਸਤਾ ਰੋਕ ਸਕਦਾ ਹਾਂ ਤਾਂ ਤੁਸੀਂ ਲੋਕ ਜਿਨ੍ਹਾਂ ਦੇ ਸਾਰੇ ਅੰਗ ਸਲਾਮਤ ਹਨ, ਜੋ ਚੱਲ ਸਕਦੇ ਹਨ, ਜੋ ਦੋਨਾਂ ਹੱਥਾਂ ਨਾਲ ਕੰਮ ਕਰ ਸਕਦੇ ਹਨ, ਜੋ ਖਾ ਪੀ ਸਕਦੇ ਹਨ, ਜੋ ਕਹਿਕਹਾ ਲਗਾ ਸਕਦੇ ਹਨ ਅਤੇ ਜੋ ਆਪਣੇ ਤਮਾਮ ਖ਼ਿਆਲ ਦੂਜੇ ਲੋਕਾਂ ਤੱਕ ਪਹੁੰਚਾ ਸਕਦੇ ਹਨ ਉਹ ਕਿਉਂ ਮਾਯੂਸ ਹਨ।”

- ਸਟੀਫ਼ਨ ਹਾਕਿੰਗ

ਭੈਂਸਲੀ ਦੀਆਂ ਘਟਨਾਵਾਂ ਦਾ ਰਹੱਸ



ਅਜਾਇਬ ਜਲਾਲਆਣਾ

ਸਾਡੇ ਦੇਸ਼ ਅੰਦਰ ਵਿਗਿਆਨਕ ਚੇਤਨਾ ਦੀ ਘਾਟ ਸਦਕਾ ਅੰਧਵਿਸ਼ਵਾਸਾਂ ਦਾ ਬੋਲ ਬਾਲਾ ਹੈ। ਅੰਧਵਿਸ਼ਵਾਸੀ ਨਜਰੀਏ ਦੀ ਮਾਰ ਹੇਠ ਆਏ ਲੋਕ ਇਸਦਾ ਸ਼ਿਕਾਰ ਬਣਦੇ ਹਨ। ਕੁਝ ਸਾਲ ਪਹਿਲਾਂ ਬੁਰਾੜੀ (ਦਿੱਲੀ) ਵਿਖੇ ਇੱਕ ਘਰ ਦੇ ਗਿਆਰਾਂ ਮੈਂਬਰਾਂ ਨੇ ਗਲ਼ ਚ ਫਾਹਾ ਪਾ ਕੇ ਇਸ ਲਈ ਆਤਮ ਹੱਤਿਆ ਕਰ ਲਈ ਸੀ ਕਿ ਉਹ ਅਖੌਤੀ ਪ੍ਰਮਾਤਮਾ ਨੂੰ ਮਿਲਣ ਜਾ ਰਹੇ ਨੇ..। ਰਾਜਸਥਾਨ ਦੇ ਚੁਰੂ ਜਿਲੇ ਦਾ ਭੈਂਸਲੀ ਪਿੰਡ, ਪਿਛਲੇ ਕਾਫ਼ੀ ਸਮੇਂ ਤੋਂ ਸਾਡੇ ਦੇਸ਼ ਅੰਦਰ ਹੀ ਨਹੀਂ ਪੂਰੀ ਦੁਨੀਆ ਦੇ ਮੀਡੀਆ, ਸੋਸ਼ਲ ਮੀਡੀਏ ਚ ਬੇਹੱਦ ਚਰਚਾ ਦਾ ਵਿਸ਼ਾ ਬਣਿਆ ਹੋਇਆ ਸੀ। 31 ਜਨਵਰੀ 2024 ਨੂੰ ਭੂਪ ਸਿੰਘ ਦੀ ਦਾਦੀ ਕਸਤੂਰੀ ਦੇਵੀ ਜੋ ਬਿਲਕੁਲ ਚੰਗੀ ਭਲੀ ਸੀ। ਉਸਨੂੰ ਅਚਾਨਕ ਉਲਟੀ ਆਈ ਤੇ ਉਸਦੀ ਰਹੱਸਮਈ ਢੰਗ ਨਾਲ ਮੌਤ ਹੋ ਗਈ। 13 ਫਰਵਰੀ ਨੂੰ ਬਿਲਕੁਲ ਇਸੇ ਤਰਾਂ ਭੂਪ ਸਿੰਘ ਦੇ ਅੱਠ ਸਾਲਾਂ ਦੇ ਪੁੱਤਰ ਗਰਵਿਤ ਦੀ ਵੀ ਮੌਤ ਹੋ ਗਈ। ਹੱਦ ਤਾਂ ਉਦੋਂ ਹੋ ਗਈ ਜਦੋਂ ਭੂਪ ਸਿੰਘ ਦੇ ਦੂਜੇ ਚਾਰ ਸਾਲਾਂ ਦੇ ਪੁੱਤਰ ਅਨੁਰਾਗ ਦੀ ਵੀ 28 ਫਰਵਰੀ 2024 ਨੂੰ ਇਸੇ ਤਰਾਂ ਰਹੱਸਮਈ ਮੌਤ ਹੋ ਗਈ।

ਘਟਨਾਵਾਂ ਦੀ ਲੜੀ :

ਪਰਿਵਾਰ ਵਿੱਚ ਆਪਣੇ-ਆਪ ਅੱਗ ਲੱਗਣ ਦੀਆਂ ਘਟਨਾਵਾਂ ਸ਼ੁਰੂ ਹੋ ਗਈਆਂ। ਕਦੀ ਕੱਪੜਿਆਂ ਨੂੰ ਆਪਣੇ ਆਪ ਅੱਗ ਲੱਗ ਜਾਂਦੀ। ਕਦੀ ਆਟੇ ਵਿੱਚ ਲੂਣ ਪੈ ਜਾਂਦਾ, ਕਦੇ ਗੁੜ। ਬਾਹਰ ਪਈਆਂ ਛਟੀਆਂ ਨੂੰ ਅਚਾਨਕ ਅੱਗ ਲੱਗ ਜਾਂਦੀ। ਘਟਨਾਵਾਂ ਦੀ ਖਬਰ ਪਿੰਡ ਵਿੱਚ ਫੈਲੀ ਤਾਂ ਲੋਕ ਮੂੰਹੋਂ ਮੂੰਹੀਂ ਗੱਲਾਂ ਕਰਨ ਲੱਗੇ। ਅਗਿਆਨਤਾ ਤੇ ਅੰਧ ਵਿਸ਼ਵਾਸਾਂ ਦੇ ਲੜ ਲੱਗੇ ਬਹੁਗਿਣਤੀ ਲੋਕਾਂ ਨੇ ਸੁਤੇ ਸਿੱਧ ਘਟਨਾਵਾਂ ਲਈ ਜ਼ਿੰਮੇਵਾਰ ਕਿਸੇ ਅਖੌਤੀ ਆਤਮਾ, ਓਪਰੀ ਕਸਰ ਜਾਂ ਭੂਤ ਪ੍ਰੇਤ ਨੂੰ ਹੀ ਮੰਨਣਾ ਸੀ। ਰਹੱਸਮਈ ਘਟਨਾਵਾਂ ਨੇ ਜ਼ੋਰ ਫੜ੍ਹਿਆ ਤਾਂ ਖਬਰ ਮੀਡੀਏ ਤੱਕ ਪਹੁੰਚੀ। ਮੀਡੀਆ ਸਾਹਮਣੇ ਵੀ ਅੱਗ ਲੱਗਣ ਦੀਆਂ ਘਟਨਾਵਾਂ ਹੋਣ ਲੱਗੀਆਂ। ਏਸ ਰਹੱਸ ਦੀਆਂ ਖਬਰਾਂ ਦੇਸ਼ ਦੁਨੀਆਂ 'ਚ ਅੱਗ ਵਾਂਗੂੰ ਫੈਲਣ ਲੱਗੀਆਂ।

ਮੀਡੀਆ ਦਾ ਰੋਲ :

ਕ੍ਰਾਈਮ ਰਿਪੋਰਟਰਾਂ ਨੇ ਖਾਸ ਰਿਪੋਰਟਿੰਗਾਂ ਸ਼ੁਰੂ ਕੀਤੀਆਂ। ਜ਼ਿਆਦਾਤਰ ਸਾਡੇ ਅੰਧਵਿਸ਼ਵਾਸੀ ਸਮਾਜ ਨੇ ਇਸਨੂੰ ਭੂਤ-ਪ੍ਰੇਤ, ਤੰਤਰ-ਮੰਤਰ ਦਾ ਚੱਕਰ ਮੰਨਣਾ ਸ਼ੁਰੂ ਕਰ ਲਿਆ। ਘਟਨਾਵਾਂ ਦੇ ਹੱਲ ਲਈ ਪਰਿਵਾਰ ਵਿੱਚ ਤਾਂਤਰਿਕ, ਬਾਬਿਆਂ ਦਾ ਆਉਣਾ ਸ਼ੁਰੂ ਹੋਇਆ। ਇਕ ਤਾਂਤਰਿਕ ਨੇ ਤਾਂ ਹੱਦ ਈ ਕਰ ਦਿੱਤੀ। ਮੀਡੀਆ ਸਾਹਮਣੇ ਪਰਿਵਾਰ ਮੁਖੀ ਦੀ ਮਰ ਚੁੱਕੀ ਦਾਦੀ ਕਸਤੂਰੀ ਦੇਵੀ ਦੀ ਕਥਿਤ ਆਤਮਾ ਨਾਲ ਮੋਬਾਈਲ 'ਤੇ ਲਾਈਵ ਗੱਲਬਾਤ ਕਰਨ ਦਾ ਡਰਾਮਾ ਵੀ ਵਿਖਾਇਆ। ਅੰਧਵਿਸ਼ਵਾਸ ਦਾ ਪ੍ਰਚਾਰ ਜ਼ੋਰ ਫੜ੍ਹਨ ਲੱਗਾ ਤਾਂ ਸੋਸ਼ਲ ਮੀਡੀਏ ਵਿੱਚ ਜ਼ਿਆਦਾ ਵਿਊ ਲੈਣ ਦੀ ਲਾਲਸਾ ਸਿਰ ਚੜ੍ਹ ਬੋਲਣ ਲੱਗੀ। ਆਪੋ ਆਪਣੇ ਚੈਨਲਾਂ ਨੂੰ ਪ੍ਰਮੋਟ ਕਰਨ ਲਈ ਪੱਤਰਕਾਰਾਂ ਨੇ ਰਹੱਸਮਈ ਘਟਨਾਵਾਂ ਨੂੰ ਗੈਬੀ ਸ਼ਕਤੀਆਂ ਨਾਲ਼ ਜੋੜਨ ਦੀ ਕੋਈ ਕਸਰ ਨਹੀਂ ਛੱਡੀ।

ਤਾਂਤਰਿਕ :

ਘਟਨਾਵਾਂ ਦੇ ਹੱਲ ਲਈ ਆਉਂਦੇ ਤਾਂਤਰਿਕਾਂ 'ਤੇ ਪੁਲਿਸ ਨੇ ਕਾਰਵਾਈ ਕਰਨ ਦੀ ਕੋਸ਼ਿਸ਼ ਕੀਤੀ ਤਾਂ ਪਰਿਵਾਰ ਨਾਲ ਹਮਦਰਦੀ ਦੇ ਚਲਦਿਆਂ, ਪਿੰਡ ਵਾਸੀਆਂ ਨੇ ਪੁਲਸ ਨੂੰ ਹੀ ਕੁੱਟ ਕੇ ਭਜਾ ਦਿੱਤਾ। ਉੱਥੋਂ ਦੇ ਸਥਾਨਕ ਅਧਿਕਾਰੀ ਦੇ ਸਾਹਮਣੇ ਹੀ ਅੱਗ ਲੱਗਣ ਦੀ ਘਟਨਾ ਵਾਪਰ ਗਈ। ਉਸ ਵੱਲੋਂ ਮੌਕੇ 'ਤੇ ਸਿਰ ਝੁਕਾ ਕੇ ਕਥਿਤ ਅਖੌਤੀ ਗੈਬੀ ਸ਼ਕਤੀਆਂ ਤੋਂ ਮੁਆਫੀ ਮੰਗਣ ਦੀ ਘਟਨਾ ਨੇ ਲੋਕ ਮਨਾਂ 'ਤੇ ਦੈਵੀ ਸ਼ਕਤੀਆਂ ਦੀ ਧਾਰਨਾ ਨੂੰ ਪੱਕਾ ਕੀਤਾ। ਵਿਗਿਆਨਕ ਯੁੱਗ ਵਿੱਚ ਉੱਚ ਅਧਿਕਾਰੀਆਂ, ਸਿਆਸੀ ਨੇਤਾਵਾਂ ਤੇ ਸਰਕਾਰਾਂ ਵੱਲੋਂ ਨਿਭਾਇਆ ਜਾਂਦਾ ਅਜਿਹਾ ਰੋਲ ਉਨ੍ਹਾਂ ਵੱਲੋਂ ਅੰਧ ਵਿਸ਼ਵਾਸਾਂ ਦੇ ਪ੍ਰਚਾਰ ਪਸਾਰ ਦੀ ਸਾਜਿਸ਼ ਨੂੰ ਬੇ ਪਰਦ ਕਰਦਾ ਹੈ।

ਤਰਕਸ਼ੀਲ :

ਅਜਿਹੀ ਸਥਿਤੀ ਵਿੱਚ ਉੱਥੇ ਤਰਕਸ਼ੀਲਾਂ ਦਾ ਜਾਣਾ ਤੇ ਘਟਨਾਵਾਂ ਨੂੰ ਰੋਕਣਾ ਕਿੰਨਾਂ ਚੁਣੌਤੀ ਭਰਿਆ ਕੰਮ ਹੋਵੇਗਾ? ਸੋਸ਼ਲ ਮੀਡੀਏ ਰਾਹੀਂ ਤਰਕਸ਼ੀਲਾਂ ਕੋਲ਼ ਜਦ ਇਹ ਚੁਣੌਤੀ ਆਈ ਤੇ ਸਵੀਕਾਰ ਵੀ ਕੀਤੀ ਗਈ। ਪਰਿਵਾਰ ਨਾਲ਼ ਰਾਬਤਾ ਬਣਿਆ। ਰਾਜਸਥਾਨ, ਹਰਿਆਣਾ ਦੇ ਤਰਕਸ਼ੀਲਾਂ ਦੀ ਸਾਂਝੀ ਟੀਮ ਨੇ ਘਰ ਜਾਕੇ ਮਸਲਾ ਹੱਲ ਕਰਨ ਦੀ ਪਹਿਲਕਦਮੀ ਕੀਤੀ ਤਾਂ ਓਥੇ ਮੌਜੂਦ ਪੁਲਿਸ ਅਧਿਕਾਰੀਆਂ ਨੇ ਕੁਝ ਦਿਨਾਂ ਬਾਅਦ ਆਉਣ ਲਈ ਕਿਹਾ। ਪੁਲਿਸ ਅਨੁਸਾਰ ਬੱਚੇ ਦੀ ਪੋਸਟ ਮਾਰਟਮ ਰਿਪੋਰਟ ਤੇ ਅੱਗ

ਲਾਉਣ ਵਾਲ਼ੇ ਕੈਮੀਕਲ ਦੀਆਂ ਰਿਪੋਰਟਾਂ ਆਉਣੀਆਂ ਬਾਕੀ ਸਨ।

ਪੋਸਟਮਾਰਟਮ ਦੀ ਰਿਪੋਰਟ ਆਉਣ 'ਤੇ ਪਤਾ ਲੱਗਿਆ ਮੌਤ ਦਾ ਕਾਰਨ ਜ਼ਹਿਰ ਸੀ। ਇਸੇ ਤਰ੍ਹਾਂ ਥਾਂ ਥਾਂ ਲੱਗੀ ਅੱਗ ਦੇ ਅਵਸ਼ੇਸ਼ਾਂ ਦੀ ਲੈਬ ਚੋਂ ਕਰਵਾਈ ਜਾਂਚ ਦੀ ਰਿਪੋਰਟ ਆਈ। ਹਰ ਵਸਤੂ 'ਤੇ ਆਪਣੇ ਆਪ ਅੱਗ ਲਾਉਣ ਵਾਲ਼ੇ ਵਿਸ਼ੇਸ਼ ਕੈਮੀਕਲ ਦੀ ਪੁਸ਼ਟੀ ਹੋਣ ਕਰਕੇ ਹੁਣ ਪੁਲਸ ਦਾ ਪਰਿਵਾਰਕ ਮੈਂਬਰਾਂ 'ਤੇ ਸ਼ੱਕ ਯਕੀਨ 'ਚ ਬਦਲ ਗਿਆ। ਇਹਨਾਂ ਘਟਨਾਵਾਂ ਕਰਨ ਦਾ ਪਹਿਲਾਂ ਭੂਪ ਸਿੰਘ ਦੀ ਪਤਨੀ 'ਤੇ ਸਭ ਨੂੰ ਸ਼ੱਕ ਸੀ ਪਰ ਕਾਤਲ ਭੂਪ ਸਿੰਘ ਖ਼ੁਦ ਆਪ ਨਿਕਲਿਆ।

ਐਨੇ ਸਾਲਾਂ ਤੋਂ ਵਿਆਹੇ ਭੂਪ ਸਿੰਘ ਨੂੰ ਆਪਣੀ ਪਤਨੀ ਦੇ ਚਰਿੱਤਰ 'ਤੇ ਸ਼ੱਕ ਸੀ ਕਿ ਦੋਵੇਂ ਮੁੰਡੇ ਉਸਦੇ ਨਹੀਂ ਹਨ। ਜਿਸ ਕਰਕੇ ਉਸਨੇ ਪੂਰੇ ਪਰਿਵਾਰ ਨੂੰ ਖਤਮ ਕਰਨ ਦੀ ਸਾਜਿਸ਼ ਰਚੀ।

ਅੰਧਵਿਸ਼ਵਾਸੀ ਧਾਰਨਾਵਾਂ :

ਦਰਅਸਲ ਭੂਪ ਸਿੰਘ ਆਪ ਮੈਡੀਕਲ ਸਟੋਰ ਚਲਾਉਂਦਾ ਸੀ। ਉਸਨੂੰ ਇਹਨਾਂ ਕੈਮੀਕਲਾਂ ਬਾਰੇ ਗਿਆਨ ਸੀ। ਪਰਿਵਾਰ ਦੇ ਮੈਂਬਰਾਂ ਨੂੰ ਸੌਖੀ ਮੌਤ ਦੀ ਨੀਂਦ ਸੁਲਾਉਂਦਾ ਰਿਹਾ। ਇਸੇ ਤਰ੍ਹਾਂ ਅੱਗ ਲਾਉਣ ਵਾਲੇ ਕੈਮੀਕਲ ਦੀ ਵਰਤੋਂ ਕਰਕੇ ਥਾਂ ਥਾਂ ਅੱਗ ਲਾਉਣ ਦੀਆਂ ਘਟਨਾਵਾਂ ਨੂੰ ਅੰਜ਼ਾਮ ਦਿੰਦਾ ਰਿਹਾ। ਪੁਲਿਸ ਦੀ ਤਫਤੀਸ਼ ਮੁਤਾਬਕ ਬੱਚੇ ਸਾਰਾ ਦਿਨ ਉਸਦੀ ਦਾਦੀ ਕੋਲ ਰਹਿੰਦੇ ਸਨ। ਭੂਪ ਸਿੰਘ ਨੂੰ ਬੱਚੇ ਮਾਰਨ ਦਾ ਮੌਕਾ ਨਾ ਮਿਲਣ ਕਰਕੇ ਉਸਨੇ ਦਾਦੀ ਨੂੰ ਖੰਘ ਦੀ ਦਵਾਈ 'ਚ ਖਾਸ ਤਰ੍ਹਾਂ ਦਾ ਜ਼ਹਿਰ ਮਿਲਾਕੇ ਦਿੱਤਾ ਜਿਸਦੇ ਦੇਣ ਕਰਕੇ ਉਸਦੀ ਮੌਤ ਹੋਈ। ਫੇਰ ਆਪਣੇ ਦੋਵੇਂ ਪੁੱਤਰਾਂ ਨੂੰ ਵੀ ਜ਼ਹਿਰ ਦੇ ਕੇ ਮਾਰ ਦਿੱਤਾ। ਨਾਲ ਹੀ ਧਿਆਨ ਭਟਕਾਉਣ ਲਈ ਅਤੇ ਲੋਕਾਂ ਦੀ ਹਮਦਰਦੀ ਲੈਣ ਲਈ ਪਹਿਲਾਂ ਆਪਣੇ ਘਰ 'ਤੇ ਆਪ ਪੱਥਰਬਾਜ਼ੀ ਕੀਤੀ। ਫੇਰ ਕੈਮੀਕਲ ਦੀ ਵਰਤੋਂ ਕਰਕੇ ਆਪ ਹੀ ਘਰ 'ਚ ਥਾਂ-ਥਾਂ ਅੱਗ ਲਾਉਂਦਾ ਰਿਹਾ। ਆਖਰ ਇਕ ਮਹੀਨੇ ਬਾਅਦ ਇਸ ਅੰਧਵਿਸ਼ਵਾਸੀ ਡਰਾਮੇ ਦਾ ਅੰਤ ਹੋ ਗਿਆ। ਲੋਕਾਂ ਨੂੰ ਗੁੰਮਰਾਹ ਕਰਨ ਵਾਲ਼ਾ, ਪਰਿਵਾਰ ਦਾ ਮੁਖੀ ਭੂਪ ਸਿੰਘ ਖ਼ੁਦ ਹੀ ਕਾਤਲ ਨਿਕਲਿਆ। ਇਸ ਤਰ੍ਹਾਂ ਘਟਨਾਵਾਂ ਦੇ ਰਹੱਸ ਦੇ ਭੇਦ ਤੋਂ ਪਰਦਾ ਚੁੱਕਿਆ ਗਿਆ। ਮਾਸੂਮ ਬੱਚਿਆਂ ਤੇ ਬੁੱਢੀ ਦਾਦੀ ਦਾ ਸਾਈਕੋ ਕਿਲਰ (ਮਾਨਸਿਕ ਰੋਗੀ ਕਾਤਲ) ਭੂਪ ਸਿੰਘ ਹੁਣ ਜੇਲ੍ਹ ਦੀਆਂ ਸੀਖਾਂ ਪਿੱਛੇ ਹੈ।

ਸਾਰ ਤੱਤ :

ਪੁਲਿਸ ਕੋਲ ਦਿੱਤੇ ਬਿਆਨਾਂ ਅਤੇ ਮੀਡੀਏ ਵਿੱਚ ਆਈਆਂ ਖ਼ਬਰਾਂ ਅਨੁਸਾਰ ਭੂਪ ਸਿੰਘ ਸ਼ੱਕ ਕਰਨ ਦੇ ਸਨਕ ਰੋਗ ਤੋਂ ਪੀੜਿਤ ਸੀ। ਜਿਸ ਵਿੱਚ ਵਿਅਕਤੀ ਕਿਸੇ ਨਿਰ ਆਧਾਰ ਕਾਰਣਾਂ ਨੂੰ ਅਧਾਰ ਬਣਾ ਕੇ ਆਪਣੇ ਜੀਵਨ ਸਾਥੀ ਦੇ ਚਰਿੱਤਰ 'ਤੇ ਸ਼ੱਕ ਕਰਨ ਲੱਗ ਪੈਂਦਾ ਹੈ। ਉਹ ਆਪਣੇ ਸ਼ੱਕ ਨੂੰ ਜ਼ਾਇਜ਼ ਠਹਿਰਾਉਣ ਲਈ ਕਿਸੇ ਤਰ੍ਹਾਂ ਦੀ ਵੀ ਪੜਤਾਲ ਜਾਂ ਸਬੂਤ ਦਾ ਵੇਰਵਾ ਨਹੀਂ ਦਿੰਦਾ, ਸਗੋਂ ਉਸਦਾ ਦਾਅਵਾ ਹੁੰਦਾ ਹੈ ਕਿ ਦੋਸ਼ੀ ਬੜੀ ਚਲਾਕੀ ਨਾਲ ਸਬੂਤ ਮਿਟਾ ਰਿਹਾ ਹੈ। ਇਸ ਰੋਗ ਦਾ ਪਤਾ ਲੱਗ ਜਾਣ 'ਤੇ ਇਲਾਜ ਸੰਭਵ ਹੁੰਦਾ ਹੈ ਜਿਸ ਨੂੰ ਠੀਕ ਕਰਨ ਵਿੱਚ ਮਨੋਰੋਗ ਮਾਹਿਰ ਦਾ ਅਹਿਮ ਰੋਲ ਹੁੰਦਾ ਹੈ। ਜਦਕਿ ਰੋਗੀ ਨੂੰ ਠੀਕ ਕਰਨ ਵਿਚ ਕੌਂਸਲਿੰਗ ਤੇ ਪਰਿਵਾਰ ਦਾ ਮਾਹੌਲ ਵੀ ਕਾਰਗਰ ਸਾਬਤ ਹੁੰਦਾ ਹੈ। ਇਹ ਰੋਗ ਔਰਤਾਂ ਤੇ ਮਰਦਾਂ ਦੋਹਾਂ ਵਿੱਚ ਹੀ ਪਾਇਆ ਜਾਂਦਾ ਹੈ। ਮਰਦ ਪ੍ਰਧਾਨ ਸਮਾਜ ਹੋਣ ਕਾਰਣ ਇਸ ਦੇ ਰੋਗੀਆਂ ਵਿੱਚ ਮਰਦ ਵਧੇਰੇ ਆਉਂਦੇ ਹਨ। ਅਜਿਹੇ ਬਹੁਤ ਸਾਰੇ ਕੇਸ ਤਰਕਸ਼ੀਲ ਸੁਸਾਇਟੀ ਨੇ ਸੁਲਝਾਏ ਹਨ। ਇਹ ਕੇਸ ਵੀ ਸਮੇਂ ਸਿਰ ਮਨੋਰੋਗ ਮਾਹਿਰ ਡਾਕਟਰ ਕੋਲ ਲਿਜਾਇਆ ਜਾਂਦਾ ਤਾਂ ਏਡਾ ਵੱਡਾ ਦੁਖਾਂਤ ਨਹੀਂ ਸੀ ਵਾਪਰਨਾ। ਇਸ ਤਰ੍ਹਾਂ ਭੂਪ ਸਿੰਘ ਦਾ ਵਸਦਾ ਰਸਦਾ ਪਰਿਵਾਰ ਸਮਾਜ ਵਿੱਚ ਪ੍ਰਚਲਿਤ ਅੰਧਵਿਸ਼ਵਾਸਾਂ, ਅਗਿਆਨਤਾ ਤੇ ਗੈਰ ਵਿਗਿਆਨਕ ਧਾਰਨਾਵਾਂ ਦੀ ਭੇਂਟ ਚੜ੍ਹ ਗਿਆ।

94167 24331


ਨਸ਼ਤਰਾਂ :

ਬੇਸ਼ਰਮਾਂ ਨੇ ਬਦਲ ਲਏ ਪਾਲੇ,
ਅਸੀਂ ਵੋਟਾਂ ਵਾਲੀ ਖੇਡ ਖੇਡਣੀ।

ਹਰਾ ਪੈੱਨ ਨਾ ਹਜ਼ੂਰ ਸਾਡਾ ਚੱਲਿਆ,
ਗਿੱਠ ਦੀ ਜ਼ੁਬਾਨ ਚਲਦੀ ।

ਕਿੱਥੋਂ ਬਾਲੇਂਗਾ ਗਿਆਨ ਦੇ ਦੀਵੇ,
ਕਿਤਾਬਾਂ ਨੂੰ ਸਿਉਂਕ ਖਾ ਗਈ।


ਰਾਜ ਨੇਤਾ ਥੁੱਕ ਥੁੱਕ ਚਟਦੇ,
ਕਿਹਾ ਜਾਂਦਾ ਘਰ ਵਾਪਸੀ।



ਨੀਂਦ ਉੱਡ ਗਈ ਹਾਕਮਾ ਤੇਰੀ,
ਧਰਤੀ ਦੇ ਪੁੱਤ ਜਾਗ ਪਏ।

ਜਗਸੀਰ ਜੀਦਾ
94173 33203

ਮੁਬੀਨਾ ਕਿ ਸੁਕੀਨਾ



ਗੁਰਬਖ਼ਸ਼ ਸਿੰਘ ਪ੍ਰੀਤਲੜੀ

> ਬਰਤੋਲਤ ਬਰੈਖਤ ਨੇ ਨਾਟਕ ‘ਕਾਕੇਸ਼ੀਅਨ ਚਾਕ ਸਰਕਲ’ ਵਿਚ ਪੁੱਤ ਨੂੰ ਜਨਮ ਦੇਣ ਵਾਲੀ ਮਾਂ ਅਤੇ ਉਸ ਦੀ ਜਾਨ ਬਚਾਉਣ ਵਾਲੀ ਮਾਂ ਦੇ ਪੁੱਤਰ ’ਤੇ ਹੱਕ ਜਤਾਉਣ ਦੀ ਕਹਾਣੀ ਲਿਖੀ ਏ; ਗੁਰਬਖ਼ਸ਼ ਸਿੰਘ ਪ੍ਰੀਤਲੜੀ ਨੇ ਪੰਜਾਬ ਵੰਡ ਵੇਲੇ ਦੀ ਅਜਿਹੀ ਦਰਦਨਾਕ ਕਹਾਣੀ ਲਿਖੀ ਹੈ ਜੋ ਬਰੈਖਤ ਦੇ ਨਾਟਕ ਵਾਂਗ ਵੱਡੇ ਪਸਾਰਾਂ ਵਾਲੀ ਹੈ।

ਪਿੰਡ ਦੇ ਇਕੋ ਇਕ ਪੱਕੇ ਘਰ ਦੇ ਪਛਵਾੜਿਓਂ ਮਰਦ ਤੇ ਤੀਵੀਂ ਚੋਰਾਂ ਵਾਂਗ ਅੱਗਾ ਪਿੱਛਾ ਘੋਖਦੇ ਨਿਕਲੇ। ਸਾਹਮਣੇ ਸੂਰਜ ਲਹਿ ਰਿਹਾ ਸੀ, ਸਿੱਧੀਆਂ ਕਿਰਨਾਂ ਉਨ੍ਹਾਂ ਦੇ ਮੂੰਹ ਉੱਤੇ ਪਈਆਂ। ਮਰਦ ਦਾ ਜੁੱਸਾ ਜਵਾਨ ਤੇ ਤਕੜਾ, ਤੀਵੀਂ ਦੀ ਨੁਹਾਰ ਸੁਹਣੀ ਤੇ ਪਤਲੀ ਪਰ ਦੋਹਾਂ ਦੇ ਹਵਾਸ ਉੱਡੇ ਹੋਏ। ਪਲ ਦਾ ਪਲ ਪਰਲੇ ਸਿਰਿਓਂ ਆਉਂਦੀਆਂ ’ਵਾਜ਼ਾਂ ਸੁਣਨ ਲਈ ਖਲੋ ਕੇ, ਉਹ ਥੋੜ੍ਹੀ ਦੂਰ ਸਰ ਸਰ ਕਰਦੇ ਕਮਾਦ ਦੇ ਖੇਤ ਵਿੱਚ ਜਾ ਵੜੇ। ਇਸ ਖੇਤ ਦੇ ਇੱਕ ਪਾਸੇ ਬੰਨੇ ਉੱਤੇ ਲਸੂੜੇ ਦਾ ਦਰਖਤ ਸੀ। ਇਹ ਜ਼ੈਲਦਾਰ ਹਾਸ਼ਮ ਅਲੀ ਦਾ ਪੁੱਤਰ ਕਾਸਮ ਤੇ ਉਹਦੀ ਨੂੰਹ ਜ਼ੀਨਤ ਸਨ। ਜ਼ੈਲਦਾਰ ਹਾਸ਼ਮ, ਉਹਦਾ ਕਬੀਲਾ ਤੇ ਪਿੰਡ ਦੇ ਬਹੁਤ ਸਾਰੇ ਲੋਕ ਦੋ ਘੰਟੇ ਨਹੀਂ ਹੋਏ ਕਿ ਪਿੰਡ ਖਾਲੀ ਕਰ ਗਏ ਸਨ। ਅੱਜ ਤੱਕ ਜ਼ੈਲਦਾਰ ਬੜੇ ਹੌਂਸਲੇ ਵਿੱਚ ਰਿਹਾ ਸੀ। ਅਵਾੜੇ ਬੜੇ ਉਡਦੇ ਸਨ, ਕਿ ਉਸ ਪਿੰਡ ਜਥਾ ਪੈ ਗਿਆ, ਇਸ ਪਿੰਡ ਪੈਣਾ ਏ। ਕੋਈ ਘੋੜੀ ਵਾਲਾ ਉਸ ਖੂਹ ’ਤੇ ਆਖ ਗਿਆ ਸੀ ਕਿ ਲੁਹਾਰਾਂ ਦੀ ਕੋਟਲੀ ਸਾਰੀ ਸੜ ਗਈ ਏ। ਜ਼ੈਲਦਾਰ ਕਹਿੰਦਾ, ‘ਸਭ ਅਵਾੜੇ ਨੇ, ਖ਼ਾਤਰ ਜਮ੍ਹਾਂ ਰੱਖੋ। ਨਵੇਂ ਨਗਰ ਦਾ ਵੱਡਾ ਸਰਦਾਰ ਮੇਰਾ ਦੋਸਤ ਆਪਣੇ ਬੱਚੇ ਸਾਡੇ ਪਿੰਡ ਸੁਆਣ ਨੂੰ ਤਿਆਰ ਏ।’

ਪਰ ਅੱਜ ਸਵੇਰੇ ਜਦੋਂ ਜ਼ੈਲਦਾਰ ਸਰਦਾਰ ਕੋਲੋਂ ਤਸੱਲੀ ਲੈਣ ਗਿਆ ਤਾਂ ਸਰਦਾਰ ਕੁਝ ਫਿਕਰਮੰਦ ਦਿੱਸਿਆ, ਤੇ ਉਹਦੇ ਕੋਲ ਬੈਠੇ ਹੀ ਕੁੱਝ ਸਿੱਖ ਉੱਠ ਕੇ ਉਸ ਨੂੰ ਪਰ੍ਹਾਂ ਲੈ ਗਏ ਤੇ ਜ਼ੈਲਦਾਰ ਦੇ ਕੰਨੀਂ ਮਾੜੀ ਜਿਹੀ ਭਿਣਕ ਪੈ ਗਈ, ‘ਸਰਦਾਰ ਜੀ ਧੋਖਾ ਨਾ ਖਾਣਾ, ਭਸੀਨੋਂ ਆਇਆਂ ਨੇ ਜਥਾ ਬਣਾ ਲਿਆ ਜੇ ਤੇ ਉਹ ਕਿਸੇ ਦੀ ਨਹੀਂ ਜੇ ਸੁਣਦੇ।’ ਪਿੰਡ ਮੁੜ ਕੇ ਜ਼ੈਲਦਾਰ ਨੇ ਵੱਡੀ ਮਸੀਤ ਵਿਚ ਮੀਟਿੰਗ ਕੀਤੀ ਤੇ ਪਿੰਡ ਖ਼ਾਲੀ ਕਰ ਦੇਣ ਦਾ ਫ਼ੈਸਲਾ ਹੋ ਗਿਆ। ਸਾਰੇ ਪਿੰਡ ਵਿੱਚ ਚੀਕ-ਚਿਹਾੜਾ ਮੱਚ ਗਿਆ। ਰੋਂਦਿਆਂ-ਧੋਂਦਿਆਂ ਨੇ ਗੰਢਾਂ ਬੁਚਕੀਆਂ ਬੱਧੀਆਂ, ਸਿੱਖ ਬੱਚਿਆਂ ਨਾਲ ਖੇਡਦੇ ਮੁਸਲਮਾਨ ਬੱਚਿਆਂ ਨੂੰ ਧੌਲ ਧੱਫੇ ਮਾਰ ਘਰੀਂ ਲਿਆਂਦਾ। ਕਿਹਰੂ ਨੇ ਸਰਾਜ਼ ਦੀ ਬਾਂਹ ਫੜ ਲਈ, ‘ਨਹੀਂ ਤਾਈ, ਇਹਨੂੰ ਮੈਂ ਨਹੀਂ ਜਾਣ ਦੇਣਾ।’ ਸਰਾਜ਼ ਦੀ ਮਾਂ ਨੇ ਇਹ ਆਂਹਦਿਆਂ ਕਿ “ਸਾਡਾ ਦਾਨਾ ਪਾਨੀ ਹੁਣ ਇੱਥੋਂ ਮੁੱਕ ਗਿਆ ਏ”, ਪੁੱਤਰ ਨੂੰ ਅੱਗੇ ਲਾ ਲਿਆ।

ਆਹ ਸੁੱਟ, ਅਹੁ ਫੜ, ਇਹਦੀ ਕਿਸੇ ਹਮਸਾਏ ਨੂੰ ਸਪੁਰਦੀ ਕਰ, ਬੂਹੇ ਜਿੰਦਰੇ ਮਾਰ, ਡੰਗਰਾਂ ਦੀਆਂ ਪਿੱਠਾਂ ਉੱਤੇ ਜੁੱਲੇ ਪ੍ਰਾਣੇ ਸੁੱਟ, ਲੋਕ ਆਪਣੇ ਘਰਾਂ ’ਚੋਂ ਨਿਕਲ ਕੇ ਗਲੀਆਂ ਵਿਚ ਇਕੱਠੇ ਹੋ ਗਏ। ਆਪਣੀਆਂ ਕੰਧਾਂ ਵੱਲ ਵੇਖ-ਵੇਖ ਬੁੱਢੇ ਲੋਕ ਧਾਹਾਂ ਮਾਰ ਰਹੇ ਸਨ। ਹਾਸ਼ਮ ਜ਼ੈਲਦਾਰ ਦੀਆਂ ਅੱਖਾਂ ਵੀ ਭਰੀਆਂ ਹੋਈਆਂ ਸਨ ਤੇ ਉਹ ਆਪਣੇ ਪੁੱਤਰ ਕਾਸਮ ਨੂੰ ਪਿਛਾਂਹ ਰਹਿਣੋਂ ਵਰਜ ਰਿਹਾ ਸੀ।

“ਤੁਸੀਂ ਬਿਲਕੁਲ ਫ਼ਿਕਰ ਨਾ ਕਰੋ”, ਕਾਸਮ ਆਂਹਦਾ ਸੀ, “ਜ਼ੀਨਤ ਕੁਝ ਬਿਮਾਰ ਤੇ ਬਹੁਤ ਘਾਬਰੀ ਹੋਈ ਐ। ਮੁਬੀਨਾ ਨੂੰ ਚੁੱਕ ਕੇ ਉਹਦੇ ਕੋਲੋਂ ਤੁਰਿਆ ਨਹੀਂ ਜਾਣਾ। ਨਾਲੇ ਮੈਂ ਸਾਰੀ ਖ਼ਬਰਸਾਰ ਲੈ ਕੇ ਆਵਾਂਗਾ। ਦੂਰੋਂ ਜਥਾ ਆਉਂਦਾ ਵੇਖ ਕੇ, ਮੈਂ ਜ਼ੀਨਤ ਨੂੰ ਘੋੜੀ ਉੱਤੇ ਅੱਗੇ ਬਿਠਾ, ਪੱਤਣੋਂ ਪਾਰ ਹੋ ਤੁਹਾਨੂੰ ਆ ਮਿਲਾਂਗਾ।”

ਕਈ ਹੋਰ ਜਵਾਨ ਵੀ ਪਿਛਾਂਹ ਰਹਿ ਗਏ, ਕੀ ਪਤਾ ਜਥਾ ਨਾ ਹੀ ਪਏ। ਨਵੇਂ ਨਗਰ ਦਾ ਸਰਦਾਰ ਜਥੇ ਨੂੰ ਰੋਕ ਹੀ ਲਏ, ਤੇ ਫਿਰ ਉਹ ਸਾਰੇ ਪਿੰਡ ਨੂੰ ਮੋੜ ਲਿਆਉਣਗੇ।

ਵਤਨ ਛੁੱਟ ਰਿਹਾ ਸੀ, ਪੈਲੀਆਂ ਖੂਹ ਛੁੱਟ ਰਹੇ ਸਨ, ਮੈਦਾਨ ਛੁੱਟ ਰਹੇ ਸਨ ਜਿਨ੍ਹਾਂ ਦੀ ਮਿੱਟੀ ਵਿਚ ਆੜੀਆਂ ਨਾਲ ਛਿੱਲੇ ਮੋਢੇ-ਅਭੁੱਲ ਯਾਦਾਂ ਬਣ ਗਏ ਸਨ। ਬੇਰੀਆਂ ਛੁੱਟ ਰਹੀਆਂ ਸਨ, ਜਿਨ੍ਹਾਂ ਦੇ ਬਚਪਨ ਵਿਚ ਚੋਰੀ ਖਾਧੇ ਬੇਰਾਂ ਵਰਗਾ ਮਿੱਠਾ ਫਲ ਫੇਰ ਕਦੇ ਕਿਸੇ ਨਹੀਂ ਖਾਧਾ।

ਆਪਣੇ ਖੂਹ ਕੋਲੋਂ ਲੰਘਦਿਆਂ ਇਬਰਾਹੀਮ ਦੀ ਵਹੁਟੀ ਦੀ ਹਾਅ ਨਿਕਲ ਗਈ, “ਹੁਣੇ ਨਵੀਆਂ ਟਿੰਡਾਂ ਪੁਆਈਆਂ ਸਨ। ਵੀਹ ਰੁਪਈਏ ਲਾ ਕੇ ਨਵੀਂ ਕਾਂਜਣ ਚੜ੍ਹਾਈ ਸੀ।”

ਭੌਂ-ਭੌਂ ਆਪਣੀਆਂ ਜੂਹਾਂ ਨੂੰ ਤੱਕਦੇ ਲੋਕਾਂ ਦੀਆਂ ਅੱਖਾਂ ਬੰਨ੍ਹਿਆਂ, ਢੇਰੀਆਂ, ਵਾੜਾਂ ਨਾਲ ਅੜ-ਅੜ ਰੁਕਦੀਆਂ। ਓੜਕ ਜਾਣਿਆ ਪਿਆਰਿਆ ਸਭ ਕੁੱਝ ਲੋਪ ਹੋ ਗਿਆ ਤੇ ਪਰਦੇਸ ਦੀ ਛਿਣਕ ਪਰ੍ਹਾਂ ਸੁੱਟਦੀ ਹੱਦ ਉੱਤੇ ਸੋਗੀ ਕਾਫ਼ਲਾ ਬਹਿ ਗਿਆ।

ਓਧਰ ਨਵੇਂ ਨਗਰੋਂ ਪੈਲੀਓਂ ਪੈਲੀ ਦੌੜਦਾ ਆ ਕੇ ਕੋਈ ਖ਼ਬਰ ਦੇ ਗਿਆ ਕਿ ਭੱਠੇ ਤੱਕ ਜਥਾ ਪਹੁੰਚ ਗਿਆ ਸੀ। ਕਾਸਮ ਆਪਣੇ ਤਬੇਲੇ ਵੱਲ ਭੱਜਾ ਗਿਆ, ਪਰ ਘੋੜੀ ਉੱਥੇ ਕੋਈ ਨਹੀਂ ਸੀ ਤੇ ਦੂਰੋਂ ਅਜੇ ਚੋਖੀ ਦੂਰੋਂ, ਤਲਵਾਰਾਂ ਲਿਸ਼ਕੀਆਂ ਉਹਨੂੰ ਦਿਸੀਆਂ।

'ਜ਼ੀਨਤ, ਜ਼ੀਨਤ! ਚੁੱਕ ਮੁਬੀਨਾ ਨੂੰ, ਘੋੜੀ ਕਿਸੇ ਕੋਲ ਖੜ੍ਹੀ ਏ। ਘਰ ਦੇ ਪਿਛਵਾੜੇ ਕਮਾਦ ਵਿਚ ਲੁਕਣ ਦੇ ਸਿਵਾ ਹੋਰ ਕੋਈ ਰਾਹ ਨਹੀਂ ਰਿਹਾ।" ਕਮਾਦ ਵਿਚ ਉਹ ਵੜੇ ਹੀ ਸਨ ਕਿ ਜਥਾ ਪਿੰਡ ਦੀ ਜੂਹ ਵਿਚ ਆ ਧਮਕਿਆ। ਬੰਨੇ ਕੋਲੋਂ ਕਈ ਦੌੜਦੇ ਲੰਘਦਿਆਂ ਦੀ 'ਵਾਜ਼ ਆਈ। "ਇਹ ਆਪਣੇ ਹੀ ਹੋਣਗੇ, ਪੱਤਣ ਵੱਲ ਨੱਠੇ ਜਾਂਦੇ।" ਕਾਸਮ ਨੇ ਆਖਿਆ। ਇੰਨੇ ਨੂੰ ਪਿੰਡ ਵਿੱਚੋਂ ਇਉਂ ਸ਼ੋਰ ਆਉਣ ਲੱਗ ਪਿਆ ਜਿਵੇਂ ਉੱਥੇ ਅਸਮਾਨ ਟੁੱਟ ਪਿਆ ਸੀ। ਸ਼ੋਰ ਉਨ੍ਹਾਂ ਦੇ ਨੇੜੇ ਆਉਂਦਾ ਜਾ ਰਿਹਾ ਸੀ। ਕਮਾਦ ਵਿੱਚ ਬੜਾ ਹੁੱਸੜ ਲੱਗ ਰਿਹਾ ਸੀ। ਮੁਬੀਨਾ ਭਾਵੇਂ ਅਜੇ ਜਾਗੀ ਨਹੀਂ ਸੀ, ਪਰ ਪਾਸੇ ਮਾਰਨ ਲੱਗ ਪਈ ਸੀ। 'ਬੜੀ ਮੁਸ਼ਕਲ ਬਣੀ, ਇਹਨੇ ਰੋ ਪੈਣਾ ਏ ਤੇ ਜਥਾ ਹੁਣ ਸਾਡੇ ਘਰ ਪਹੁੰਚਿਆ ਕਿ ਪਹੁੰਚਿਆ। ਦਾੜ ਦਾੜ ਕਰਦੇ ਦੋ ਘੁੜਸਵਾਰ ਬੰਨੇ ਦੇ ਲਾਗਿਉਂ ਲੰਘ ਗਏ ਜਿਵੇਂ ਉਹ ਕਿਸੇ ਨੱਠਦੇ ਦੇ ਮਗਰ ਪਏ ਸਨ।

"ਜ਼ੀਨਤ, ਮੁਬੀਨਾ ਦੇ ਜਾਗਣ ਤੋਂ ਪਹਿਲਾਂ ਲਿਆ ਮੈਂ ਇਹਨੂੰ ਲਸੂੜੇ ਹੇਠਾਂ ਪਾ ਆਵਾਂ। ਉਥੇ ਸੁੱਤੀ ਰਹੇਗੀ, ਤੇ ਜਦੋਂ ਜਥਾ ਮੁੜ ਗਿਆ, ਮੈਂ ਇਹਨੂੰ ਚੁੱਕ ਲਿਆਵਾਂਗਾ।" "ਜੀਅ ਨਹੀਂ ਮੰਨਦਾ, ਇਹ ਬੋਟ ਜਿਹਾ ਸੁੱਟ ਪਾਵਾਂ।" "ਛੇਤੀ ਕਰ, ਇਹਦੀ ਵੀ ਤੇ ਸਾਡੀ ਵੀ ਸੁਖ ਇਸ ਗੱਲ ਵਿੱਚ ਏ। ਇਹ ਅੰਦਰ ਜਾਗੀ ਤੇ ਅਸੀਂ ਸਾਰੇ ਮੋਏ।" ਪਿੰਡ ਵਿੱਚੋਂ ਗੋਲੀਆਂ ਚੱਲਣ ਦੀ ਠਾਹ ਠਾਹ ਆਈ। "ਫੜਾ ਮੈਨੂੰ ਇਕ ਮਿੰਟ ਨਾ ਸੋਚ।" ਜ਼ੀਨਤ ਨੇ ਮੁਬੀਨਾ ਦਾ ਮੂੰਹ ਚੁੰਮਿਆ ਤੇ ਕਾਸਮ ਨੇ ਛੇਤੀ ਦੇਣੇ ਉਸ ਹੱਥੋਂ ਕੁੜੀ ਲੈ ਲਈ ਤੇ ਬਾਹਰ ਲਿਆ ਕੇ ਲਸੂੜੇ ਹੇਠਾਂ ਪਾ ਦਿੱਤੀ। ਕਾਸਮ ਦਾ ਧਿਆਨ ਸੋਨੇ ਦੀ ਜ਼ੰਜੀਰੀ ਉੱਤੇ ਪਿਆ ਜਿਹੜੀ ਕਾਸਮ ਦੀ ਮਾਂ ਨੇ ਮੁਬੀਨਾ ਦੇ ਗਲ ਪਾਈ ਸੀ। ਉਸ ਸੋਚਿਆ ਕਿ ਇਹ ਲਾਹ ਲਵੇ, ਫਿਰ ਖ਼ਿਆਲ ਕੀਤਾ ਕਿ ਜੇ ਉਹ ਛੱਡਣੀ ਪਈ, ਤਾਂ ਲੱਭਣ ਵਾਲੇ ਨੂੰ ਜ਼ੰਜੀਰ ਸਮੇਤ ਮੁਬੀਨਾ ਖੌਰੇ ਭਾਰੀ ਨਾ ਹੀ ਜਾਪੇ ਤੇ ਉਹ ਇਹਦਾ ਚੰਗਾ ਖ਼ਿਆਲ ਕਰੇ।

"ਖ਼ੁਦਾ ਹਾਫਿਜ਼।" ਤੇ ਕਾਸਮ ਜ਼ੀਨਤ ਨੂੰ ਆ ਮਿਲਿਆ। ਐਨ ਉਨ੍ਹਾਂ ਦੇ ਘਰ ਵਿੱਚੋਂ 'ਵਾਜ਼ਾਂ ਆਉਣ ਲੱਗ ਪਈਆਂ। "ਮੇਰੇ ਮਗਰ ਮਗਰ ਬੂਟਾ ਬੂਟਾ ਬਚਾ ਕੇ ਖੜਾਕ ਨਾ ਹੋਣ ਦੇ, ਤੁਰੀ ਆ ਜ਼ੀਨਤ ਤੁਰੀ ਆ।" 'ਵਾਜ਼ਾਂ ਕੋਲੋਂ ਘਬਰਾ ਕੇ ਉਹ ਖੇਤ ਵਿਚ ਪਰਲੇ ਪਾਸੇ ਤੁਰੀ ਗਏ। "ਹਾਏ ਮੁਬੀਨਾ ਰੋ ਪਈ ਹੋਵੇਗੀ।" ਜ਼ੀਨਤ ਖੜ੍ਹੋ ਗਈ। "ਮੁਬੀਨਾ ਸੌਂਪ ਅੱਲਾਹ ਨੂੰ, ਤੁਰੀ ਆ ਖਲੋਣ ਦਾ ਵਕਤ ਨਹੀਂ।"

ਉਹ ਬੂਟਾ ਬੂਟਾ ਉਲੰਘਦੇ ਦੂਜੇ ਸਿਰੇ ਪਹੁੰਚ ਗਏ। ਹੁੱਸੜ ਨਾਲ ਜ਼ੀਨਤ ਦੀ ਜਾਨ ਮੂੰਹ ਆ ਰਹੀ ਸੀ। 'ਜ਼ਰਾ ਕੁ ਤੂੰ ਇੱਥੇ ਸਬਰ ਕਰ, ਮੈਂ ਬੰਨੇ ਤੋਂ ਵੇਖ ਆਵਾਂ।" ਘੁਸਮੁਸਾ, ਹਨੇਰਾ। ਨਾ ਜੀਆ ਨਾ ਜੁਆਤਰੂ। ਪੰਛੀ ਆਲ੍ਹਣਿਆਂ ਵਿਚ ਮੁੜ ਰਹੇ ਸਨ। ਜਿਸ ਪਹੇ ਤੋਂ ਤੁਰ ਕੇ ਅੱਠ ਵਰ੍ਹੇ ਰੋਜ਼ ਕਾਸਮ ਦੂਜੇ ਪਿੰਡ ਮਦੱਰਸੇ ਜਾਂਦਾ ਰਿਹਾ ਸੀ, ਉਹ ਅੱਜ ਉਹਨੂੰ ਮੌਤ ਦਾ ਪਹਾ ਜਾਪ ਰਿਹਾ ਸੀ। ਜਿਸ ਖੂਹ ਉੱਤੇ ਜ਼ੀਨਤ ਦਾ ਡੋਲਾ ਅਜੇ ਪਿਛਲੇਰੇ ਵਰ੍ਹੇ ਉਤਰਿਆ ਸੀ, ਉਹ ਖੂਹ ਅੱਜ ਬਾਂ-ਬਾਂ ਕਰ ਰਿਹਾ ਸੀ।

ਉੱਤੋਂ ਬੱਦਲ ਗਰਜਿਆ। ਮਹੀਨ ਮਹੀਨ ਜਿਹੀ ਫੁਹਾਰ ਹਵਾ ਨਾਲ ਉਡ ਕੇ ਉਹਦੇ ਬੁੱਲ੍ਹਾਂ ਉੱਤੇ ਪਈ। ਉਹਨੂੰ ਪਿਆਸ ਲੱਗੀ ਦਾ ਅਹਿਸਾਸ ਹੋਇਆ। ਮੁਬੀਨਾ ਯਾਦ ਆਈ ਕਿ ਉਹ ਰਾਤ ਸਾਰੀ ਭੁੱਖੀ ਰੋਂਦੀ ਰਹੇਗੀ।

ਜਦੋਂ ਹਨੇਰਾ ਗੂੜ੍ਹਾ ਹੋ ਗਿਆ। ਜ਼ੀਨਤ ਤੇ ਕਾਸਮ ਪੱਤਣ ਵੱਲ ਤੁਰ ਪਏ। ਮੁਬੀਨਾ ਨੂੰ ਜਾ ਕੇ ਲੈ ਆਉਣਾ ਅਣਹੋਣਾ ਹੋ ਗਿਆ ਸੀ। ਪੰਜ ਵਿੱਘਿਆਂ ਦੀ ਲੰਮੀ ਪੈਲੀ ਕਾਸਿਮ ਨੇ ਗੁਣਿਆਂ ਵਿਚ ਤੇਲ ਚੋ ਚੋ ਕੇ ਬੀਜੀ ਸੀ।

ਪੱਤਣ ਉੱਤੇ ਬੜੀ ਭੀੜ ਸੀ। ਬੇੜੀ ਇੱਕ ਸੀ ਤੇ ਉਹਦੇ ਦੋ ਮਲਾਹ ਭਾਵੇਂ ਸਨ ਮੁਸਲਮਾਨ, ਪਰ ਪਾਰ ਕਰਾਈ ਵੀਹ ਰੁਪਈਆਂ ਤੋਂ ਪੈਸਾ ਘੱਟ ਨਹੀਂ ਸਨ ਮੰਨਦੇ। ਤ੍ਰੀਮਤਾਂ ਟੂੰਬਾਂ ਲਾਹ ਲਾਹ ਫੜਾਂਦੀਆਂ ਸਨ। ਦੋ ਬੇਸਾਥ ਮੁਟਿਆਰਾਂ ਤਰਲੇ ਕਰ ਕਰ ਹਾਰ ਗਈਆਂ ਸਨ। ਜ਼ੀਨਤ ਨੇ ਦੋ ਚੂੜੀਆਂ ਬੁੱਕੋਂ ਲਾਹ ਕੇ ਕਾਸਮ ਦੇ ਹੱਥ ਫੜਾਈਆਂ। ਕਾਸਮ ਨੇ ਬਾਕੀ ਦੋ ਵੀ ਲੁਹਾ ਕੇ ਜੇਬ ਪਾ ਲਈਆਂ 'ਤੇ ਮਲਾਹਾਂ ਨੂੰ ਜ਼ਰਾ ਤਮਕ ਵਿਚ ਆ ਕੇ ਆਖਿਆ, "ਓ ਮੀਆਂ, ਕੁਝ 'ਤੇ ਖੌਫ਼ ਖਾਓ। ਤੁਹਾਨੂੰ ਚੰਗਾ ਲੱਗੇਗਾ ਜੇ ਇਹ ਜਵਾਨਾਂ ਜਹਾਨਾਂ ਦੁਸ਼ਮਣਾਂ ਦੇ ਢਹੇ ਚੜ੍ਹ ਜਾਣ। ਨਾਲੇ ਇਹ ਦੋ ਚੂੜੀਆਂ ਸੌ ਤੋਂ ਬਿਲਕੁਲ ਘੱਟ ਨਹੀਂ।"

ਕਾਸਮ ਦੇ ਰੋਅਬ ਹੇਠਾਂ ਮਲਾਹ ਆ ਗਏ ਤੇ ਬੇੜੀ ਭਰ ਕੇ ਪਾਰਲੇ ਕੰਢੇ ਜਾ ਲੱਗੀ। ਉੱਥੋਂ ਸਰਹੱਦ ਮਸਾਂ ਸਵਾ ਮੀਲ ਸੀ, ਤੇ ਵਿੱਚ ਆਬਾਦੀ ਕੋਈ ਨਹੀਂ ਸੀ।

ਰਾਤ ਸਾਰੀ ਮੀਂਹ ਕਦੇ ਵਰ੍ਹਦਾ ਤੇ ਕਦੇ ਹਟਦਾ ਰਿਹਾ। ਲਸੂੜੇ ਦੇ ਚੌੜੇ ਪੱਤਿਆਂ ਉੱਤੇ ਕਣੀਆਂ ਇਕੱਠੀਆਂ ਹੋ ਜਾਂਦੀਆਂ, ਹਵਾ ਆਉਂਦੀ ਤੇ ਮੁਬੀਨਾ ਦੇ ਮੂੰਹ ਉੱਤੇ ਡੁੱਲ੍ਹ ਪੈਂਦੀਆਂ। ਰੋਂਦੇ ਬੁਲ੍ਹ 'ਲਿਪ ਲਿਪ' ਕਰਨ ਲੱਗ ਪੈਂਦੇ। ਕਈ ਟੇਪੇ ਨਿੱਕੇ ਜਿਹੇ ਮੂੰਹ ਵਿੱਚ ਚਲੇ ਜਾਂਦੇ। ਕਦੇ ਉਹ ਰੋਂਦੀ, ਕਦੀ ਪਾਣੀ ਦੇ ਟੇਪਿਆਂ ਨਾਲ 'ਲਿਪ ਲਿਪ' ਕਰਦੀ, ਕਦੇ ਹੰਭ ਕੇ ਸੌਂ ਜਾਂਦੀ। ਇਸੇ ਤਰ੍ਹਾਂ ਰਾਤ ਲੰਘ ਗਈ। ਸੂਰਜ ਦਾ

ਪਹਿਲਾ ਚਾਨਣ ਜਦੋਂ ਸੁਨਹਿਰੀ ਕਿਰਨਾਂ ਉੱਤੇ ਚੜ੍ਹ ਕੇ ਮੁਬੀਨਾ ਦੇ ਮੂੰਹ ਤੱਕ ਪਹੁੰਚਿਆ ਤਾਂ ਉਹ ਲੱਤਾਂ ਬਾਹਾਂ ਮਾਰ ਰਹੀ ਸੀ। ਉਹਦੀਆਂ ਅੱਖਾਂ ਖੁੱਲ੍ਹੀਆਂ ਤੇ ਉਹਦੇ ਫ਼ੀਰੋਜ਼ੀ ਝੱਗੇ ਉੱਤੇ ਸੋਨੇ ਦੀ ਜ਼ੰਜੀਰ ਲਿਸ਼ ਲਿਸ਼ ਕਰ ਰਹੀ ਸੀ। ਰਾਤੀ ਜਥਾ ਮੋਟੀ-ਮੋਟੀ ਚੀਜ਼ ਵਸਤ ਚੁਗ ਕੇ ਚਲਾ ਗਿਆ ਸੀ। ਖ਼ਾਲੀ ਪਿੰਡ ਦੀ ਭਿਆਨਕਤਾ ਲੁਟੇਰਿਆਂ ਲਈ ਵੀ ਜ਼ਿਆਦਾ ਸੀ। ਦਿਨੇ ਛਾਹ ਵੇਲਾ ਪਾ ਕੇ ਉਹ ਫੇਰ ਮੁੜ ਆਏ। ਉਜਾੜ ਮੁੜ ਵਸ ਪਈ, ਪਰ ਇਹ ਵਸੇਬਾ ਨਿਰਾਲਾ ਸੀ। ਸੰਦੂਕ ਟੁੱਟ ਰਹੇ ਸਨ, ਜੰਦਰੇ ਭੱਜ ਰਹੇ ਸਨ, ਪੋਲੀਆਂ ਥਾਂਵਾਂ ਫੋਲ ਹੋ ਰਹੀਆਂ ਸਨ।

ਜ਼ੀਨਤ ਹੋਰਾਂ ਦੇ ਪੱਕੇ ਘਰ ਦੀ ਕਮਾਦ ਵਾਲੇ ਪਾਸੇ ਦੀ ਬਾਰੀ ਖੁੱਲ੍ਹੀ। ਕਿਸੇ ਨੇ ਬਾਰੀ 'ਚੋਂ ਤੱਕਿਆ। ਸਰ ਸਰ ਕਰਦਾ ਕਮਾਦ, ਮੀਂਹ ਨਾਲ ਧੁਪਿਆ ਸਾਵਾ ਕਚਾਹ ਲਸੂੜਾ ਤੇ ਔਹ ਕੀ ? ਕੋਈ ਬੱਚਾ, ਨਿੱਕਾ ਜਿਹਾ, ਚਿਚਲਾਂਦਾ। ਵੇਖਣ ਵਾਲਾ ਕੋਠੇ ਤੋਂ ਛੇਤੀ ਛੇਤੀ ਉਤਰ ਲਸੂੜੇ ਕੋਲ ਅਪੜਿਆ। ਕਿਸੇ ਨੂੰ ਆਪਣੇ ਵੱਲ ਤੱਕਦਾ ਵੇਖ ਕੇ ਮੁਬੀਨਾ ਇਕਦਮ ਚੁੱਪ ਕਰ ਗਈ। ਉਹਦੀਆਂ ਝਿਮਣੀਆਂ ਨਾਲ ਅੱਥਰੂ ਡਲ੍ਹਕ ਰਹੇ ਸਨ ਤੇ ਝੱਗੇ ਉੱਤੇ ਜ਼ੰਜੀਰ ਲਿਸ਼ਕ ਰਹੀ ਸੀ। ਵੇਖਣ ਵਾਲਾ ਬੜਾ ਖ਼ੁਸ਼ ਹੋਇਆ। ਉਹਨੇ ਨਿਉਂ ਕੇ ਬਾਹਾਂ ਅੱਡੀਆਂ। ਮੁਬੀਨਾ ਨੇ ਬੁੱਲ੍ਹ ਟੇਰ ਲਏ, ਜੀਕਰ ਅੱਧ ਭਰੋਸੇ ਵਿਚ। ਆਦਮੀ ਨੇ ਉਹਦੇ ਬੁੱਲ੍ਹਾਂ ਉੱਤੇ ਉਂਗਲਾਂ ਨਾਲ ਲਾਡ ਕੀਤਾ। ਮੁਬੀਨਾ ਹੁਣ ਮੁਸਕਰਾ ਪਈ। ਆਦਮੀ ਨੇ ਉਹਦੇ ਗਲੋਂ ਜ਼ੰਜੀਰੀ ਲਾਹ ਕੇ ਡੱਬ ਵਿਚ ਅੜੁੰਗ ਲਈ ਤੇ ਉਹਨੂੰ ਕੁੱਛੜ ਸਾਂਭ ਕੇ ਉਹ ਮੁੜ ਆਇਆ।

ਉਹਦਾ ਸਾਥੀ ਵੀ ਆਪਣੀ ਲੱਭਤ ਨਾਲ ਬੜਾ ਖ਼ੁਸ਼ ਹੋ ਰਿਹਾ ਸੀ। 'ਮੈਨੂੰ ਛੁੱਟੀ ਦੇ ਦਿਉ, ਸਰਦਾਰ ਜੀ, ਮੈਨੂੰ ਬੜਾ ਕੁਝ ਲੱਭ ਪਿਆ ਏ।" ਕੀ ਲੱਭਾ ਈ?" ਤੇ ਉਹਦੇ ਕੁੱਛੜ ਮੁਬੀਨਾ ਚੁੱਕੀ ਵੇਖ ਕੇ ਦੂਜਾ ਸਾਥੀ ਬੋਲਿਆ, "ਇਹਦੇ ਨਾਲ ਤੇਰਾ ਢਿੱਡ ਥੋੜ੍ਹਾ ਭਰਨਾ ਏ। ਮਾਰ ਲੈ ਦੋ ਹੱਥ, ਹੁਣ ਵੇਲਾ ਸੀ। ਫੇਰ ਪਛਤਾਏਂਗਾ।" "ਨਹੀਂ ਸਰਦਾਰ ਸੀ, ਮੈਨੂੰ ਤੁਸੀਂ ਜਾਣ ਹੀ ਦਿਓ। ਹੁਣ ਹੋਰ ਕਾਸੇ ਵਸਤ ਨੂੰ ਹੱਥ ਲਾਣ 'ਤੇ ਮਨ ਨਹੀਂ ਕਰਦਾ। ਇਹ ਖੌਰੇ ਕਦੋਂ ਦੀ ਭੁੱਖੀ ਏ।"

"ਕੁੜੀ ਆ?" "ਹਾਂ ਜੀ ਕੁੜੀ ਏ।" "ਤਾਂ ਤੇ ਮੌਜ਼ ਬਣ ਗਈ ਊ। ਵੇਖ ਖਾਂ, ਕਾਸਮ ਦੀ ਹੋਣੀ ਏ।" "ਮੈਂ ਫੇਰ ਜਾਵਾਂ ਜੀ?" "ਮਰਜ਼ੀ ਤੇਰੀ, ਵੇਲਾ ਚੰਗਾ ਸਾਈ। ਜੇ ਚੰਗੜੀ ਜੋਗੇ ਚਾਰ ਲੀੜੇ ਹੀ ਲੈ ਜਾਂਦੇ।" "ਚੰਗੜੀ ਮੇਰੀ ਨੂੰ ਤੁਸੀਂ ਜਾਣਦੇ ਈ ਹੋ, ਉਹ ਮੈਨੂੰ ਵੱਢ ਵੱਢ ਖਾਂਦੀ ਰਹਿੰਦੀ ਏ ਕਿ ਮੇਰੇ ਭੈੜੇ ਚਾਲਿਆਂ ਕਰ ਕੇ ਉਹਦਾ ਢਿੱਡ ਫਲਿਆ ਨਹੀਂ। ਕੱਪੜਿਆਂ ਨਾਲੋਂ ਉਹ ਇਹਨੂੰ ਬਹੁਤਾ ਚਾਹੇਗੀ।" "ਜਾ, ਲੈ ਜਾ ਸੂ ਤੇ ਘੋੜੀ ਸਾਡੀ ਹਵੇਲੀ ਬੰਨ੍ਹ ਦੇਈਂ।। ਇਹ ਚੰਗੜ ਮਾਨਾਵਾਲੇ ਦੇ ਇਕ ਵੈਲੀ ਜ਼ਿਮੀਂਦਾਰ ਦਾ ਸੰਗੀ ਸੀ। ਇਹਦੀ ਮਦਦ ਨਾਲ ਜ਼ਿਮੀਂਦਾਰ ਨੇ ਕਈ ਚੋਰੀਆਂ ਕੀਤੀਆਂ ਹੋਈਆਂ ਸਨ ਤੇ ਜਦੋਂ ਚਾਰ ਦਿਨ ਹੋਏ ਸਾਰੇ ਮੁਸਲਮਾਨ ਇਨ੍ਹਾਂ ਦੇ ਪਿੰਡੋਂ ਨਿਕਲ ਗਏ ਤਾਂ ਇਹਨੇ ਇਸ ਚੰਗੜ ਨੂੰ ਜਾਣ ਨਹੀਂ ਸੀ ਦਿੱਤਾ, "ਕੋਈ ਤੱਕ ਕੇ ਤਾਂ ਵੇਖੇ ਤੇਰੀ 'ਵਾ ਵੱਲ।"

ਚੰਗੜੀ ਨੇ ਬੂਹਾ ਖੋਲ੍ਹਿਆ, ਪਰ ਚੰਗੜ ਵੱਲ ਵੇਖੇ ਬਿਨਾਂ ਹੀ ਉਹ ਭੌਂ ਪਈ। ਕੁੰਡਾ ਅੜਾ ਕੇ ਚੰਗੜ ਬੋਲਿਆ, "ਪੁੱਛਦੀ ਨਹੀਂ ਮੈਂ ਲਿਆਇਆ ਕੀ ਹਾਂ!" "ਲਿਆਇਆ ਹੋਵੇਂਗਾ ਬੜਾ ਬੋਬਾ ਜਿਹਦੇ ਨਾਲ ਹੁਣ ਤੇਰੀ ਸਾਰੀ ਉਮਰ ਲੰਘ ਜਾਏਗੀ।" ਚੰਗੜੀ ਨੇ ਅਜੇ ਵੀ ਉਹਦੇ ਵੱਲ ਨਾ ਤੱਕਿਆ, ਤੇ ਜਾ ਕੇ ਬਹਿ ਗਈ।

"ਐਵੇਂ ਬੁੜ ਬੁੜ ਹੀ ਕਰੀ ਜਾਨੀ ਏਂ, ਵੇਖ ਤਾਂ ਸਹੀ।" ਤੇ ਚੰਗੜ ਨੇ ਮੁਬੀਨਾ ਦੇ ਮੂੰਹ ਤੋਂ ਪੱਲਾ ਹਟਾ ਕੇ ਉਹਦੇ ਸਾਹਮਣੇ ਕੀਤਾ। "ਹਾਏ ਮੈਂ ਮਰ ਗਈ"। ਚੰਗੜੀ ਨੇ ਦੋਵੇਂ ਹੱਥ ਮਲ ਕੇ ਆਖਿਆ, "ਇਹਦੀ ਮਾਂ ਗ਼ਰੀਬੜੀ ਨੂੰ ਕਿਸ ਤੱਤੜੇ ਮਾਰ ਮੁਕਾਇਆ ਏ?"

"ਪਤਾ ਕੁੱਝ ਨਹੀਂ, ਜ਼ੈਲਦਾਰ ਦੇ ਘਰ ਪਿੱਛੇ ਲਸੂੜੇ ਹੇਠਾਂ ਪਈ ਸੀ", ਤੇ ਡੱਬ ਵਿੱਚੋਂ ਜ਼ੰਜੀਰੀ ਕੱਢ ਕੇ ਚੰਗੜ ਨੇ ਆਖਿਆ, "ਇਹ ਇਹਦੇ ਗਲ ਵਿਚ ਸੀ, ਵੇਖ ਕੇ ਕੋਈ ਸੜੇ ਨਾ, ਮੈਂ ਡੱਬ ਵਿੱਚ ਲੁਕਾ ਲਈ।" ਚੰਗੜੀ ਨੇ ਮੁਬੀਨਾ ਨੂੰ ਕੁੱਛੜ ਲੈ ਲਿਆ। ਮੂੰਹ ਸਿਰ ਚੁੰਮਿਆ। ਸੌ ਸੌ ਸ਼ੁਕਰ ਮਨਾਇਆ। ਜ਼ੰਜੀਰੀ ਉਹਨੂੰ ਭੁੱਲ ਗਈ।

"ਤੂੰ ਭੁੱਖੀ ਹੋਵੇਂਗੀ, ਬਹੁਤ ਭੁੱਖੀ, ਸਾਰੀ ਰਾਤ ਤੂੰ ਕੁੱਝ ਨਹੀਂ ਪੀਤਾ, ਬਿੰਦ ਸਬਰ ਕਰ। ਤੇਰੇ ਬਖ਼ਤਾਂ ਨੂੰ ਸਾਡੀ ਗਾਂ ਵੀ ਮਿਲ ਪਈ ਏ, ਕੱਲ੍ਹ ਓਸ ਛੁਹਣ ਨਹੀਂ ਸੀ ਦਿੱਤਾ।" ਚੰਗੜੀ ਨੇ ਮੁਬੀਨਾ ਨਾਲ ਆਪਮੁਹਾਰੇ ਗੱਲਾਂ ਕੀਤੀਆਂ ਤੇ ਫਿਰ ਚੰਗੜ ਨੂੰ ਆਖਿਆ, "ਤੂੰ ਇਹਨੂੰ ਫੜ ਜ਼ਰਾ।" ਚੰਗੜੀ ਨੇ ਟਾਕੀ ਭਿਉਂ ਕੇ ਬਾਲੜੀ ਦੇ ਮੂੰਹ ਵਿਚ ਦੁੱਧ ਚੋਇਆ, ਕੌਲ ਦਾ ਵਾਰਾ ਉਹ ਪੀ ਗਈ। ਉਹਦਾ ਮੂੰਹ ਆਪਣੇ ਲੀੜੇ ਨਾਲ ਪੂੰਝ ਕੇ ਚੰਗੜੀ ਨੇ ਆਖਿਆ, "ਨਬੀ ਰਸੂਲ ਦੇ ਰਾਹ ਨਿਆਰੇ, ਇਹ ਮੇਰਾ ਚੰਦਰਾ ਢਿੱਡ ਕਿੱਥੋਂ ਫੁੱਟਣਾ ਸੀ, ਸਦਕੇ ਜਾਵਾਂ ਤੈਥੋਂ, ਹੁਣ ਮੇਰੇ ਕੋਲ ਹੀ ਰਹੀਂ, ਕਿਤੇ ਹੋਰ ਨਾ ਜਾਈਂ।" ਕਈ ਦਿਨ ਮੁਬੀਨਾ ਦੇ ਚਾਅ ਵਿਚ ਚੰਗੜੀ ਤੇ ਚੰਗੜ ਉਡਦੇ ਫਿਰੇ। ਨਵੀਂ ਮਿਹਰ ਦੇ ਸਾਹਮਣੇ ਪੁਰਾਣਾ ਕਹਿਰ ਭੁੱਲ ਗਿਆ। ਚੰਗੜੀ ਨੇ ਚੰਗੜ ਨੂੰ ਮਨਾ ਲਿਆ ਕਿ ਹੁਣ ਕਦੇ ਉਹ ਚੋਰੀ ਨਹੀਂ ਕਰੇਗਾ। "ਦੋ ਢਿੱਡ ਵੀ ਕੋਈ ਭਾਰੂ ਨੇ। ਇੰਨਾ ਤਾਂ ਮੈਂ 'ਕੱਲੀ ਕਰ ਸਕਦੀ ਹਾਂ।"

ਪਰ ਅਜੇ ਦੋ ਹਫ਼ਤੇ ਵੀ ਨਹੀਂ ਸਨ ਲੰਘੇ ਕਿ ਪਿੰਡ ਵਿੱਚ ਉਨ੍ਹਾਂ ਬਾਰੇ ਗੱਲਾਂ ਚੱਲਣ ਲੱਗ ਪਈਆਂ। ਪਾਕਿਸਤਾਨੋਂ

ਉਜੜ ਕੇ ਆਇਆਂ ਕਈਆਂ ਨੇ ਪਿੰਡ ਪਨਾਹ ਲਈ। ਇਹ ਕਿਸੇ ਮੁਸਲਮਾਨ ਨੂੰ ਵੇਖਣਾ ਤੇ ਕੀ, ਉਹਦਾ ਨਾਂ ਸੁਣਨ ਨੂੰ ਤਿਆਰ ਨਹੀਂ ਸਨ। ਇੱਕ ਦਿਨ ਉਨ੍ਹਾਂ ਦਾ ਸਰਦਾਰ ਘਰ ਆ ਕੇ ਕਹਿਣ ਲੱਗਾ, "ਮੌਲੂਆ, ਮੈਨੂੰ ਇਸ ਗੱਲ ਦਾ ਬੜਾ ਹਿਰਖ ਏ, ਮੇਰੀ ਵਾਹ ਨਹੀਂ ਰਹੀ, ਤੁਹਾਡੀ ਜਾਨ ਨੂੰ ਖ਼ਤਰਾ ਵਧਦਾ ਜਾਂਦਾ ਏ। ਚੰਗਾ ਕਰੋ ਜੇ ਅੱਜ ਤਿਆਰ ਹੋ ਜਾਓ, ਰਾਤੋ ਰਾਤ ਨਾਲ, ਜਾ ਕੇ ਰਾਣੀਆਂ ਤੋਂ ਮੈਂ ਤੁਹਾਨੂੰ ਹੱਦ ਟਪਾ ਆਵਾਂਗਾ।" "ਜਿਸ ਤਰ੍ਹਾਂ ਤੁਸੀਂ ਆਖੋ, ਤੁਹਾਡੇ ਆਸਰੇ ਹੀ ਬਚੇ ਹੋਏ ਹਾਂ।" "ਗਲੋਂ ਪਾਣੀ ਲੰਘਦਾ ਵੇਖ ਕੇ ਮੈਂ ਇਹ ਆਖਿਆ ਹੈ : ਨਹੀਂ ਤਾਂ ਮੈਂ ਮੌਲੂ ਨੂੰ ਤੋਰ ਦਿਆਂ!" "ਸਾਡੇ ਮਾਈ ਬਾਪ ਹੋ ਤੁਸੀਂ।" "ਅੱਜੋਂ ਹੀ ਤੁਰ ਪਵੋ, ਕੱਲ੍ਹ ਪਤਾ ਨਹੀਂ ਕੀ ਹੋ ਜਾਏ—ਅੱਧੀ ਰਾਤ ਹਨੇਰੀ ਏ-ਸੂਆ ਵੀ ਸੁੱਕਾ ਹੋਇਆ ਏ, ਉਹਦੇ ਵਿੱਚ ਤੁਰਦੇ ਕਿਸੇ ਨੂੰ ਦਿਸਾਂਗੇ ਨਹੀਂ, ਪਰ ਇਹ ਕੁੜੀ ਤੁਹਾਨੂੰ ਇੱਥੇ ਛੱਡਣੀ ਪਏਗੀ।"

ਚੰਗੜ੍ਹੀ ਨੇ ਮੁਬੀਨਾ ਨੂੰ ਹਿੱਕ ਨਾਲ ਘੁੱਟ ਲਿਆ, ਜੀਕਰ ਚੰਗੜ੍ਹੀ ਦਾ ਸਾਹ ਰੁਕ ਗਿਆ ਸੀ। ਬੋਲੀ, " ਸਰਦਾਰ ਜੀ ਇਹ ਨਾ ਆਖੋ। ਜਿਹੜੀ ਖੁਸ਼ਬੋਈ ਇਹਦੇ ਨਿੱਕੇ-ਨਿੱਕੇ ਹੱਥਾਂ ਵਿੱਚੋਂ ਆਉਂਦੀ ਏ, ਮੇਰੀ ਜਾਨ ਵਿਚ ਰਚ ਗਈ ਏ।" "ਤੁਹਾਡੀ ਖ਼ਾਤਰ ਹੀ ਆਖਿਆ ਸੀ। ਛੇ ਮੀਲ ਪੂਰਾ ਟੁਰਨਾ ਏ। ਇਕ ਥਾਂ ਜੇ ਇਹ ਰੋ ਪਈ, ਬਾਲ ਜੁ ਹੋਈ, ਸਾਰੇ ਮਾਰੇ ਜਾਓਗੇ। ਮੇਰੀ ਕਿਸੇ ਮੰਨਣੀ ਨਹੀਂ ਤੇ ਲੁਟੇਰੇ ਰਾਹ ਪਏ ਤਾੜਦੇ ਨੇ।" "ਉਹ ਜਾਣੇ। ਮਰ ਗਏ ਤਾਂ ਮਰ ਗਏ ਹੀ ਸਹੀ, ਇਹ ਮੈਥੋਂ ਛੱਡੀ ਨਹੀਂ ਜਾਣੀ।" "ਤੁਸੀਂ ਜਾਣੋ ਮੈਂ ਆਪਣੇ ਵੱਲੋਂ ਵਾਹ ਸਾਰੀ ਲਾ ਦਿਆਂਗਾ।"

ਖਾਓ ਪੀਓ ਦੇ ਬਾਅਦ ਪਿੰਡ ਵਿੱਚ ਹੁਣ ਚੁੱਪ ਚਾਂ ਹੋ ਜਾਂਦੀ ਸੀ। ਕੋਈ ਬਾਹਰ ਵੱਲ ਤੱਕਦਾ ਨਹੀਂ ਸੀ। ਸਰਦਾਰ ਤੇ ਮੌਲੂ ਨੇ ਠਾਠੇ ਬੰਨ੍ਹ ਲਏ, ਡਾਂਗਾਂ ਫੜ ਲਈਆਂ। ਚੰਗੜ੍ਹੀ ਨੇ ਮੁਬੀਨਾ ਜੋਗਾ ਦੁੱਧ ਬੋਤਲ ਵਿਚ ਪਾ ਲਿਆ। ਸੂਏ ਸੂਏ ਤੁਰਦੇ ਗਏ। ਰਾਣੀਆਂ ਤੋਂ ਕੁਝ ਉਰਾਂ ਮੁਬੀਨਾ ਰੋ ਪਈ। ਉਸ ਵੇਲੇ ਪਰਿਓਂ ਆਉਂਦੀਆਂ ਘੋੜੀਆਂ ਦੀ ਟਾਪ ਕੰਨੀਂ ਪਈ, ਜਿਉਂ ਮੌਤ ਚੜ੍ਹੀ ਆ ਰਹੀ ਸੀ। ਮੌਲੂ ਤੇ ਚੰਗੜ੍ਹੀ ਘਬਰਾ ਕੇ ਕੰਢੇ ਨਾਲ ਲੱਗ ਗਏ। ਸਰਦਾਰ ਨੂੰ ਕੁਝ ਸੁੱਝਿਆ, ਉਸ ਨੇ ਝੱਟ ਮੁਬੀਨਾ ਨੂੰ ਚੰਗੜ੍ਹੀ ਕੋਲੋਂ ਫੜ ਲਿਆ ਤੇ ਇਸ਼ਾਰੇ ਨਾਲ ਅਡੋਲ ਬਹਿ ਜਾਣ ਲਈ ਆਖ ਕੇ ਉਹ ਆਪ ਸੂਏ ਉੱਤੇ ਚੜ੍ਹ ਗਿਆ। ਘੋੜੀਆਂ ਵਾਲਿਆਂ ਲਲਕਾਰਿਆ। ਠਾਠਾ ਖੋਲ੍ਹ ਕੇ ਸਰਦਾਰ ਨੇ ਆਖਿਆ, "ਕੋਈ ਓਪਰਾ ਨਹੀਂ, ਮੈਂ ਈ ਹਾਂ।" "ਕੌਣ-ਜੈਲ ਸਿਹੁੰ ?" "ਤੇ ਆਹ ਕੀ ਚੁੱਕਿਆ ਈ ?" "ਆਇਆ ਸਾਂ ਕਿਸੇ ਸ਼ਿਕਾਰ ਮਗਰੋਂ, ਸੁਣਿਆ ਸੀ ਇਕ ਮੋਟੀ ਸਾਮੀ ਨੱਠ ਰਹੀ ਏ।" "ਆਏ ਤਾਂ ਅਸੀਂ ਵੀ ਇਹੋ ਸੁਣ ਕੇ ਸਾਂ ਪਰ ਹੱਦ ਤੱਕ ਸਾਨੂੰ ਕੋਈ ਲੱਭਾ ਨਹੀਂ।" "ਗਏ ਜ਼ਰੂਰ ਨੇ- ਆਹ ਬੱਚਾ ਇਹਦੇ ਰੋਣ ਤੋਂ ਡਰਦੇ ਸੁੱਟ ਗਏ ਨੇ।"

ਘੋੜੀਆਂ ਵਾਲੇ ਪਿੰਡ ਵੱਲ ਉੱਡ ਗਏ। ਸਰਦਾਰ ਨੇ ਚੰਗੜ੍ਹ ਤੇ ਚੰਗੜ੍ਹੀ ਨੂੰ ਦਿਲਾਸਾ ਦਿੱਤਾ ਤੇ ਉਹ ਰਾਜ਼ੀ ਬਾਜ਼ੀ ਹੱਦ ਟੱਪ ਗਈ। ਦੂਜੇ ਦਿਨ ਉਹ ਲਾਹੌਰ ਪੁੱਜ ਗਏ। ਰੁਲਦੇ-ਖੁਲਦੇ ਪਨਾਹਗੁਜ਼ੀਰ ਕੈਂਪ ਵਿਚ ਜਾ ਰਹੇ। ਚੁਗਿਰਦੀ ਹਉਂਕੇ ਤੇ ਅੱਥਰੂ ਸਨ ਪਰ ਚੰਗੜ੍ਹੀ ਖ਼ੁਸ਼ ਸੀ ਕਿ ਖ਼ਤਰਾ ਟਲ ਗਿਆ। ਕੁੜੀ ਦੇ ਮਾਪੇ ਬਚੇ ਨਹੀਂ ਹੋਣੇਂ, ਕਿਹੜੀ ਜਿਉਂਦੀ ਮਾਂ ਇਹੋ ਜਿਹੀ ਧੀ ਨੂੰ ਸੁੱਟ ਜਾਏਗੀ।

ਪਰ ਉਨ੍ਹਾਂ ਦੇ ਕੈਂਪ ਤੋਂ ਮਸਾਂ ਚਾਰ ਘਰ ਦੂਰ ਮੁਬੀਨਾ ਦੀ ਮਾਂ ਸ਼ੁਦੈਣ ਹੋਈ ਹੋਈ ਸੀ। ਉਹਦੇ ਲਈ ਕੋਈ ਡਾਕਟਰ ਕੁਝ ਨਹੀਂ ਸੀ ਕਰ ਸਕਦਾ। ਉਹ ਆਪਣੀ ਹਿੱਕ ਕੁੱਟਦੀ ਤੇ ਆਂਹਦੀ ਸੀ, "ਮਾਂ ਨਹੀਂ, ਮੈਂ ਡੈਣ ਹਾਂ, ਮਤੇ ਰੋ ਪਏ ਮਾਰੇ ਜਾਈਏ। ਮੈਂ ਜਿਊਂਦੀ ਨੂੰ ਸੁੱਟ ਆਈ। ਗਿੱਦੜ ਖਾ ਗਏ ਹੋਣਗੇ-ਘੋੜੀਆਂ ਦੇ ਪੈਰਾਂ ਹੇਠਾਂ ਨਿੱਕੇ-ਨਿੱਕੇ ਖੁਸ਼ਬੋਦਾਰ ਹੱਥ ਚਿੱਥੇ ਗਏ ਹੋਣਗੇ। ਉਹ ਭੁੱਖੀ ਮਰ ਗਈ ਹੋਵੇਗੀ, ਉਹਨੂੰ ਕਿਸ ਦਫ਼ਨਾਇਆ ਹੋਣਾ ਏ।" ਉਹਦੇ ਕੀਰਨੇ ਕਿਸੇ ਕੋਲੋਂ ਸੁਣੇ ਨਹੀਂ ਸਨ ਜਾਂਦੇ। ਉਹਦਾ ਭਰਾ ਸਰਕਾਰੀ ਅਫ਼ਸਰ ਸੀ। ਉਹਨੇ ਡਿਪਟੀ ਕਮਿਸ਼ਨਰ ਕੋਲੋਂ ਫ਼ੌਜੀ ਟਰੱਕ ਦਾ ਪਰਮਿਟ ਲਿਆ, ਉਹ ਆਪੀਂ ਹਿੰਦੁਸਤਾਨ ਜ਼ੀਨਤ ਦੇ ਸਹੁਰੇ ਪਿੰਡ ਗਿਆ। ਉਥੋਂ ਇੰਨਾ ਪਤਾ ਲੱਗਾ ਕਿ ਮੌਲੂ ਚੰਗੜ੍ਹ ਮੁਬੀਨਾ ਨੂੰ ਮਾਨਾਂਵਾਲੇ ਲੈ ਗਿਆ ਸੀ। ਮਾਨਾਂਵਾਲਿਓਂ ਇਹ ਸੂਹ ਮਿਲੀ ਕਿ ਉਹ ਸ਼ੇਖ਼ੂਪੁਰੇ ਆਪਣੇ ਸਾਢੂ ਸਾਦਕ ਕੋਲ ਜਾਣ ਲਈ ਆਖਦਾ ਸੀ।

ਲਾਹੌਰ ਮੁੜ ਕੇ ਉਨ੍ਹਾਂ ਸ਼ੇਖ਼ੂਪੁਰੇ ਜਾਣ ਦੀ ਸਲਾਹ ਬਣਾਈ। ਜ਼ੀਨਤ ਨੇ ਸ਼ੁਦੈਣਾਂ ਵਾਂਗ ਜ਼ਿੱਦ ਕੀਤੀ ਕਿ ਉਹ ਵੀ ਨਾਲ ਜਾਏਗੀ। ਸਮਝਾਇਆਂ ਉਹ ਸਮਝੇ ਈ ਨਾ। ਓੜਕ ਉਹਨੂੰ ਨਾਲ ਹੀ ਖੜਿਆ ਗਿਆ। ਮੌਲੂ ਠੀਕ ਸ਼ੇਖ਼ੂਪੁਰੇ ਹੀ ਸਾਦਕ ਕੋਲ ਗਿਆ ਸੀ। ਪਤਾ ਮਿਲ ਗਿਆ ਪਰ ਨਾ ਚੰਗੜ੍ਹੀ ਤੇ ਨਾ ਮੁਬੀਨਾ ਉਹਦੇ ਘਰ ਵਿੱਚੋਂ ਲੱਭੀਆਂ। ਕਹਿੰਦਾ ਸੀ ਉਹ ਕਿਤੇ ਵਾਂਡੇ ਗਈਆਂ ਹੋਈਆਂ ਸਨ। ਮੌਲੂ ਨੂੰ ਥਾਣੇ ਫੜ ਲਿਆਏ। ਉਹ ਇਹੀ ਦੱਸ ਕਿ ਕੁੜੀ ਉਸ ਲਿਆਂਦੀ ਜ਼ਰੂਰ ਸੀ, ਪਰ ਦੁੱਧ ਖੁਣੋਂ ਭੁੱਖੀ ਉਹ ਹਿੰਦੁਸਤਾਨੋਂ ਆਉਂਦਿਆਂ ਰਾਹ ਵਿਚ ਮਰ ਗਈ ਸੀ ਤੇ ਉਹ ਜਿੰਨੀ ਕੁ ਕਬਰ ਛੇਤੀ ਵਿਚ ਪੁੱਟ ਸਕੇ, ਪੁੱਟ ਕੇ ਉਹਨੂੰ ਦੱਬ ਆਏ ਸਨ। ਨਾ ਮਾਰ ਤੇ ਨਾ ਲਾਲਚ ਚੰਗੜ੍ਹ ਨੂੰ ਕੁੱਝ ਬਕਾ ਸਕੇ। ਦੂਜੇ ਦਿਨ ਪੁਲਿਸ ਚੰਗੜ੍ਹੀ ਨੂੰ ਵੀ ਫੜ ਲਿਆਈ। ਚੰਗੜ੍ਹੀ ਦੇ ਮੂੰਹ ਉੱਤੇ ਕੋਈ ਘਬਰਾਹਟ ਨਹੀਂ ਸੀ। ਉਹਨੇ ਲਫ਼ਜ਼-ਬ-ਲਫ਼ਜ਼ ਆਪਣੇ ਚੰਗੜ੍ਹ ਦੀ ਕਹਾਣੀ ਦੁਹਰਾ ਦਿੱਤੀ।

ਚੰਗੜ੍ਹ ਦੀ ਕਹਾਣੀ ਸੁਣ ਕੇ ਜ਼ੀਨਤ ਦਾ ਦਿਲ ਟੁੱਟ ਗਿਆ ਸੀ। ਚੰਗੜ੍ਹੀ ਨੇ ਭਾਵੇਂ ਗੱਲ ਉਹੋ ਹੀ ਆਖੀ, ਪਰ

ਉਹਦਾ ਮੂੰਹ ਵੇਖ ਕੇ ਜ਼ੀਨਤ ਬਿਲਕੁਲ ਨਿਰਾਸ਼ ਨਾ ਹੋਈ ਤੇ ਉਹਨੇ ਆਖਿਆ ਕਿ ਉਹ ਚੰਗੜੀ ਨੂੰ ਇਕੱਲਿਆਂ ਪੁੱਛਣਾ ਚਾਹੇਗੀ। ਇਕੱਲੇ ਕਮਰੇ ਵਿਚ ਚੰਗੜੀ ਨੇ ਜਦੋਂ ਜ਼ੀਨਤ ਦੇ ਨਕਸ਼ ਨੇੜਿਓਂ ਤੱਕੇ ਤਾਂ ਉਹਦੇ ਜੀਅ ਵਿਚ ਕੁਝ ਹੋਇਆ ਤੇ ਉਹਨੂੰ ਉਹ ਘੜੀ ਵੀ ਯਾਦ ਆ ਗਈ ਜਦੋਂ ਮਾਨਾਂਵਾਲੇ ਸਰਦਾਰ ਨੇ ਕੁੜੀ ਛੱਡ ਜਾਣ ਲਈ ਆਖਿਆ ਸੀ। 'ਖੌਰੇ ਉਹਦੇ ਨਿੱਕੇ ਨਿੱਕੇ ਹੱਥਾਂ ਦੀ ਖ਼ੁਸ਼ਬੋਈ ਇਹਦੀ ਜਾਨ ਵਿਚ ਵੀ ਰਚੀ ਹੋਵੇ।' ਚੰਗੜੀ ਨੇ ਸੋਚਿਆ, ਪਰ ਆਪਣੀ ਕਮਜ਼ੋਰੀ ਉੱਤੇ ਝੱਟ ਕਾਬੂ ਪਾ ਕੇ ਉਹ ਜ਼ੀਨਤ ਦੇ ਸਵਾਲਾਂ ਦੇ ਝੂਠੇ ਜਵਾਬ ਦਿੰਦੀ ਗਈ।

"ਤੂੰ ਸੱਚ ਆਖਨੀ ਏਂ, ਉਹਨੂੰ ਤੂੰ ਆਪਣੀ ਹੱਥੀਂ ਦਫ਼ਨਾਇਆ ਸੀ?" "ਹਾਂ ਬੀਬੀ, ਮੈਂ ਇਨ੍ਹਾਂ ਭੈੜੇ ਹੱਥਾਂ ਨਾਲ ਉਹਦੇ ਉੱਤੇ ਮਿੱਟੀ ਪਾਈ ਸੀ।" "ਉਹਦੇ ਗਲ ਇਕ ਜ਼ੰਜੀਰ ਸੀ।" ਜ਼ੀਨਤ ਨੇ ਕੰਬਦੀ ਆਵਾਜ਼ ਵਿਚ ਪੁੱਛਿਆ। ਚੰਗੜੀ ਨੇ ਬੋਝੇ 'ਚੋਂ ਕੱਢ ਕੇ ਜ਼ੰਜੀਰੀ ਉਹਨੂੰ ਫੜਾ ਦਿੱਤੀ, "ਇਹ ਤੁਹਾਡੀ ਅਮਾਨਤ ਬੀਬੀ।" ਜ਼ੰਜੀਰੀ ਵੇਖ ਕੇ ਜ਼ੀਨਤ ਦੀਆਂ ਡਾਡਾਂ ਨਿਕਲ ਗਈਆਂ। ਸਾਰੇ ਅੰਦਰ ਆ ਗਏ। ਜ਼ੰਜੀਰੀ ਜ਼ੀਨਤ ਦੇ ਬੁੱਲ੍ਹਾਂ ਨਾਲ ਲੱਗੀ ਹੋਈ ਸੀ ਤੇ ਉਹ ਬੇਹੋਸ਼ ਡਿੱਗੀ ਪਈ ਸੀ। ਹੁਣ ਥਾਣੇਦਾਰ ਨੂੰ ਭੀ ਯਕੀਨ ਹੋ ਗਿਆ ਕਿ ਚੰਗੜ ਸੱਚੇ ਸਨ। ਸੋਨੇ ਦੀ ਜ਼ੰਜੀਰੀ ਨਾਲੋਂ ਤਾਂ ਪੰਜਾਂ ਮਹੀਨਿਆਂ ਦੀ ਕੁੜੀ ਉਨ੍ਹਾਂ ਨੂੰ ਮਹਿੰਗੀ ਨਹੀਂ ਸੀ ਜਾਪਣੀ। ਦੋਹਾਂ ਨੂੰ ਛੱਡ ਦਿੱਤਾ ਗਿਆ ਪਰ ਉਹ ਉੱਥੇ ਹੀ ਖਲੋਤੇ ਰਹੇ। ਹੋਰ ਸਾਰੇ ਜ਼ੀਨਤ ਨੂੰ ਹੋਸ਼ ਲਿਆਉਣ ਵਿਚ ਰੁੱਝੇ ਹੋਏ ਸਨ। ਡਾਕਟਰ ਵੀ ਆ ਪਹੁੰਚਾ। ਉਹਨੂੰ ਕਹਾਣੀ ਸੁਣਾਈ ਗਈ। ਚੰਗੜੀ ਦਾ ਜ਼ਿਕਰ ਆਉਂਦਿਆਂ ਉਸ ਚੰਗੜੀ ਨੂੰ ਵੇਖਣਾ ਚਾਹਿਆ, ਪਰ ਸ਼ਾਇਦ ਆਪਣੇ ਆਪ ਨੂੰ ਹਰ ਕਿਸੇ ਦੇ ਰਾਹ ਵਿਚ ਵੇਖ ਕੇ ਚੰਗੜ ਤੇ ਚੰਗੜੀ ਚਲੇ ਗਏ ਸਨ।


ਡਾਕਟਰ ਨੇ ਵੇਖਿਆ ਭਾਲਿਆ। ਸਾਹ ਠੀਕ ਸੀ, ਨਬਜ਼ ਠੀਕ ਸੀ। "ਦੰਦਲ ਦਾ ਕੋਈ ਫ਼ਿਕਰ ਨਹੀਂ, ਇਸੇ ਤਰ੍ਹਾਂ ਕੁਝ ਚਿਰ ਇਹਨੂੰ ਪਿਆ ਰਹਿਣ ਦਿਓ। ਸ਼ਾਇਦ ਆਪ ਮੁਹਾਰੀ ਇਹ ਕੁਝ ਬੋਲੇ। ਉਹਦੇ ਵਿੱਚੋਂ ਇਲਾਜ ਦਾ ਇਸ਼ਾਰਾ ਮਿਲ ਸਕਦਾ ਹੈ।" ਵੀਹ ਮਿੰਟ ਉਹ ਉਸੇ ਤਰ੍ਹਾਂ ਪਈ ਰਹੀ, ਨਾ ਬੇਹੋਸ਼ੀ ਵਿੱਚੋਂ ਉਸ ਕੁਝ ਬੋਲਿਆ ਹੀ। ਹੁਣ ਡਾਕਟਰ ਸਲਾਹ ਕਰ ਰਿਹਾ ਸੀ ਕਿ ਕੁਝ ਸੁੰਘਾ ਕੇ ਉਹਨੂੰ ਹੋਸ਼ ਵਿਚ ਲਿਆਵੇ ਕਿ ਇਕ ਪਾਸਿਓਂ ਅਡੋਲ ਅੰਦਰ ਆ ਕੇ ਚੰਗੜੀ ਨੇ ਇਕ ਬੱਚਾ ਜ਼ੀਨਤ ਦੀ ਛਾਤੀ ਉੱਤੇ ਲਿਟਾ ਦਿੱਤਾ। ਕਾਸਮ ਦੇ ਮੂੰਹੋਂ ਚੀਕ ਵਾਂਗ ਨਿਕਲਿਆ, 'ਮੁਬੀਨਾ!' ਸਾਰੇ ਪਾਸੇ ਸੰਨਾਟਾ ਛਾ ਗਿਆ। ਮੁਬੀਨਾ ਨੂੰ ਲੱਕੋਂ ਅਜੇ ਚੰਗੜੀ ਨੇ ਫੜਿਆ ਹੋਇਆ ਸੀ ਤੇ ਉਹਦੇ ਦੋਵੇਂ ਹੱਥ ਜ਼ੀਨਤ ਦੀਆਂ ਗੱਲ੍ਹਾਂ ਉੱਤੇ ਰੱਖ ਦਿੱਤੇ ਸਨ।

ਡਾਕਟਰ ਨੇ ਮੁਬੀਨਾ ਨੂੰ ਜ਼ੀਨਤ ਦੀ ਛਾਤੀ ਉੱਤੇ ਭਾਰ ਸਮਝ ਕੇ ਚੁੱਕ ਲੈਣਾ ਚਾਹਿਆ। "ਨਹੀਂ ਮੈਂ ਬਹੁਤਾ ਭਾਰ ਆਪਣੇ ਹੱਥਾਂ 'ਚ ਰੱਖਿਆ ਹੋਇਆ ਏ", ਚੰਗੜੀ ਨੇ ਆਖਿਆ, "ਇਹਦੇ ਹੱਥਾਂ ਦੀ ਖ਼ੁਸ਼ਬੋਈ ਉਹਦੇ ਨੱਕ ਵਿਚ ਚੜ੍ਹ ਲੈਣ ਦਿਓ, ਜ਼ੰਜੀਰੀ ਵਿੱਚੋਂ ਇਹਦੇ ਗਲ ਦੀ ਖ਼ੁਸ਼ਬੋਈ ਸੁੰਘ ਕੇ ਉਹ ਇਸ ਤਰ੍ਹਾਂ ਹੋਈ ਏ।" ਸੱਚੀਂ ਮੁੱਚੀਂ ਜ਼ੀਨਤ ਨੇ ਅੱਖਾਂ ਖੋਲ੍ਹ ਲਈਆਂ ਤੇ ਆਪਣੇ ਉੱਤੇ ਕੁਝ ਪਿਆਰਾ ਜਿਹਾ ਮਹਿਸੂਸ ਕਰ ਕੇ ਉਹ ਨੀਮ ਹੋਸ਼ੀ ਵਿਚ ਬੋਲੀ, "ਕੌਣ-ਕੌਣ? ਇਹ ਕਿਹਦੀ ਖ਼ੁਸ਼ਬੋ, ਇਹ ਕਿਦ੍ਹੇ ਹੱਥ।" "ਤੇਰੀ ਮੁਬੀਨਾ।" ਕਾਸਮ ਬੋਲਿਆ। "ਨਹੀਂ, ਇਹ ਮੇਰੀ ਸਕੀਨਾ।" ਚੰਗੜੀ ਨੇ ਆਖਿਆ। ਜ਼ੀਨਤ ਨੇ ਮੁਬੀਨਾ ਦਾ ਮੂੰਹ ਵਾਰ-ਵਾਰ ਚੁੰਮਿਆ। ਮੁਬੀਨਾ ਰੋ ਪਈ।

ਚੰਗੜੀ ਨੇ ਬਾਲੜੀ ਨੂੰ ਲੈ ਕੇ ਵਰਚਾਇਆ ਤੇ ਜ਼ੀਨਤ ਨੂੰ ਮੁੜ ਦੇ ਕੇ ਆਖਿਆ, "ਤੂੰ ਆਪੇ ਮੂੰਹੋਂ ਕਹਿ ਕੇ ਦੇ, ਬੀਬੀ ਇਹ ਤੇਰੀ ਮੁਬੀਨਾ ਏ ਕਿ ਮੇਰੀ ਸੁਕੀਨਾ, ਤੂੰ ਜੰਮੀ ਸੀ ਪਰ ਮੈਂ ਬਚਾਈ ਏ। ਮੈਂ ਇਹਦਾ ਨਾਂ ਸੁਕੀਨਾ ਰੱਖਿਆ ਏ। ਜੇ ਇਹ ਤੇਰੀ ਮੁਬੀਨਾ ਏ ਤਾਂ ਮੈਂ ਇਹਦੀ ਮਾਸੀ ਬਣਾਂਗੀ ਤੇ ਜੇ ਇਹ ਮੇਰੀ ਸਕੀਨਾ ਏ ਤਾਂ ਤੂੰ ਮਾਸੀ ਬਣ ਜਾਈਂ। ਮੈਂ ਇਹਨੂੰ ਦਿਨ ਰਾਤ ਇਕ ਕਰ ਕੇ, ਜਿਸ ਤਰ੍ਹਾਂ ਆਖੇਂਗੀ, ਪਾਲਾਂਗੀ, ਜਿੱਥੇ ਆਖੇਂਗੀ, ਵਿਆਹਵਾਂਗੀ, ਜੋ ਤੂੰ ਆਖੇਂਗੀ, ਮੈਂ ਮੰਨਾਂਗੀ।'

ਜ਼ੀਨਤ ਨੂੰ ਚੰਗੜੀ ਕੋਈ 'ਫ਼ਰਿਸ਼ਤਾ' ਦਿਸ ਰਹੀ ਸੀ। ਮੁਬੀਨਾ ਉੱਤੇ ਉਹਦਾ ਹੱਕ ਉਹਨੂੰ ਆਪਣੇ ਨਾਲੋਂ ਵੀ ਬਹੁਤਾ ਜਾਪ ਰਿਹਾ ਸੀ। ਉਹਨੇ ਮੁਬੀਨਾ ਦਾ ਮੂੰਹ ਚੁੰਮ ਕੇ ਹੱਥ ਵਧਾ ਕੇ ਮੁਬੀਨਾ ਚੰਗੜੀ ਦੀ ਝੋਲੀ ਪਾ ਦਿੱਤੀ ਤੇ ਆਖਿਆ, "ਇਹ ਤੇਰੀ ਹੀ ਸਕੀਨਾ ਰਹੇਗੀ। ਤੂੰ ਮਾਂ ਤੇ ਮੈਂ ਇਹਦੀ ਮਾਸੀ ਬਣਾਂਗੀ, ਪਰ ਇਕ ਗੱਲ ਤੂੰ ਵੀ ਮੇਰੀ ਮੰਨ ਲੈ।" ਚੰਗੜੀ ਨੂੰ ਉਹ ਕਮਰਾ ਆਪਣੇ ਲਈ ਛੋਟਾ ਭਾਸ ਰਿਹਾ ਸੀ। ਉਹ ਹੁਣ ਸੁਕੀਨਾ ਦੀ ਮਾਂ ਸੀ। ਸਰਕਾਰੀ ਅਹੁਦੇਦਾਰਾਂ, ਕੁੜੀ ਦੇ ਮਾਮੇ ਤੇ ਪਿਓ ਦੇ ਸਾਹਮਣੇ ਉਹਦੀ ਮਾਂ ਸੀ। "ਹਾਂ, ਮੇਰੀ ਬੀਬੀ ਭੈਣ, ਤੇਰੇ ਮੂੰਹੋਂ ਨਿਕਲੀ ਗੱਲ ਮੈਂ ਕਦੇ ਭੁੰਜੇ ਨਾ ਪਾਵਾਂਗੀ। ਤੂੰ ਕਰ ਹੁਕਮ, ਮੈਂ ਬੰਦੀ ਤੇਰੀ!" ਚੰਗੜੀ ਨੇ ਆਪਣੀ ਸਾਰੀ ਜ਼ਿੰਦਗੀ ਵਿਚ ਕਦੇ ਆਪਣੇ ਆਪ ਨੂੰ ਏਡਾ ਕੋਮਲ, ਏਡਾ ਚੰਗਾ ਤੇ ਅਮੀਰ ਮਹਿਸੂਸ ਨਹੀਂ ਸੀ ਕੀਤਾ। 'ਉਹ ਇਹ ਕਿ ਸਕੀਨਾ ਤੇ ਇਹਦੇ ਮਾਂ ਪਿਓ ਹੁਣ ਤੋਂ ਮੇਰੇ ਘਰ ਵਿਚ ਰਹਿਣਗੇ।' ਜ਼ੀਨਤ ਨੇ ਬਾਹਾਂ ਚੰਗੜੀ ਵੱਲ ਵਧਾ ਕੇ ਆਖਿਆ। ਚੰਗੜੀ ਨੇ ਇਹ ਬਾਹਾਂ ਗਲ ਵਿਚ ਪਾ ਲਈਆਂ। ਮਿਲੀਆਂ ਬਾਹਾਂ ਤੇ ਰਲੇ ਅੱਥਰੂਆਂ ਵਿਚ ਮਾਂ ਮਾਸੀ ਜਿੰਨਾ ਵੇਰਵਾ ਵੀ ਮੁਸ਼ਕਲ ਹੋ ਗਿਆ।

ਸੁਕਰਾਤ ਕਦੇ ਮਰਦਾ ਨਹੀਂ।



ਰਾਜਪਾਲ ਸਿੰਘ

ਸੁਕਰਾਤ, ਪਲੈਟੋ ਅਤੇ ਅਰਸਤੂ ਪ੍ਰਾਚੀਨ ਯੂਨਾਨ ਦੇ ਤਿੰਨ ਐਸੇ ਫਿਲਾਸਫਰ ਹੋਏ ਹਨ, ਜਿਨ੍ਹਾਂ ਦੇ ਨਾਮ ਤੋਂ ਤਾਂ ਲਗਭਗ ਹਰ ਪੜ੍ਹਿਆ-ਲਿਖਿਆ ਮਨੁੱਖ ਜਾਣੂ ਹੈ ਪਰ ਉਨ੍ਹਾਂ ਦੀ ਮਨੁੱਖੀ ਸੂਝ ਅਤੇ ਫਲਸਫੇ ਨੂੰ ਕੀ ਦੇਣ ਸੀ, ਇਸ ਬਾਰੇ ਬਹੁਤ ਥੋੜ੍ਹੇ ਲੋਕ ਜਾਣਦੇ ਹਨ। ਫਿਲਾਸਫੀ ਵਰਗੇ ਵਿਸ਼ੇ ਨੂੰ ਜੇ ਸਿੱਧੀ ਵਾਰਤਕ ਦੇ ਰੂਪ ਵਿੱਚ ਪੇਸ਼ ਕੀਤਾ ਜਾਵੇ ਤਾਂ ਉਹ ਅਕਸਰ ਖੁਸ਼ਕ ਜਿਹੇ ਲੇਖ ਬਣ ਕੇ ਰਹਿ ਜਾਂਦੇ ਹਨ ਜੋ ਆਮ ਪਾਠਕ ਦੇ ਮਨ ਵਿੱਚ ਪੜ੍ਹਨ ਅਤੇ ਜਾਣਨ ਦੀ ਉਤਸੁਕਤਾ ਨਹੀਂ ਜਗਾਉਂਦੇ। ਇਸ ਦੀ ਬਜਾਏ ਜੇ ਇਨ੍ਹਾਂ ਗੱਲਾਂ ਨੂੰ ਕਿਸੇ ਕਥਾ ਕਹਾਣੀ ਵਿੱਚ ਗੁੰਦ ਕੇ ਪੇਸ਼ ਕੀਤਾ ਜਾਵੇ ਤਾਂ ਉਸ ਵਿਚਲੇ ਕਥਾ ਰਸ ਰਾਹੀਂ ਫਲਸਫੇ ਦੀਆਂ ਵੱਡੀਆਂ ਗੱਲਾਂ ਵੀ ਸਾਧਾਰਣ ਵਿਅਕਤੀ ਦੇ ਪੱਲੇ ਪੈ ਜਾਂਦੀਆਂ ਹਨ। ਪੁਰਾਤਨ ਕਾਲ ਤੋਂ ਚੱਲੀਆਂ ਆਉਂਦੀਆਂ ਲੋਕ ਕਥਾਵਾਂ ਦੀ ਹਰਮਨਪਿਆਰਤਾ ਦਾ ਇਹੀ ਰਾਜ਼ ਹੈ। ਇਸੇ ਜੁਗਤ ਨੂੰ ਵਰਤਦਿਆਂ ਤਰਕਸ਼ੀਲ ਸੋਚ ਦੇ ਧਾਰਨੀ ਲੇਖਕ ਅਤੇ ਸਮਾਜਿਕ ਕਾਰਕੁੰਨ ਗੁਰਚਰਨ ਨੂਰਪੁਰ ਨੇ ਸੁਕਰਾਤ ਦੇ ਜੀਵਨ ਅਤੇ ਫਲਸਫ਼ੇ ਨੂੰ ਇੱਕ ਨਾਵਲ ਦੇ ਰੂਪ ਵਿੱਚ ਲਿਖ ਕੇ ਆਮ ਪਾਠਕ ਤੀਕ ਪਹੁੰਚਾਉਣ ਦਾ ਵਧੀਆ ਉਪਰਾਲਾ ਕੀਤਾ ਹੈ।



ਸਵਾਲ ਕੀਤਾ ਜਾ ਸਕਦਾ ਹੈ ਕਿ ਲਗਭਗ 2500 ਸਾਲ ਪਹਿਲਾਂ ਹੋ ਚੁੱਕੇ ਇਸ ਚਿੰਤਕ ਸੁਕਰਾਤ ਨੂੰ ਜਾਣਨਾ ਅੱਜ ਕਿਉਂ ਜ਼ਰੂਰੀ ਹੈ?

ਪਹਿਲੀ ਗੱਲ ਤਾਂ ਉਹ ਸੱਚ ਦਾ ਖੋਜੀ ਸੀ ਅਤੇ ਸੱਚ ਤੱਕ ਪਹੁੰਚਣ ਲਈ ਉਸ ਵੱਲੋਂ ਹਰ ਵਰਤਾਰੇ ਬਾਰੇ ਸਵਾਲ ਕਰਨ ਅਤੇ ਸੰਵਾਦ ਕਰਨ ਦੀ ਜੋ ਵਿਧੀ ਚਲਾਈ ਗਈ ਉਹ ਤਰਕਸ਼ੀਲਤਾ ਨਾਲ ਹੀ ਆ ਮਿਲਦੀ ਹੈ। ਇਸਦੀ ਅਜੋਕੀ ਮਹੱਤਤਾ ਬਾਰੇ ਨਾਮਵਰ ਲੇਖਕ ਗੁਰਮੀਤ ਕੜਿਆਲਵੀ ਇਸ ਨਾਵਲ ਦੀ ਭੂਮਿਕਾ ਵਿੱਚ ਲਿਖਦਾ ਹੈ-

"ਅਜੋਕੇ ਸਮੇਂ ਸੁਕਰਾਤ ਵੱਲੋਂ ਸ਼ੁਰੂ ਕੀਤੀ ਸੰਵਾਦ ਦੀ ਪਰੰਪਰਾ ਨੂੰ ਵੱਡਾ ਖ਼ਤਰਾ ਦਰਪੇਸ਼ ਹੈ। ਚਿੰਤਕਾਂ, ਕਲਾਕਾਰਾਂ, ਪੱਤਰਕਾਰਾਂ, ਫਿਲਮਕਾਰਾਂ, ਚਿੱਤਰਕਾਰਾਂ, ਸਾਹਿਤਕਾਰਾਂ ਅਤੇ ਬੋਲਣ ਵਾਲੇ ਹੋਰ ਲੋਕਾਂ ਦੀ ਆਵਾਜ਼ ਨੂੰ ਹਕੂਮਤੀ ਦਹਿਸ਼ਤਗਰਦੀ ਨਾਲ ਖਾਮੋਸ਼ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਵਿਚਾਰਾਂ ਦੀ ਆਜ਼ਾਦੀ ਦੀਆਂ ਅਲੰਬਰਦਾਰ ਕਲਮਾਂ ਅਤੇ ਅਵਾਜ਼ਾਂ ਨੂੰ ਭੀੜ ਦੀ ਹਿੰਸਾ ਦੁਆਰਾ ਖ਼ਤਮ ਕੀਤਾ ਜਾ ਰਿਹਾ ਹੈ। ...ਸੰਕੀਰਣਤਾ ਅਤੇ ਅਸਹਿਣਸ਼ੀਲਤਾ ਨੂੰ ਟੱਕਰ ਦੇਣ ਲਈ ਅੱਜ ਸੁਕਰਾਤ ਜਿਹੇ ਚਿੰਤਕਾਂ ਦੀ ਵਿਚਾਰਧਾਰਾ ਦਾ ਪ੍ਰਚਾਰ ਅਤੇ ਪ੍ਰਸਾਰ ਬਹੁਤ ਜ਼ਰੂਰੀ ਹੈ।"

ਦੂਸਰੀ ਗੱਲ, ਸੁਕਰਾਤ ਨੇ ਦਰਸਾਇਆ ਕਿ ਕਿਵੇਂ ਆਪਣੀ ਜਾਨ ਵਾਰ ਕੇ ਵੀ ਆਪਣੇ ਵਿਚਾਰਾਂ ਉੱਤੇ ਸਾਬਤਕਦਮੀ ਖੜ੍ਹਾ ਰਿਹਾ ਜਾਂਦਾ ਹੈ। ਜਿਵੇਂ ਕਿ ਬਹੁਤ ਸਾਰੇ ਪਾਠਕ ਜਾਣਦੇ ਹੋਣਗੇ ਕਿ ਸੁਕਰਾਤ ਉੱਤੇ ਸਮੇਂ ਦੀ ਹਕੂਮਤ ਨੇ ਇਹ ਇਲਜ਼ਾਮ ਲਗਾ ਕੇ ਕਿ ਇਹ ਨੌਜਵਾਨਾਂ ਨੂੰ ਦੇਵਤਿਆਂ ਤੋਂ ਬੇਮੁੱਖ ਕਰ ਰਿਹਾ ਹੈ, ਉਸ ਨੂੰ ਮੌਤ ਦੀ ਸਜ਼ਾ ਸੁਣਾ ਦਿੱਤੀ। ਮੌਤ ਦੀ ਸਜ਼ਾ ਉਸ ਸਮੇਂ ਜ਼ਹਿਰ ਪਿਆ ਕੇ ਦਿੱਤੀ ਜਾਂਦੀ ਸੀ। ਉਸ ਨੂੰ ਮੌਤ ਤੋਂ ਬਚਣ ਲਈ ਮੁਆਫ਼ੀ ਮੰਗਣ ਜਾਂ ਦੇਸ਼ ਛੱਡ ਕੇ ਜਾਣ ਦਾ ਬਦਲ ਦਿੱਤਾ ਗਿਆ ਪਰ ਉਸਨੇ ਆਪਣੇ ਵਿਚਾਰਾਂ ਉੱਤੇ ਅਡੋਲ ਰਹਿ ਕੇ ਜ਼ਹਿਰ ਦਾ ਪਿਆਲਾ ਪੀਣ ਦਾ ਰਾਹ ਚੁਣਿਆ। ਸੁਕਰਾਤ ਨੇ ਜਿਸ ਸਹਿਜ ਨਾਲ ਮੌਤ ਨੂੰ ਗਲੇ ਲਗਾਇਆ ਉਸ ਨਾਲ ਉਹ ਅਮਰ ਹੋ ਗਿਆ ਜਦ ਕਿ ਬਹੁਤ ਸਾਰੇ ਲੇਖਕ, ਚਿੰਤਕ ਮੌਤ ਸਾਹਮਣੇ ਵੇਖ ਕੇ ਥਿੜਕ ਜਾਂਦੇ ਹਨ, ਜਿਨ੍ਹਾਂ ਬਾਰੇ ਸੁਰਜੀਤ ਪਾਤਰ ਦਾ ਚਰਚਿਤ ਸ਼ੇਅਰ ਹੈ :

ਜ਼ਹਿਰ ਦਾ ਪਿਆਲਾ ਮੇਰੇ ਹੋਠਾਂ 'ਤੇ ਆ ਕੇ ਰੁਕ ਗਿਆ,
ਰਹਿ ਗਿਆ ਮੇਰੇ ਤੇ ਸੁਕਰਾਤ ਵਿਚਲਾ ਫ਼ਾਸਲਾ।

—o—

ਇਸ ਨਾਵਲ ਵਿੱਚ ਲੇਖਕ ਨੇ ਵੀ ਸੁਕਰਾਤ ਬਾਰੇ ਦੱਸਣ ਲਈ ਸੰਵਾਦ ਦੀ ਵਿਧੀ ਹੀ ਵਰਤੀ ਹੈ। ਨਾਵਲ ਦੀ ਕਹਾਣੀ ਵਿੱਚ ਸੁਕਰਾਤ ਦੀ ਸ਼ਹੀਦੀ ਬਾਅਦ ਉਸਦੇ ਕੁੱਝ ਮਿੱਤਰ ਅਤੇ ਚੇਲੇ ਏਥਨਜ਼ ਛੱਡ ਕੇ ਚਲੇ ਜਾਂਦੇ ਹਨ। ਉਹ ਨਹੀਂ ਚਾਹੁੰਦੇ ਕਿ ਹਕੂਮਤ ਸੁਕਰਾਤ ਵਾਂਗ ਉਨ੍ਹਾਂ ਨੂੰ ਵੀ ਖ਼ਤਮ ਕਰ ਦੇਵੇ ਅਤੇ ਸੁਕਰਾਤ ਦੇ ਵਿਚਾਰਾਂ ਨੂੰ ਅੱਗੇ ਲਿਜਾਣ ਵਾਲਾ ਕੋਈ ਵੀ ਨਾ ਰਹੇ। ਇਸਦੀ ਬਜਾਏ ਉਹ ਏਥਨਜ਼ ਵਿੱਚੋਂ ਨਿਕਲ ਕੇ ਹੋਰ ਇਲਾਕਿਆਂ ਵਿੱਚ ਸੁਕਰਾਤ ਦੇ ਵਿਚਾਰਾਂ ਦੀ ਲੋਅ ਫੈਲਾਉਣ ਦੇ ਕਾਰਜ ਵਿੱਚ ਲੱਗ

ਜਾਂਦੇ ਹਨ। ਇਸ ਸਫ਼ਰ ਦੌਰਾਨ ਉਹ ਬਾਹਰ ਦੇ ਲੋਕਾਂ ਨਾਲ ਸੁਕਰਾਤ ਬਾਰੇ ਜੋ ਗੱਲਾਂ ਕਰਦੇ ਹਨ ਉਨ੍ਹਾਂ ਰਾਹੀਂ ਸੁਕਰਾਤ ਦੇ ਵਿਚਾਰਾਂ ਅਤੇ ਉਸਦੀ ਸ਼ਖ਼ਸੀਅਤ ਬਾਰੇ ਪਾਠਕ ਨੂੰ ਭਰਪੂਰ ਜਾਣਕਾਰੀ ਮਿਲਦੀ ਜਾਂਦੀ ਹੈ।

ਇਸ ਸੰਵਾਦ ਦੀ ਵਿਧੀ ਰਾਹੀਂ ਲੇਖਕ ਕਿਵੇਂ ਆਪਣੇ ਵਿਚਾਰਾਂ ਦਾ ਪਾਠਕਾਂ ਤੀਕ ਸੰਚਾਰ ਕਰਦਾ ਹੈ ਇਸਦੀ ਇੱਕ ਉਦਾਹਰਣ ਸੁਕਰਾਤ ਦੇ ਇਨ੍ਹਾਂ ਚੇਲਿਆਂ ਦੀ ਇੱਕ ਬਜ਼ੁਰਗ ਚਿੰਤਕ ਆਲਮਦੇਵ ਨਾਲ ਹੋਈ ਗੱਲਬਾਤ ਵਿੱਚੋਂ ਦੇਖੀ ਜਾ ਸਕਦੀ ਹੈ–

"ਨਾਮ ਦੀ ਵਿਧੀ ? ਇਹ ਕਿਹੜੀ ਵਿਧੀ ਹੈ, ਮਹਾਰਾਜ ਸਾਨੂੰ ਇਸ ਬਾਰੇ ਵੀ ਦੱਸੋ ?"

"ਨਾਮ ਦੀ ਵਿਧੀ ਤੋਂ ਭਾਵ ਹੈ ਕਿਸੇ ਚੀਜ਼ ਨੂੰ ਵਾਰ ਵਾਰ ਜਪ ਕੇ ਰਟਨ ਕਰ ਲੈਣਾ ਤਾਂ ਕਿ ਇਹ ਭੁੱਲੇ ਨਾ। ਇਸੇ ਵਿਧੀ ਰਾਹੀਂ ਇੱਕ ਗੱਲ ਦੂਜੇ ਤੱਕ ਪਹੁੰਚਾਈ ਜਾਂਦੀ ਹੈ ਤੇ ਫਿਰ ਉਸ ਤੋਂ ਇਸੇ ਵਿਧੀ ਰਾਹੀਂ ਕਿਸੇ ਹੋਰ ਤੱਕ ਤੇ ਫਿਰ ਇਹ ਅਗਾਂਹ ਅਗਲੀਆਂ ਪੀੜ੍ਹੀਆਂ ਤੱਕ ਜਾਂਦੀ ਹੈ। ਭਾਵ ਇੱਕ ਗੱਲ ਦਾ ਵਾਰ-ਵਾਰ ਨਾਮ ਲੈ ਕੇ ਉਸ ਨੂੰ ਰਟ ਲੈਣਾ। ਇਹ ਕਿਸੇ ਦੇਵਤੇ ਦਾ ਨਾਮ ਜਪਣਾ ਨਹੀਂ ਹੁੰਦਾ ਜਿਵੇਂ ਕਿ ਕੁੱਝ ਬੇਸਮਝਾਂ ਨੇ ਇਸ ਨੂੰ ਸਮਝ ਲਿਆ ਹੈ। ਆਮ ਤੌਰ 'ਤੇ ਕੁੱਝ ਲੋਕ ਇਹ ਸਮਝਣ ਲੱਗੇ ਹਨ ਕਿ ਇੱਕ ਸ਼ਬਦ ਜਾਂ ਕੁੱਝ ਸ਼ਬਦਾਂ ਦਾ ਰਟਨ ਕਰਨ ਨਾਲ ਦੇਵਤੇ ਰਾਜ਼ੀ ਕੀਤੇ ਜਾ ਸਕਦੇ ਹਨ, ਮੌਤ ਤੋਂ ਬਚਿਆ ਜਾ ਸਕਦਾ ਹੈ, ਬਿਮਾਰੀਆਂ ਨੂੰ ਟਾਲਿਆ ਜਾ ਸਕਦਾ ਹੈ ਜਾਂ ਮਨ-ਚਾਹੇ ਨਤੀਜੇ ਹਾਸਲ ਕੀਤੇ ਜਾ ਸਕਦੇ ਹਨ, ਪਰ ਇਸ ਵਿੱਚ ਕੋਈ ਸਚਾਈ ਨਹੀਂ ਹੈ।" ਆਲਮਦੇਵ ਬੋਲਿਆ।

"ਪਰ ਇਹ ਕਿਉਂ ਸਮਝਿਆ ਜਾਂਦਾ ਹੈ ਕਿ ਦੇਵਤੇ ਤੇ ਹੋਰ ਸ਼ਕਤੀ ਦੀਆਂ ਤਾਕਤਾਂ ਉਹਨਾਂ ਦੇ ਵਾਰ-ਵਾਰ ਨਾਮ ਲੈਣ ਨਾਲ ਖ਼ੁਸ਼ ਹੁੰਦੀਆਂ ਹਨ ? ਇਹ ਮਿਹਰਬਾਨ ਹੁੰਦੀਆਂ ਅਤੇ ਵਰ ਦਿੰਦੀਆਂ ਹਨ।" ਕਰਾਈਟੋ ਨੇ ਸਵਾਲ ਕੀਤਾ।

"ਇਹ ਬਚਕਾਨਾ ਜਿਹੀਆਂ ਗੱਲਾਂ ਨੇ। ਹੁਣ ਤੱਕ ਜੋ ਮੈਂ ਸਮਝਿਆ ਹੈ, ਉਹ ਇਹ ਹੈ ਕਿ ਜਿਵੇਂ ਇੱਕ ਖੁਸ਼ਾਮਦੀ ਰਾਜੇ ਨੂੰ ਖ਼ੁਸ਼ ਕਰਨ ਲਈ ਉਸ ਦੇ ਗੀਤ ਗਾਏ ਜਾਂਦੇ ਹਨ, ਉਸਦੀ ਉਸਤਤ ਕੀਤੀ ਜਾਂਦੀ ਹੈ ਤਾਂ ਉਹ ਖ਼ੁਸ਼ ਹੁੰਦਾ ਹੈ। ਉਸ ਨੂੰ ਕੋਈ ਚੰਗਾ ਸ਼ਿਕਾਰ ਜਾਂ ਕੋਈ ਵਧੀਆ ਹੀਰਾ ਭੇਂਟ ਕੀਤਾ ਜਾਵੇ ਤਾਂ ਨਿਸ਼ਚਿਤ ਹੈ ਕਿ ਉਹ ਖ਼ੁਸ਼ ਹੋਵੇਗਾ। ਇਸੇ ਤਰ੍ਹਾਂ ਲੋਕ ਸਮਝਦੇ ਹਨ ਕਿ ਜੇਕਰ ਗੈਬੀ ਸ਼ਕਤੀ ਜਾਂ ਕਿਸੇ ਦੇਵਤੇ ਦੀ ਉਸਤਤ ਕਰਾਂਗੇ ਤਾਂ ਉਹ ਮਿਹਰਬਾਨ ਹੋਵੇਗਾ। ਇਸ ਵਿੱਚ ਕੋਈ ਸਚਾਈ ਨਹੀਂ ਹੈ। ਜੋ ਵਿਅਕਤੀ ਜ਼ਿੰਦਾ ਹੈ, ਸਾਡੇ ਸਾਹਮਣੇ ਹੈ, ਉਸਨੂੰ ਇਹਨਾਂ ਸਭ ਚੀਜ਼ਾਂ ਨਾਲ ਖ਼ੁਸ਼ ਕੀਤਾ ਜਾ ਸਕਦਾ ਹੈ। ਪਰ ਜੋ ਸਾਡੇ ਦਰਮਿਆਨ ਮੌਜੂਦ ਹੀ ਨਹੀਂ, ਜਿਸ ਦਾ ਚੀਜ਼ਾਂ ਨੂੰ ਗ੍ਰਹਿਣ ਕਰਨ ਲਈ ਕੋਈ ਵਜੂਦ ਨਹੀਂ, ਉਸਨੂੰ ਚੀਜ਼ਾਂ ਭੇਂਟ ਕਰ ਕੇ ਤੁਸੀਂ ਕਿਵੇਂ ਖ਼ੁਸ਼ ਕਰ ਸਕਦੇ ਹੋ ? ਉਸਦਾ ਨਾਮ ਲਈ ਜਾਓਗੇ ਤਾਂ ਇਸ ਨਾਲ ਉਸਨੂੰ ਕੀ ਹਾਸਲ ਹੋਵੇਗਾ।" ਆਲਮਦੇਵ ਇਕੋ ਸਾਹੇ ਕਿੰਨਾ ਕੁਝ ਕਹਿ ਗਿਆ।

—o—

ਨਾਵਲੀ ਕਥਾ ਨੂੰ ਦਿਲਚਸਪ ਬਣਾਉਣ ਲਈ ਲੇਖਕ ਨੇ ਕੁੱਝ ਕਲਪਿਤ ਪਾਤਰ ਸਿਰਜੇ ਹਨ, ਜਿਨ੍ਹਾਂ ਵਿੱਚੋਂ ਨੀਲਮ ਨਾਮ ਦੀ ਲੜਕੀ ਪ੍ਰਮੁੱਖ ਹੈ। ਸੁਕਰਾਤ ਦੇ ਇੱਕ ਚੇਲੇ ਜੈਨੋਅਸ ਦਾ ਨੀਲਮ ਨਾਲ ਮੇਲ ਅਤੇ ਘਟਨਾਵਾਂ ਦੀ ਲੜੀ ਪਾਠਕ ਨੂੰ ਅੱਗੇ ਪੜ੍ਹਨ ਲਈ ਉਤਸੁਕ ਕਰੀ ਰੱਖਦੀਆਂ ਹਨ ਜੋ ਕਿਸੇ ਵੀ ਚੰਗੇ ਨਾਵਲ ਦਾ ਜ਼ਰੂਰੀ ਗੁਣ ਹੁੰਦਾ ਹੈ। ਕੁੱਲ ਮਿਲਾ ਕੇ ਨਾਵਲਕਾਰ ਇਸ ਵਿੱਚ ਜਾਣਕਾਰੀ, ਦਾਰਸ਼ਨਿਕ ਵਿਚਾਰਾਂ ਅਤੇ ਕਥਾ-ਰਸ ਦਾ ਚੰਗਾ ਸੁਮੇਲ ਬਣਾਉਣ ਵਿੱਚ ਸਫਲ ਰਿਹਾ ਹੈ।

ਨਾਵਲ ਦਾ ਨਾਮ ਹੀ ਆਪਣੇ ਤੌਰ 'ਤੇ ਬਹੁਤ ਕੁੱਝ ਕਹਿੰਦਾ ਹੈ—'ਸੁਕਰਾਤ ਕਦੇ ਮਰਦੇ ਨਹੀਂ' ਭਾਵ ਸੱਚ ਉੱਤੇ ਪਹਿਰਾ ਦੇਣ ਵਾਲੇ ਇਨਸਾਨ ਨੂੰ ਚਾਹੇ ਕਤਲ ਵੀ ਕਰ ਦਿੱਤਾ ਜਾਵੇ, ਉਸਦੇ ਵਿਚਾਰਾਂ ਨੂੰ ਮਾਰਿਆ ਨਹੀਂ ਜਾ ਸਕਦਾ। ਉਹ ਆਪਣੇ ਵਿਚਾਰਾਂ ਦੇ ਰੂਪ ਵਿੱਚ ਹਮੇਸ਼ਾ ਜਿਉਂਦਾ ਰਹਿੰਦਾ ਹੈ। ਇਸ ਵਿਲੱਖਣ ਕਿਸਮ ਦੀ ਨਾਵਲੀ ਰਚਨਾ ਲਈ ਗੁਰਚਰਨ ਨੂਰਪੁਰ ਪ੍ਰਸ਼ੰਸਾ ਦਾ ਹੱਕਦਾਰ ਹੈ।

98767 10809

ਅੰਧਵਿਸ਼ਵਾਸ ਦੀ ਇੰਤਹਾ

ਤਾਮਿਲਨਾਡੂ ਦੇ ਮੰਦਰ 'ਚ ਇਕ ਨਿੰਬੂ 35 ਹਜ਼ਾਰ ਰੁਪਏ 'ਚ ਨਿਲਾਮ

ਇਰੋਡ—ਤਾਮਿਲਨਾਡੂ ਦੇ ਇਰੋਡ ਤੋਂ 35 ਕਿਲੋਮੀਟਰ ਦੂਰ ਸ਼ਿਵਗਿਰੀ ਪਿੰਡ ਦੇ ਇਕ ਮੰਦਰ 'ਚ ਚੜ੍ਹਿਆ ਨਿੰਬੂ 35 ਹਜ਼ਾਰ ਰੁਪਏ 'ਚ ਨਿਲਾਮ ਹੋਇਆ ਹੈ। ਇਹ ਨਿੰਬੂ ਪਝਾਪੂਸੀਅਨ ਮੰਦਰ 'ਚ 8 ਮਾਰਚ ਨੂੰ ਮਨਾਏ 'ਮਹਾਸ਼ਿਵਰਾਤਰੀ' ਤਿਉਹਾਰ ਦੇ ਦੌਰਾਨ 'ਭਗਵਾਨ ਸ਼ਿਵ' ਨੂੰ ਚੜ੍ਹਾਇਆ ਗਿਆ ਸੀ। ਨਿੰਬੂ ਦੇ ਇਲਾਵਾ ਫਲਾਂ ਤੇ ਬਾਕੀ ਚੀਜ਼ਾਂ ਦੀ ਨਿਲਾਮੀ ਵੀ ਕੀਤੀ ਗਈ। ਮੰਦਰ ਦੇ ਅਧਿਕਾਰੀਆਂ ਨੇ ਕਿਹਾ ਕਿ ਇਹ ਮੰਦਰ 'ਚ ਚਲੀ ਆ ਰਹੀ ਸਾਲਾਂ ਪੁਰਾਣੀ ਪਰੰਪਰਾ ਹੈ। ਇਸ ਵਾਰ ਨਿਲਾਮੀ 'ਚ 15 ਭਗਤਾਂ ਨੇ ਹਿੱਸਾ ਲਿਆ ਤੇ ਇਕ ਭਗਤ ਨੇ ਇਹ ਨਿੰਬੂ 35 ਹਜ਼ਾਰ ਰੁਪਏ 'ਚ ਖ਼ਰੀਦਿਆ। ਅਜਿਹਾ ਮੰਨਿਆ ਜਾਂਦਾ ਹੈ ਕਿ ਜੋ ਵਿਅਕਤੀ ਨਿੰਬੂ ਪ੍ਰਾਪਤ ਕਰਦਾ ਹੈ ਉਸ ਨੂੰ ਆਉਣ ਵਾਲੇ ਸਾਲਾਂ 'ਚ ਧਨ ਤੇ ਚੰਗੀ ਸਿਹਤ ਦਾ ਆਸ਼ੀਰਵਾਦ ਮਿਲਦਾ ਹੈ। (**ਅਜੀਤ** 11-03-2024)

ਕਰੋੜਾਂ ਦੇ ਇਲੈਕਟੋਰਲ ਬਾਂਡ ਖ਼ਰੀਦਣ ਵਾਲੀਆਂ ਫਾਰਮਾ (ਦਵਾ) ਕੰਪਨੀਆਂ ਡਰੱਗ ਟੈਸਟ 'ਚ ਫੇਲ੍ਹ

- ਰਾਘਵੇਂਦਰ ਰਾਓ, ਸ਼ਾਦਾਬ ਨਜ਼ਮੀ

ਫਾਰਮਾ (ਦਵਾਈ) ਕੰਪਨੀਆਂ ਦੇ ਮਾਮਲੇ ਵਿਚ ਸਰਕਾਰ ਰੈਗੂਲੇਟਿੰਗ (ਕੰਟਰੋਲਿੰਗ) ਅਥਾਰਟੀ ਹੈ। ਇਹਨਾਂ ਵੱਲੋਂ ਬਣਾਈਆਂ ਗਈਆਂ ਦਵਾਈਆਂ ਦੀ ਗੁਣਵਤਾ ਜਾਂਚ ਕੇ ਪ੍ਰਵਾਨਗੀ ਦੇਣਾ ਸਰਕਾਰ ਦਾ ਕੰਮ ਹੈ। ਇੱਕ ਪਾਸੇ ਡਰੱਗ ਟੈਸਟ ਫੇਲ੍ਹ, ਦੂਜੇ ਪਾਸੇ ਸਿਆਸੀ ਪਾਰਟੀਆਂ ਨੂੰ ਇਹਨਾਂ ਵੱਲੋਂ ਕਰੋੜਾਂ ਦੇ ਗੱਫ਼ੇ। ਜੇ ਡਰੱਗ ਟੈਸਟ ਫੇਲ੍ਹ ਹਨ ਤਾਂ ਸਰਕਾਰ ਉਨ੍ਹਾਂ ਦਵਾਈਆਂ ਦਾ ਪ੍ਰਚਲਨ ਕਿਉਂ ਹੋਣ ਦਿੰਦੀ ਹੈ? ਇਸ ਪ੍ਰਕਾਸ਼ਿਤ ਰਿਪੋਰਟ ਵਿਚਲੇ ਅੰਕੜੇ ਤੁਹਾਨੂੰ ਪੂਰੀ ਤਰ੍ਹਾਂ ਸਪੱਸ਼ਟ ਕਰ ਦੇਣਗੇ ਕਿ 'ਕੁੱਤੀ ਚੋਰਾਂ ਨਾਲ ਰਲੀ ਹੋਈ ਹੈ'। ਇਹ ਲੋਕਾਂ ਦੀ ਸਿਹਤ ਨਾਲ ਕਿੰਨਾਂ ਵੱਡਾ ਖਿਲਵਾੜ ਹੈ ਉਹਨਾਂ ਨੁਮਾਇੰਦਿਆਂ ਵਲੋਂ, ਜਿਹਨਾਂ 'ਤੇ ਵਿਸ਼ਵਾਸ ਕਰਕੇ ਲੋਕ ਉਹਨਾਂ ਨੂੰ ਸੱਤਾ ਸੌਂਪਦੇ ਹਨ। ਈ.ਡੀ./ ਇਨਕਮ ਟੈਕਸ ਵਿਭਾਗ ਦੇ ਛਾਪੇ, ਛਾਪਿਆਂ ਬਾਅਦ ਇਲੈਕਟੋਰਲ ਬਾਂਡ ਖ੍ਰੀਦੇ ਜਾਣਾ, ਬਹੁਤ ਵੱਡੇ ਸਵਾਲ ਖੜ੍ਹਾ ਕਰਦਾ ਹੈ। ਇਸ ਸਭ ਕੁੱਝ ਬਾਰੇ ਜਾਨਣ ਲਈ ਬੀ.ਬੀ.ਸੀ. ਦੇ ਪੱਤਰਕਾਰਾਂ ਰਾਘਵੇਂਦਰ ਰਾਓ ਅਤੇ ਸ਼ਾਦਾਬ ਨਜ਼ਮੀ ਵੱਲੋਂ ਸਖ਼ਤ ਮਿਹਨਤ ਨਾਲ ਤਿਆਰ ਕੀਤੀ ਇਹ ਰਿਪੋਰਟ ਜਰੂਰ ਪੜ੍ਹੋ।

ਭਾਰਤ ਵਿੱਚ ਦਵਾਈਆਂ, ਇਲਾਜ ਅਤੇ ਮੈਡੀਕਲ ਸਹੂਲਤਾਂ ਦੀਆਂ ਵਧਦੀਆਂ ਕੀਮਤਾਂ ਕੋਈ ਲੁਕੀ ਹੋਈ ਗੱਲ ਨਹੀਂ ਹੈ। ਅਜਿਹੇ ਵਿੱਚ ਜੇਕਰ ਇਹ ਪਤਾ ਲੱਗੇ ਕਿ ਹਾਈ ਬਲੱਡ ਪ੍ਰੈਸ਼ਰ, ਸ਼ੂਗਰ, ਮਲੇਰੀਆ, ਕੋਵਿਡ ਜਾਂ ਦਿਲ ਦੀਆਂ ਬਿਮਾਰੀਆਂ ਦਾ ਇਲਾਜ ਕਰਨ ਵਾਲੀਆਂ ਕਈ ਪ੍ਰਸਿੱਧ ਦਵਾਈਆਂ ਦੇ ਡਰੱਗ ਟੈਸਟ ਫੇਲ੍ਹ ਹੋ ਰਹੇ ਹਨ, ਤਾਂ ਇਹ ਆਮ ਲੋਕਾਂ ਲਈ ਚਿੰਤਾ ਦਾ ਵਿਸ਼ਾ ਹੈ। ਪਰ ਜੇਕਰ ਇਸ ਦੇ ਨਾਲ ਹੀ ਇਹ ਵੀ ਨਜ਼ਰ ਆਵੇ ਕਿ ਜਿਨ੍ਹਾਂ ਕੰਪਨੀਆਂ ਦੀਆਂ ਦਵਾਈਆਂ ਡਰੱਗ ਟੈਸਟਾਂ 'ਚ ਫੇਲ੍ਹ ਹੋਈਆਂ, ਉਨ੍ਹਾਂ ਨੇ ਕਰੋੜਾਂ ਰੁਪਏ ਦੇ ਇਲੈਕਟੋਰਲ ਬਾਂਡ ਖ਼ਰੀਦ ਕੇ ਸਿਆਸੀ ਦਲਾਂ ਨੂੰ ਦਾਨ ਵਜੋਂ ਦਿੱਤੇ ਹਨ ਤਾਂ ਮਾਮਲਾ ਹੋਰ ਵੀ ਗੰਭੀਰ ਹੋ ਜਾਂਦਾ ਹੈ। ਅਜਿਹਾ ਹੀ ਕੁੱਝ ਦੇਖਣ ਨੂੰ ਮਿਲ ਰਿਹਾ ਹੈ ਇਲੈਕਟੋਰਲ ਬਾਂਡ ਨਾਲ ਜੁੜੇ ਡੇਟਾ (ਅੰਕੜਿਆਂ) ਦੇ ਵਿਸ਼ਲੇਸ਼ਣ ਤੋਂ ਜੋ ਭਾਰਤੀ ਸਟੇਟ ਬੈਂਕ ਨੇ ਸੁਪਰੀਮ ਕੋਰਟ ਦੇ ਹੁਕਮਾਂ ਤੋਂ ਬਾਅਦ ਚੋਣ ਕਮਿਸ਼ਨ ਨੂੰ ਉਪਲੱਬਧ ਕਰਵਾਏ ਸੀ ਅਤੇ ਜਿਸ ਨੂੰ ਚੋਣ ਕਮਿਸ਼ਨ ਨੇ ਜਨਤਕ ਕੀਤਾ ਸੀ। ਡੇਟਾ ਨੂੰ ਖੰਗਾਲਣ ਤੋਂ ਬਾਅਦ, ਇਹ ਸਾਹਮਣੇ ਆਇਆ ਹੈ ਕਿ 23 ਫਾਰਮਾ ਕੰਪਨੀਆਂ ਅਤੇ ਇੱਕ ਸੁਪਰ ਸਪੈਸ਼ਲਿਟੀ ਹਸਪਤਾਲ ਨੇ ਚੋਣ ਬਾਂਡ ਰਾਹੀਂ ਸਿਆਸੀ ਦਲਾਂ ਨੂੰ ਲਗਭਗ 762 ਕਰੋੜ ਰੁਪਏ ਚੰਦਾ ਦਿੱਤਾ ਹੈ। ਆਓ ਹੁਣ ਨਜ਼ਰ ਮਾਰਦੇ ਹਾਂ ਉਨ੍ਹਾਂ ਫਾਰਮਾ ਕੰਪਨੀਆਂ 'ਤੇ ਜਿਨ੍ਹਾਂ ਦੇ ਡਰੱਗ ਟੈਸਟ ਫੇਲ੍ਹ ਹੋਏ ਹਨ ਅਤੇ ਜਿਨ੍ਹਾਂ ਨੇ ਇਲੈਕਟੋਰਲ ਬਾਂਡ ਖ਼ਰੀਦ ਕੇ ਸਿਆਸੀ ਦਲਾਂ ਨੂੰ ਦਿੱਤੇ।

1. ਟੋਰੈਂਟ ਫਾਰਮਾਸਿਊਟੀਕਲ ਲਿਮਿਟਡ

ਇਸ ਕੰਪਨੀ ਦਾ ਰਜਿਸਟਰਡ ਦਫ਼ਤਰ ਗੁਜਰਾਤ ਦੇ ਅਹਿਮਦਾਬਾਦ ਵਿੱਚ ਹੈ। ਸਾਲ 2018 ਤੋਂ 2023 ਦੇ ਵਿਚਕਾਰ, ਇਸ ਕੰਪਨੀ ਦੀਆਂ ਬਣਾਈਆਂ ਗਈਆਂ ਤਿੰਨ ਦਵਾਈਆਂ ਦੇ ਡਰੱਗ ਟੈਸਟ ਫੇਲ੍ਹ ਹੋ ਗਏ। ਇਹ ਦਵਾਈਆਂ ਡੇਪਲੇਟ ਏ 150, ਨਿਕੋਰਨ ਆਈ.ਵੀ. 2 ਅਤੇ ਲੋਪਾਮਾਈਡ ਸਨ। ਡੇਪਲੇਟ ਏ 150 ਦਿਲ ਦਾ ਦੌਰਾ ਪੈਣ ਤੋਂ ਬਚਾਉਂਦੀ ਹੈ ਅਤੇ ਨਿਕੋਰਨ ਆਈ.ਵੀ. 2 ਦਿਲ ਦੇ ਕਾਰਜਭਾਰ ਨੂੰ ਘੱਟ ਕਰਦੀ ਹੈ। ਲੋਪਾਮਾਈਡ ਦੀ ਵਰਤੋਂ ਥੋੜ੍ਹੇ ਸਮੇਂ ਦੇ ਜਾਂ ਲੰਬੇ ਸਮੇਂ ਦੇ ਦਸਤ ਦੇ ਇਲਾਜ ਲਈ ਕੀਤੀ ਜਾਂਦੀ ਹੈ। ਇਸ ਕੰਪਨੀ ਨੇ 7 ਮਈ, 2019 ਅਤੇ 10 ਜਨਵਰੀ, 2024 ਵਿਚਕਾਰ 77.5 ਕਰੋੜ ਰੁਪਏ ਦੇ ਇਲੈਕਟੋਰਲ ਬਾਂਡ ਖ਼ਰੀਦੇ। ਇਨ੍ਹਾਂ 77.5 ਕਰੋੜ ਰੁਪਏ ਵਿੱਚੋਂ 61 ਕਰੋੜ ਰੁਪਏ ਭਾਰਤੀ ਜਨਤਾ ਪਾਰਟੀ ਨੂੰ ਦਿੱਤੇ ਗਏ। ਸਿੱਕਮ ਮੋਰਚਾ ਨੂੰ ਇਸ ਕੰਪਨੀ ਨੇ 7 ਕਰੋੜ ਰੁਪਏ ਅਤੇ ਕਾਂਗਰਸ ਨੂੰ 5 ਕਰੋੜ ਰੁਪਏ ਦਿੱਤੇ।

2. ਸਿਪਲਾ ਲਿਮਿਟਡ

ਸਿਪਲਾ ਲਿਮਿਟਡ ਦਾ ਰਜਿਸਟਰਡ ਦਫ਼ਤਰ ਮੁੰਬਈ ਵਿੱਚ ਹੈ। ਸਾਲ 2018 ਅਤੇ 2023 ਦੇ ਵਿਚਕਾਰ, ਇਸ ਕੰਪਨੀ ਦੀ ਬਣਾਈ ਦਵਾਈ ਦੇ ਸੱਤ ਵਾਰ ਡਰੱਗ ਟੈਸਟ ਫੇਲ੍ਹ ਹੋਏ। ਡਰੱਗ ਟੈਸਟ 'ਚ ਫੇਲ੍ਹ ਹੋਣ ਵਾਲੀਆਂ ਦਵਾਈਆਂ ਵਿੱਚ ਆਰਸੀ ਖੰਘ ਸੀਰਪ, ਲਿਪਵਾਸ ਗੋਲੀਆਂ, ਓਨਡੈਨਸੇਟਰੋਨ ਅਤੇ ਸਿਪ੍ਰੇਮੀ ਇੰਜੈਕਸ਼ਨ ਸ਼ਾਮਲ ਸਨ। ਸਿਪ੍ਰੇਮੀ ਇੰਜੈਕਸ਼ਨ ਵਿੱਚ ਰੀਮਡੇਸੀਵਿਰ ਦਵਾਈ ਹੁੰਦੀ ਹੈ ਜੋ ਕੋਵਿਡ ਦੇ ਇਲਾਜ ਵਿੱਚ ਵਰਤੀ ਜਾਂਦੀ ਹੈ। ਲਿਪਵਾਸ ਦੀ ਵਰਤੋਂ ਕੋਲੈਸਟ੍ਰੋਲ ਨੂੰ

ਘਟਾਉਣ ਅਤੇ ਦਿਲ ਦੀਆਂ ਬਿਮਾਰੀਆਂ ਦੇ ਜੋਖ਼ਮ ਨੂੰ ਘਟਾਉਣ ਲਈ ਕੀਤੀ ਜਾਂਦੀ ਹੈ। ਓਨਡੈਨਸੇਟਰੋਨ ਦੀ ਵਰਤੋਂ ਕੈਂਸਰ ਦੀ ਕੀਮੋਥੈਰੇਪੀ, ਰੇਡੀਏਸ਼ਨ ਥੈਰੇਪੀ, ਅਤੇ ਸਰਜਰੀ ਕਾਰਨ ਹੋਣ ਵਾਲੀ ਮਤਲੀ ਅਤੇ ਉਲਟੀਆਂ ਨੂੰ ਰੋਕਣ ਲਈ ਕੀਤੀ ਜਾਂਦੀ ਹੈ। ਇਸ ਕੰਪਨੀ ਨੇ 10 ਜੁਲਾਈ, 2019 ਅਤੇ 10 ਨਵੰਬਰ, 2022 ਵਿਚਾਲੇ 39.2 ਕਰੋੜ ਰੁਪਏ ਦੇ ਚੋਣ ਬਾਂਡ ਖ਼ਰੀਦੇ। ਇਨ੍ਹਾਂ ਵਿੱਚੋਂ 37 ਕਰੋੜ ਰੁਪਏ ਦੇ ਬਾਂਡ ਭਾਜਪਾ ਨੂੰ ਦਿੱਤੇ ਅਤੇ 2.2 ਕਰੋੜ ਰੁਪਏ ਦੇ ਬਾਂਡ ਕਾਂਗਰਸ ਨੂੰ ਦਿੱਤੇ ਗਏ ਸਨ।

3. ਸਨ ਫਾਰਮਾ ਲੈਬਾਰਟਰੀਜ਼ ਲਿਮਿਟਡ

ਸਨ ਫਾਰਮਾ ਲੈਬਾਰਟਰੀਜ਼ ਦਾ ਮੁੱਖ ਦਫ਼ਤਰ ਮੁੰਬਈ ਵਿੱਚ ਹੈ। 2020 ਅਤੇ 2023 ਵਿਚਕਾਰ ਛੇ ਵਾਰ ਇਸ ਕੰਪਨੀ ਵੱਲੋਂ ਬਣਾਈਆਂ ਗਈਆਂ ਦਵਾਈਆਂ ਦੇ ਡਰੱਗ ਟੈਸਟ ਫੇਲ੍ਹ ਹੋਏ। ਟੈਸਟ ਵਿੱਚ ਫੇਲ੍ਹ ਹੋਣ ਵਾਲੀਆਂ ਦਵਾਈਆਂ ਵਿੱਚ ਕਾਰਡੀਵਾਸ, ਲੈਟੋਪ੍ਰੋਸਟ ਆਈ ਡਰਾਪ ਅਤੇ ਡੀ ਫਲੈਕਸੂਰਾ ਸ਼ਾਮਲ ਸਨ। ਕਾਰਡੀਵਾਸ ਦੀ ਵਰਤੋਂ ਹਾਈ ਬਲੱਡ ਪ੍ਰੈਸ਼ਰ, ਦਿਲ ਨਾਲ ਸਬੰਧਤ ਛਾਤੀ ਦੇ ਦਰਦ (ਐਨਜਾਈਨਾ) ਅਤੇ ਹਾਰਟ ਫੇਲੀਅਰ ਦੇ ਇਲਾਜ ਲਈ ਕੀਤੀ ਜਾਂਦੀ ਹੈ। 15 ਅਪ੍ਰੈਲ 2019 ਅਤੇ 8 ਮਈ 2019 ਨੂੰ ਇਸ ਕੰਪਨੀ ਨੇ ਕੁੱਲ 31.5 ਕਰੋੜ ਰੁਪਏ ਦੇ ਬਾਂਡ ਖ਼ਰੀਦੇ। ਇਹ ਸਾਰੇ ਬਾਂਡ ਕੰਪਨੀ ਨੇ ਭਾਜਪਾ ਨੂੰ ਦਿੱਤੇ।

4. ਜ਼ਾਈਡਸ ਹੈਲਥਕੇਅਰ ਲਿਮਿਟਡ

ਜ਼ਾਈਡਸ ਹੈਲਥਕੇਅਰ ਲਿਮਿਟਡ ਦਾ ਮੁੱਖ ਦਫ਼ਤਰ ਮੁੰਬਈ ਵਿੱਚ ਹੈ। ਸਾਲ 2021 ਵਿੱਚ, ਬਿਹਾਰ ਦੇ ਡਰੱਗ ਰੈਗੂਲੇਟਰ ਨੇ ਇਸ ਕੰਪਨੀ ਵੱਲੋਂ ਬਣਾਈ ਗਈ ਰੇਮਡੇਸੀਵਿਰ ਦਵਾਈਆਂ ਦੇ ਇੱਕ ਬੈਚ ਵਿੱਚ ਗੁਣਵਤਾ ਦੀ ਘਾਟ ਬਾਰੇ ਕਿਹਾ ਸੀ। ਰੇਮਡੇਸੀਵਿਰ ਦੀ ਵਰਤੋਂ ਕੋਵਿਡ ਦੇ ਇਲਾਜ ਵਿੱਚ ਕੀਤੀ ਜਾਂਦੀ ਹੈ। 10 ਅਕਤੂਬਰ 2022 ਅਤੇ 10 ਜੁਲਾਈ, 2023 ਦੇ ਵਿਚਕਾਰ, ਇਸ ਕੰਪਨੀ ਨੇ 29 ਕਰੋੜ ਰੁਪਏ ਦੇ ਬਾਂਡ ਖ਼ਰੀਦੇ। ਇਸ ਵਿੱਚੋਂ 18 ਕਰੋੜ ਭਾਜਪਾ ਨੂੰ, 8 ਕਰੋੜ ਰੁਪਏ ਸਿੱਕਮ ਮੋਰਚਾ ਅਤੇ 3 ਕਰੋੜ ਰੁਪਏ ਕਾਂਗਰਸ ਨੂੰ ਦਿੱਤੇ ਗਏ।

5. ਹੇਟੇਰੋ ਡਰੱਗਜ਼ ਲਿਮਿਟਡ ਅਤੇ ਹੇਟੇਰੋ ਲੈਬਜ਼ ਲਿਮਿਟਡ

ਇਨ੍ਹਾਂ ਕੰਪਨੀਆਂ ਦਾ ਮੁੱਖ ਦਫ਼ਤਰ ਤੇਲੰਗਾਨਾ ਦੇ ਹੈਦਰਾਬਾਦ ਵਿੱਚ ਹੈ। ਸਾਲ 2018 ਅਤੇ 2021 ਵਿਚਾਲੇ ਇਸ ਕੰਪਨੀ ਦੀਆਂ ਬਣਾਈਆਂ ਗਈਆਂ ਦਵਾਈਆਂ ਦੇ ਸੱਤ ਡਰੱਗ ਟੈਸਟ ਫੇਲ੍ਹ ਹੋਏ। ਡਰੱਗ ਟੈਸਟ ਵਿੱਚ ਫੇਲ੍ਹ ਹੋਈਆਂ ਦਵਾਈਆਂ ਵਿੱਚ ਰੇਮਡੇਸੀਵਿਰ ਇੰਜੈਕਸ਼ਨ, ਮੈਟਫੋਰਮਿਨ ਅਤੇ ਕੋਵੀਫੋਰ ਸ਼ਾਮਲ ਸਨ। ਰੇਮਡੇਸੀਵਿਰ ਅਤੇ ਕੋਵੀਫੋਰ ਦੀ ਵਰਤੋਂ ਕੋਵਿਡ ਦੇ ਇਲਾਜ ਵਿੱਚ ਕੀਤੀ ਜਾਂਦੀ ਹੈ ਜਦੋਂ ਕਿ ਮੈਟਫੋਰਮਿਨ ਦੀ ਵਰਤੋਂ ਸ਼ੂਗਰ ਲਈ ਕੀਤੀ ਜਾਂਦੀ ਹੈ। ਹੈਟੇਰੋ ਡਰੱਗਜ਼ ਲਿਮਿਟਡ ਨੇ 7 ਅਪ੍ਰੈਲ 2022 ਅਤੇ 11 ਜੁਲਾਈ 2023 ਨੂੰ 30 ਕਰੋੜ ਰੁਪਏ ਦੇ ਚੋਣ ਬਾਂਡ ਖ਼ਰੀਦੇ। ਇਹ ਸਾਰੇ ਬਾਂਡ ਤੇਲੰਗਾਨਾ ਦੀ ਭਾਰਤ ਰਾਸ਼ਟਰ ਸਮਿਤੀ (ਬੀ.ਆਰ.ਐੱਸ.) ਪਾਰਟੀ ਨੂੰ ਦਿੱਤੇ ਗਏ ਸਨ। ਹੇਟੇਰੋ ਡਰੱਗਜ਼ ਲਿਮਿਟਡ ਨੇ 7 ਅਪ੍ਰੈਲ, 2022 ਅਤੇ 12 ਅਕਤੂਬਰ 2023 ਨੂੰ 25 ਕਰੋੜ ਰੁਪਏ ਦੇ ਬਾਂਡ ਖ਼ਰੀਦੇ। ਇਸ ਵਿੱਚੋਂ 20 ਕਰੋੜ ਰੁਪਏ ਦੇ ਬਾਂਡ ਬੀ.ਆਰ.ਐੱਸ. ਨੂੰ ਅਤੇ 5 ਕਰੋੜ ਰੁਪਏ ਦੇ ਬਾਂਡ ਭਾਜਪਾ ਨੂੰ ਦਿੱਤੇ ਗਏ ਸਨ।

6. ਇੰਟਾਸ ਫਾਰਮਾਸਿਊਟੀਕਲਸ

ਇੰਟਰਾਸ ਫਾਰਮਾਸਿਊਟੀਕਲਸ ਦਾ ਮੁੱਖ ਦਫ਼ਤਰ ਅਹਿਮਦਾਬਾਦ, ਗੁਜਰਾਤ ਵਿੱਚ ਹੈ। ਜੁਲਾਈ 2020 ਵਿੱਚ, ਇਸ ਕੰਪਨੀ ਵੱਲੋਂ ਬਣਾਈ ਗਈ ਦਵਾਈ ਐਨਾਪ੍ਰਿਲ ਦਾ ਟੈਸਟ ਫੇਲ੍ਹ ਹੋ ਗਿਆ। ਐਨਾਪ੍ਰਿਲ ਦੀ ਵਰਤੋਂ ਹਾਈ ਬਲੱਡ ਪ੍ਰੈਸ਼ਰ ਅਤੇ ਹਾਰਟ ਫੇਲੀਅਰ ਦੇ ਇਲਾਜ ਲਈ ਕੀਤੀ ਜਾਂਦੀ ਹੈ। ਇਹ ਦਵਾਈ ਦਿਲ ਦੇ ਦੌਰੇ ਤੋਂ ਬਾਅਦ ਵੀ ਦਿੱਤੀ ਜਾਂਦੀ ਹੈ। ਇਸ ਕੰਪਨੀ ਨੇ 10 ਅਕਤੂਬਰ 2022 ਨੂੰ 20 ਕਰੋੜ ਰੁਪਏ ਦੇ ਇਲੈਕਟੋਰਲ ਬਾਂਡ ਖ਼ਰੀਦੇ। ਇਹ ਸਾਰੇ ਬਾਂਡ ਭਾਰਤੀ ਜਨਤਾ ਪਾਰਟੀ ਨੂੰ ਦਿੱਤੇ ਗਏ ਸਨ।

7. ਆਈ.ਪੀ.ਸੀ.ਏ. ਲੈਬਾਰਟਰੀਜ਼ ਲਿਮਿਟਡ

ਆਈਪੀਸੀਏ ਲੈਬਾਰਟਰੀਜ਼ ਲਿਮਟਿਡ ਦਾ ਮੁੱਖ ਦਫ਼ਤਰ ਮੁੰਬਈ ਵਿੱਚ ਹੈ। ਅਕਤੂਬਰ 2018 ਵਿੱਚ, ਇਸ ਕੰਪਨੀ ਦੀ ਬਣਾਈ ਗਈ ਦਵਾਈ ਲਾਰੀਆਗੋ ਟੈਬਲੇਟ ਦਾ ਡਰੱਗ ਟੈਸਟ ਫੇਲ੍ਹ ਹੋ ਗਿਆ ਸੀ। ਲਾਰੀਆਗੋ ਦੀ ਵਰਤੋਂ ਮਲੇਰੀਆ ਦੀ ਰੋਕਥਾਮ ਅਤੇ ਇਲਾਜ ਲਈ ਕੀਤੀ ਜਾਂਦੀ ਹੈ। 10 ਨਵੰਬਰ 2022 ਅਤੇ 5 ਅਕਤੂਬਰ 2023 ਦੇ ਵਿਚਾਲੇ, ਇਸ ਕੰਪਨੀ ਨੇ 13.5 ਕਰੋੜ ਰੁਪਏ ਦੇ ਬਾਂਡ ਖ਼ਰੀਦੇ। ਇਸ ਵਿੱਚੋਂ ਭਾਜਪਾ ਨੂੰ 10 ਕਰੋੜ ਰੁਪਏ ਦੇ ਬਾਂਡ ਅਤੇ ਸਿੱਕਮ ਮੋਰਚਾ ਪਾਰਟੀ ਨੂੰ 3.5 ਕਰੋੜ ਰੁਪਏ ਦੇ ਬਾਂਡ ਦਿੱਤੇ ਗਏ।

8. ਗਲੇਨਮਾਰਕ ਫਾਰਮਾਸਿਊਟੀਕਲਸ ਲਿਮਿਟਡ

ਗਲੇਨਮਾਰਕ ਫਾਰਮਾਸਿਊਟੀਕਲਸ ਲਿਮਿਟਡ ਦਾ ਮੁੱਖ ਦਫ਼ਤਰ ਮੁੰਬਈ ਵਿੱਚ ਹੈ। ਸਾਲ 2022 ਅਤੇ 2023 ਦੇ ਵਿਚਕਾਰ, ਇਸ ਕੰਪਨੀ ਦੀਆਂ ਬਣਾਈਆਂ ਗਈਆਂ ਦਵਾਈਆਂ ਦੇ ਛੇ ਡਰੱਗ ਟੈਸਟ ਫੇਲ੍ਹ ਹੋਏ। ਜਿਹੜੀਆਂ ਦਵਾਈਆਂ ਡਰੱਗ ਟੈਸਟ ਫੇਲ੍ਹ ਹੋਈਆਂ ਉਹਨਾਂ ਵਿੱਚ ਟੇਲਮਾ ਏ.ਐੱਮ., ਟੇਲਮਾ ਐੱਚ ਅਤੇ ਜ਼ਿਟੇਨ ਗੋਲੀਆਂ ਆਦਿ ਸ਼ਾਮਲ

ਸਨ। ਟੇਲਮਾ ਏਐੱਮ ਅਤੇ ਟੇਲਮਾ ਐੱਚ ਦੀ ਵਰਤੋਂ ਹਾਈ ਬਲੱਡ ਪ੍ਰੈਸ਼ਰ ਦੇ ਇਲਾਜ ਲਈ ਕੀਤੀ ਜਾਂਦੀ ਹੈ। ਡਿਟੇਨ ਟੈਬਲੇਟ ਦੀ ਵਰਤੋਂ ਡਾਇਬੀਟੀਜ਼ ਦੇ ਇਲਾਜ ਲਈ ਕੀਤੀ ਜਾਂਦੀ ਹੈ। ਇਸ ਕੰਪਨੀ ਨੇ 11 ਨਵੰਬਰ, 2022 ਨੂੰ 9.75 ਕਰੋੜ ਰੁਪਏ ਦੇ ਬਾਂਡ ਖ਼ਰੀਦੇ। ਇਹ ਸਾਰੇ ਬਾਂਡ ਭਾਜਪਾ ਨੂੰ ਦਿੱਤੇ ਗਏ ਸਨ।

ਛਾਪੇਮਾਰੀ ਤੋਂ ਬਾਅਦ ਫਾਰਮਾ ਕੰਪਨੀਆਂ ਨੇ ਕਿਸ ਪਾਰਟੀ ਨੂੰ ਪੈਸਾ ਦਿੱਤਾ?

ਐੱਸ.ਬੀ.ਆਈ. ਨੇ ਜੋ ਡੈਟਾ ਪਹਿਲੀ ਖੇਪ ਵਿੱਚ ਚੋਣ ਕਮਿਸ਼ਨ ਨੂੰ ਦਿੱਤਾ ਹੈ, ਉਸ ਦਾ ਵਿਸ਼ਲੇਸ਼ਣ ਕਰਨ ’ਤੇ, ਕੁੱਝ ਅਜਿਹੀਆਂ ਉਦਾਹਰਣਾਂ ਮਿਲੀਆਂ ਹਨ ਜਿੱਥੇ ਕਿਸੇ ਵੀ ਸਾਲ ਕਿਸੇ ਨਿੱਜੀ ਕੰਪਨੀ ’ਤੇ ਐਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਜਾਂ ਇਨਕਮ ਟੈਕਸ ਵਿਭਾਗ ਦੀ ਛਾਪੇਮਾਰੀ ਹੋਈ ਅਤੇ ਉਸ ਦੇ ਕੁੱਝ ਦਿਨਾਂ ਬਾਅਦ ਉਸ ਕੰਪਨੀ ਨੇ ਚੋਣ ਬਾਂਡ ਖ਼ਰੀਦੇ। ਅਜਿਹੀਆਂ ਵੀ ਉਦਾਹਰਨਾਂ ਹਨ ਕਿ ਕਿਸੇ ਕੰਪਨੀ ਨੇ ਇਲੈਕਟੋਰਲ ਬਾਂਡ ਖ਼ਰੀਦੇ ਅਤੇ ਕੁੱਝ ਦਿਨਾਂ ਬਾਅਦ ਉਸ ’ਤੇ ਛਾਪਾ ਮਾਰਿਆ ਗਿਆ ਅਤੇ ਉਸ ਤੋਂ ਬਾਅਦ ਕੰਪਨੀ ਨੇ ਫਿਰ ਤੋਂ ਇਲੈਕਟੋਰਲ ਬਾਂਡ ਖ਼ਰੀਦੇ। ਇਨ੍ਹਾਂ ਕੰਪਨੀਆਂ ਵਿੱਚ ਕੁੱਝ ਫਾਰਮਾ ਕੰਪਨੀਆਂ ਅਤੇ ਇੱਕ ਹਸਪਤਾਲ ਵੀ ਸ਼ਾਮਲ ਹੈ। ਆਓ ਨਜ਼ਰ ਮਾਰਦੇ ਹਾਂ ਉਨ੍ਹਾਂ ਕੰਪਨੀਆਂ ’ਤੇ ਜਿਨ੍ਹਾਂ ’ਤੇ ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਜਾਂ ਇਨਕਮ ਟੈਕਸ ਵਿਭਾਗ ਨੇ ਛਾਪੇ ਮਾਰੇ ਅਤੇ ਉਨ੍ਹਾਂ ਨੇ ਇਲੈਕਟੋਰਲ ਬਾਂਡ ਖ਼ਰੀਦ ਕੇ ਕਿਹੜੇ ਸਿਆਸੀ ਦਲਾਂ ਨੂੰ ਦਿੱਤੇ?

1. ਯਸ਼ੋਦਾ ਸੁਪਰ ਸਪੈਸ਼ਲਿਟੀ ਹਸਪਤਾਲ

ਯਸ਼ੋਦਾ ਸੁਪਰ ਸਪੈਸ਼ਲਿਟੀ ਹਸਪਤਾਲ ਦਾ ਮੁੱਖ ਦਫ਼ਤਰ ਤੇਲੰਗਾਨਾ ਵਿੱਚ ਹੈ। ਇਸ ਕੰਪਨੀ ਨੇ 4 ਅਕਤੂਬਰ, 2021 ਅਤੇ 11 ਅਕਤੂਬਰ, 2023 ਵਿਚਾਲੇ 162 ਕਰੋੜ ਰੁਪਏ ਦੇ ਚੋਣ ਬਾਂਡ ਖ਼ਰੀਦੇ। ਇਸ ਕੰਪਨੀ ’ਤੇ 22 ਦਸੰਬਰ 2020 ਨੂੰ ਇਨਕਮ ਟੈਕਸ ਵਿਭਾਗ ਦੀ ਰੇਡ ਹੋਈ। 4 ਅਕਤੂਬਰ, 2021 ਤੋਂ ਇਸ ਕੰਪਨੀ ਨੇ ਇਲੈਕਟੋਰਲ ਬਾਂਡ ਖ਼ਰੀਦਣੇ ਸ਼ੁਰੂ ਕੀਤੇ। ਇਸ ਕੰਪਨੀ ਨੇ 94 ਕਰੋੜ ਰੁਪਏ ਦੇ ਬਾਂਡ ਭਾਰਤ ਰਾਸ਼ਟਰ ਸਮਿਤੀ ਪਾਰਟੀ ਨੂੰ ਦਿੱਤੇ। ਨਾਲ ਹੀ, ਕੰਪਨੀ ਨੇ 64 ਕਰੋੜ ਰੁਪਏ ਦੇ ਬਾਂਡ ਕਾਂਗਰਸ ਨੂੰ ਅਤੇ 2 ਕਰੋੜ ਰੁਪਏ ਦੇ ਬਾਂਡ ਭਾਜਪਾ ਨੂੰ ਦਿੱਤੇ।

2. ਡਾ. ਰੈਡੀਜ਼ ਲੈਬ

ਡਾ. ਰੈਡੀਜ਼ ਲੈਬ ਦਾ ਮੁੱਖ ਦਫ਼ਤਰ ਹੈਦਰਾਬਾਦ, ਤੇਲੰਗਾਨਾ ਵਿੱਚ ਹੈ। 8 ਮਈ 2019 ਅਤੇ 4 ਜਨਵਰੀ 2024 ਵਿਚਾਲੇ 84 ਕਰੋੜ ਰੁਪਏ ਦੇ ਇਲੈਕਟੋਰਲ ਬਾਂਡ ਖ਼ਰੀਦੇ। 12 ਨਵੰਬਰ, 2023 ਨੂੰ ਇਨਕਮ ਟੈਕਸ ਵਿਭਾਗ ਨੇ ਇਸ ਕੰਪਨੀ ਨਾਲ ਜੁੜੇ ਲੋਕਾਂ ਅਤੇ ਉਨ੍ਹਾਂ ਦੇ ਸਹਿਯੋਗੀਆਂ ’ਤੇ ਗ਼ੈਰ-ਕਾਨੂੰਨੀ ਨਕਦੀ ਲੈਣ-ਦੇਣ ਦੇ ਮਾਮਲੇ ’ਚ ਛਾਪੇਮਾਰੀ ਕੀਤੀ। 17 ਨਵੰਬਰ, 2023 ਨੂੰ, ਇਸ ਕੰਪਨੀ ਨੇ 21 ਕਰੋੜ ਰੁਪਏ ਦੇ ਬਾਂਡ ਖ਼ਰੀਦੇ। 4 ਜਨਵਰੀ, 2024 ਨੂੰ ਕੰਪਨੀ ਨੇ 10 ਕਰੋੜ ਰੁਪਏ ਦੇ ਬਾਂਡ ਖ਼ਰੀਦੇ। ਇਸ ਕੰਪਨੀ ਨੇ ਭਾਰਤ ਰਾਸ਼ਟਰ ਸਮਿਤੀ ਪਾਰਟੀ ਨੂੰ 32 ਕਰੋੜ ਰੁਪਏ ਦੇ ਬਾਂਡ ਦਿੱਤੇ ਸਨ। ਇਸ ਤੋਂ ਇਲਾਵਾ ਭਾਜਪਾ ਨੂੰ 25 ਕਰੋੜ ਰੁਪਏ ਦੇ ਬਾਂਡ, ਕਾਂਗਰਸ ਨੂੰ 14 ਕਰੋੜ ਰੁਪਏ ਦੇ ਬਾਂਡ ਅਤੇ ਤੇਲਗੂ ਦੇਸ਼ਮ ਪਾਰਟੀ ਨੂੰ 13 ਕਰੋੜ ਰੁਪਏ ਦੇ ਬਾਂਡ ਦਿੱਤੇ ਗਏ ਹਨ।

3. ਅਰਬਿੰਦੋ ਫਾਰਮਾ

ਅਰਬਿੰਦੋ ਫਾਰਮਾ ਦਾ ਮੁੱਖ ਦਫ਼ਤਰ ਤੇਲੰਗਾਨਾ ਦੇ ਹੈਦਰਾਬਾਦ ਹੈ। ਇਸ ਕੰਪਨੀ ਨੇ 3 ਅਪ੍ਰੈਲ, 2021 ਅਤੇ 8 ਨਵੰਬਰ, 2023 ਵਿਚਾਲੇ 52 ਕਰੋੜ ਰੁਪਏ ਦੇ ਬਾਂਡ ਖ਼ਰੀਦੇ। 10 ਨਵੰਬਰ, 2022 ਨੂੰ ਕੰਪਨੀ ਦੇ ਡਾਇਰੈਕਟਰ ਪੀ ਸਰਥ ਚੰਦਰ ਰੈੱਡੀ ਨੂੰ ਮਨੀ ਲਾਂਡਰਿੰਗ ਕੇਸ ਵਿੱਚ ਈਡੀ ਦੁਆਰਾ ਗ੍ਰਿਫ਼ਤਾਰ ਕਰ ਲਿਆ ਗਿਆ ਸੀ। 15 ਨਵੰਬਰ, 2022 ਨੂੰ ਕੰਪਨੀ ਨੇ ਕਰੋੜ ਰੁਪਏ ਦੇ ਬਾਂਡ ਖ਼ਰੀਦੇ। ਇਹ ਸਾਰੇ ਬਾਂਡ ਭਾਰਤੀ ਜਨਤਾ ਪਾਰਟੀ ਨੂੰ ਦਿੱਤੇ ਗਏ ਸਨ।

ਹੋਰ ਕਿਹੜੀਆਂ ਫਾਰਮਾ ਕੰਪਨੀਆਂ ਨੇ ਦਿੱਤਾ ਚੁਣਾਵੀ ਚੰਦਾ ?

ਹੁਣ ਤੱਕ ਅਸੀਂ ਇਲੈਕਟੋਰਲ ਬਾਂਡ ਖ਼ਰੀਦ ਕੇ ਸਿਆਸੀ ਦਲਾਂ ਨੂੰ ਕਰੋੜਾਂ ਰੁਪਏ ਦੇਣ ਵਾਲੀਆਂ ਜਿਨ੍ਹਾਂ ਕੰਪਨੀਆਂ ਦੀ ਗੱਲ ਕੀਤੀ ਉਹ ਜਾਂ ਤਾਂ ਉਹ ਸਨ, ਜਿਨ੍ਹਾਂ ਦੀਆਂ ਦਵਾਈਆਂ ਡਰੱਗ ਟੈਸਟਾਂ ’ਚ ਫੇਲ੍ਹ ਹੋਈਆਂ ਜਾਂ ਜਿਨ੍ਹਾਂ ’ਤੇ ਈਡੀ ਜਾਂ ਇਨਕਮ ਟੈਕਸ ਵਿਭਾਗ ਨੇ ਛਾਪੇਮਾਰੀ ਕੀਤੀ ਸੀ, ਪਰ ਇਨ੍ਹਾਂ ਕੰਪਨੀਆਂ ਤੋਂ ਇਲਾਵਾ ਕੁੱਝ ਹੋਰ ਕੰਪਨੀਆਂ ਵੀ ਹਨ, ਜਿਨ੍ਹਾਂ ਨੇ ਕਈ ਸਿਆਸੀ ਦਲਾਂ ਨੂੰ ਇਲੈਕਟੋਰਲ ਬਾਂਡ ਰਾਹੀਂ ਕਰੋੜਾਂ ਰੁਪਏ ਦਾ ਚੰਦਾ ਦਿੱਤਾ ਸੀ।

1. ਨੇਟਕੋ ਫਾਰਮਾ

ਨੇਟਕੋ ਫਾਰਮਾ ਦਾ ਮੁੱਖ ਦਫ਼ਤਰ ਹੈਦਰਾਬਾਦ ਵਿੱਚ ਹੈ। ਇਸ ਕੰਪਨੀ ਨੇ 5 ਅਕਤੂਬਰ, 2019 ਅਤੇ 10 ਜਨਵਰੀ, 2024 ਵਿਚਕਾਰ 69.25 ਕਰੋੜ ਰੁਪਏ ਦੇ ਬਾਂਡ ਖ਼ਰੀਦੇ। ਇਸ ਵਿੱਚੋਂ 20 ਕਰੋੜ ਰੁਪਏ ਬੀ.ਆਰ.ਐੱਸ. ਪਾਰਟੀ ਨੂੰ, 15 ਕਰੋੜ ਰੁਪਏ ਭਾਜਪਾ ਨੂੰ 12.25 ਕਰੋੜ ਰੁਪਏ ਕਾਂਗਰਸ ਪਾਰਟੀ ਨੂੰ ਦਿੱਤੇ ਗਏ ਹਨ। **ਬਾਕੀ ਪੰਨਾ 23 ’ਤੇ**

ਧਰਮ ਗ੍ਰੰਥਾਂ ਦੇ ਹਨੇਰਿਆਂ 'ਚੋਂ ਕੱਢ ਸੂਰਜ ਨੂੰ ਅਸਮਾਨ ਦੇਣ ਵਾਲਾ ਖਗੋਲ ਵਿਗਿਆਨੀ - ਕਾਪਰਨਿਕਸ

ਅਸ਼ੋਕ ਪਾਂਡੇ



ਬਲੈਕ ਡੈੱਥ (ਬਿਊਬਨਿਕ ਪਲੇਗ) ਮਹਾਂਮਾਰੀ ਨੇ ਯੂਰਪ ਦੀ ਅੱਧੀ ਅਬਾਦੀ ਦਾ ਸਫਾਇਆ ਕਰ ਦਿੱਤਾ ਸੀ। 14ਵੀਂ ਸ਼ਤਾਬਦੀ ਦੇ ਇਸ ਤਰਾਸਦਿਕ ਦੌਰ ਤੋਂ ਬਾਅਦ ਅਗਲੇ ਤਿੰਨ ਸੌ ਸਾਲ ਤੱਕ ਯੂਰਪ ਨੇ ਆਪਣਾ ਪੁਨਰਨਿਰਮਾਣ ਕੀਤਾ। ਯੂਨਾਨੀ ਅਤੇ ਰੋਮਨ ਸੱਭਿਅਤਾਵਾਂ ਦੇ ਗਿਆਨ ਨੂੰ ਦੋਬਾਰਾ ਖੋਜਿਆ ਗਿਆ। ਕਲਾ ਅਤੇ ਵਿਗਿਆਨ ਦੇ ਪ੍ਰਤੀ ਲੋਕਾਂ ਵਿੱਚ ਨਵੀਂ ਦਿਲਚਸਪੀ ਜਾਗੀ। ਪੜ੍ਹੇ-ਲਿਖੇ ਲੋਕਾਂ ਨੇ ਇਸ ਸਿਧਾਂਤ ਦਾ ਪ੍ਰਚਾਰ-ਪ੍ਰਸਾਰ ਕੀਤਾ ਕਿ ਮਨੁੱਖ ਦੇ ਵਿਚਾਰਾਂ ਦੀ ਸਮਰੱਥਾ ਦੀ ਕੋਈ ਸੀਮਾ ਨਹੀਂ ਹੈ। ਇੱਕ ਜੀਵਨ ਵਿੱਚ ਹੀ ਮਨੁੱਖ ਜਿੰਨਾ ਚਾਹੇ ਗਿਆਨ ਬਟੋਰ ਕੇ ਸਭਿਅਤਾ ਦੇ ਵਿਕਾਸ ਵਿੱਚ ਆਪਣਾ ਮਹੱਤਵਪੂਰਨ ਯੋਗਦਾਨ ਪਾ ਸਕਦਾ ਹੈ। ਤਿੰਨ ਸੌ ਸਾਲ ਦੇ ਇਸ ਸੁਨਹਿਰੇ ਕਾਲ ਨੂੰ ਰੇਨੇਸਾਸ (ਪੁਨਰ ਜਾਗਰਣ) ਕਾਲ ਕਿਹਾ ਜਾਂਦਾ ਹੈ।



ਰੇਨੇਸਾਸ ਦੇ ਮਾਡਲ ਦੇ ਤੌਰ 'ਤੇ ਅਕਸਰ ਪੋਲੈਂਡ ਦੇ ਨਿਕੋਲਸ ਕਾਪਰਨਿਕਸ ਦਾ ਨਾਮ ਲਿਆ ਜਾਂਦਾ ਹੈ। ਗਣਿਤ ਮਾਹਿਰ ਅਤੇ ਖਗੋਲ ਸ਼ਾਸਤਰੀ ਕਾਪਰਨਿਕਸ, ਚਰਚ ਦੇ ਵਿਧੀ-ਵਿਧਾਨ ਦਾ ਗਿਆਤਾ, ਚਕਿਤਸਕ, ਅਨੁਵਾਦਿਕ ਚਿੱਤਰਕਾਰ, ਕੂਟਨੀਤਕ ਅਤੇ ਅਰਥ-ਸ਼ਾਸਤਰੀ ਵੀ ਸੀ। ਉਹਦੇ ਕੋਲ ਵਕਾਲਤ ਵਿੱਚ ਡਾਕਟ੍ਰੇਟ ਦੀ ਡਿਗਰੀ ਵੀ ਸੀ। ਉਹ ਪੋਲਿਸ਼, ਜਰਮਨ, ਲੈਟਿਨ, ਗ੍ਰੀਕ ਭਾਸ਼ਾਵਾਂ ਦਾ ਵਿਦਵਾਨ ਵੀ ਸੀ। 19 ਫਰਵਰੀ 1473 ਨੂੰ ਤਾਂਬੇ ਦਾ ਵਿਉਪਾਰ ਕਰਨ ਵਾਲੇ ਪ੍ਰੀਵਾਰ ਵਿੱਚ ਜਨਮੇ ਕਾਪਰਨਿਕਸ ਚਾਰ ਭੈਣ-ਭਰਾਵਾਂ ਵਿੱਚ ਸਭ ਤੋਂ ਛੋਟੇ ਸਨ। ਦਸ ਸਾਲ ਦੇ ਸਨ ਜਦੋਂ ਮਾਤਾ-ਪਿਤਾ ਦੋਨਾਂ ਦਾ ਦੇਹਾਂਤ ਹੋ ਗਿਆ। ਅੱਗੇ ਦਾ ਪਾਲਣ-ਪੋਸ਼ਣ ਮਾਮੇ ਨੇ ਕੀਤਾ ਸੀ। ਉਹਦੇ ਮਾਮੇ ਨੇ ਹੀ ਕਰਾਕੋ ਯੂਨੀਵਰਸਿਟੀ ਪੜ੍ਹਨ ਲਈ ਭੇਜਿਆ ਸੀ। ਜਿਥੇ ਉਸਨੇ ਗਣਿਤ, ਗਰੀਕ ਅਤੇ ਖਗੋਲ ਸ਼ਾਸਤਰ ਦਾ ਅਧਿਐਨ ਕੀਤਾ।

ਉਸਦੀ ਉੱਥੋਂ ਵਾਪਸੀ ਉਪਰੰਤ ਮਾਮੇ ਨੇ ਅਗਲੀ ਪੜ੍ਹਾਈ ਲਈ ਆਪਣੇ ਕਾਬਿਲ ਭਾਣਜੇ ਨੂੰ ਇਟਲੀ ਭੇਜਣ ਦਾ ਮਨ ਬਣਾਇਆ। ਸਫ਼ਰ ਦੇ ਸਾਧਨਾਂ ਦੀ ਅਣਹੋਂਦ ਵਿੱਚ ਕਾਪਰਨਿਕਸ ਦੋ ਮਹੀਨੇ ਦੀ ਪੈਦਲ ਯਾਤਰਾ ਤੋਂ ਬਾਅਦ ਇਟਲੀ ਪਹੁੰਚਿਆ ਸੀ, ਜਿੱਥੇ ਅਗਲੇ ਛੇ ਸਾਲ ਤੱਕ ਯੂਰਪ ਦੇ ਸਭ ਤੋਂ ਪ੍ਰਾਚੀਨ ਅਤੇ ਸਰਵਸ੍ਰੇਸ਼ਠ ਦੋ ਅਲੱਗ-ਅਲੱਗ ਵਿਸ਼ਵ ਵਿਦਿਆਲਿਆਂ ਬੋਲੋਨਾ ਅਤੇ ਪਾਡੂਆਂ ਵਿੱਚ ਉਸਨੇ ਪੜ੍ਹਾਈ ਕੀਤੀ। ਇੱਥੇ ਹੀ ਉਸ ਨੇ ਉਨ੍ਹਾਂ ਸਾਰੀਆਂ ਚੀਜ਼ਾਂ ਉੱਪਰ ਵਿਚਾਰ ਕਰਨਾ ਸ਼ੁਰੂ ਕੀਤਾ ਜੋ ਉਹਦੇ ਅਧਿਆਪਕ ਕਾਲ ਵਿੱਚ ਪੜ੍ਹਾਇਆ ਕਰਦੇ ਸਨ। ਬ੍ਰਹਿਮੰਡ ਦੀ ਸੰਰਚਨਾ ਦੇ ਬਾਰੇ ਵਿੱਚ ਅਰਸਤੂ ਅਤੇ ਟਾਲਮੀ ਦੇ ਸਿਧਾਂਤਾਂ ਵਿੱਚ ਉਸਨੂੰ ਗੰਭੀਰ ਵਿਰੋਧਤਾਈਆਂ ਨਜ਼ਰ ਆਈਆਂ।

1503 ਵਿੱਚ ਤੀਹ ਸਾਲ ਦੀ ਉਮਰ ਵਿੱਚ ਉਹ ਘਰ ਵਾਪਸ ਪਹੁੰਚਿਆ। ਮਾਮਾ ਪ੍ਰਭਾਵਸ਼ਾਲੀ ਆਦਮੀ ਸੀ ਅਤੇ ਉਹਦੀ ਸਿਫਾਰਸ਼ ਉੱਤੇ ਉਸਨੂੰ ਸਥਾਨਕ ਚਰਚ ਵਿੱਚ ਕੈਨਨ ਦੀ ਨੌਕਰੀ ਮਿਲ ਗਈ। ਇਸ ਪੇਸ਼ੇ ਵਿੱਚ ਉਸਨੂੰ ਨਕਸ਼ੇ ਬਣਾਉਣ ਤੋਂ ਇਲਾਵਾ ਟੈਕਸ ਇਕੱਠਾ ਕਰਨ ਅਤੇ ਚਰਚ ਦੇ ਵਹੀ ਖਾਤੇ ਨੂੰ ਦੇਖਣਾ ਹੁੰਦਾ ਸੀ। ਅਰਾਮ ਭਰੀ ਨੌਕਰੀ ਸੀ। 1510 ਵਿੱਚ ਮਾਮੇ ਦੀ ਮੌਤ ਹੋ ਗਈ।

ਕਾਪਰਨਿਕਸ ਨੇ ਆਪਣਾ ਅਲੱਗ ਘਰ ਬਣਵਾਇਆ ਅਤੇ ਖਗੋਲੀ ਅਧਿਐਨ ਲਈ ਘਰ ਉੱਪਰ ਇਕ ਟਾਵਰ ਵੀ ਬਣਵਾਇਆ। ਉਸ ਸਮੇਂ ਤੱਕ ਟੈਲੀਸਕੋਪ ਦੀ ਖੋਜ ਨਹੀਂ ਹੋਈ ਸੀ। ਲੱਕੜੀਆਂ ਅਤੇ ਪਾਈਪਾਂ ਦੀ ਮਦਦ ਨਾਲ ਉਹ ਤਾਰਿਆਂ ਦੀ ਗਤੀ ਦਾ ਅਧਿਐਨ ਕਰਦਾ ਸੀ। 1514 ਈ: ਵਿੱਚ ਉਸਨੇ ਇਕ ਵਿਗਿਆਨਿਕ ਰਿਪੋਰਟ ਲਿਖ ਕੇ ਆਪਣੇ ਦੋਸਤਾਂ ਵਿੱਚ ਵੰਡ ਦਿੱਤਾ। ਭੌਤਿਕ ਵਿਗਿਆਨ ਦੇ ਇਤਿਹਾਸ ਵਿੱਚ ਇਸ ਰਿਪੋਰਟ ਨੂੰ **ਲਿਟਲ ਕਮੇਂਟਰੀ** ਵਜੋਂ ਜਾਣਿਆ ਜਾਂਦਾ ਹੈ। ਕਾਪਰਨਿਕਸ ਨੇ ਦਾਅਵਾ ਕੀਤਾ ਕਿ ਧਰਤੀ ਸੂਰਜ ਦੁਆਲੇ ਘੁੰਮਦੀ ਹੈ, ਨਾ ਕਿ ਸੂਰਜ ਧਰਤੀ ਦੁਆਲੇ ਘੁੰਮਦਾ ਹੈ, ਜਿਵੇਂ ਕਿ ਧਰਮਗ੍ਰੰਥਾਂ ਵਿੱਚ ਲਿਖਿਆ ਹੋਇਆ ਸੀ। ਇਸ ਸਿਧਾਂਤ ਨਾਲ ਅਰਸਤੂ ਅਤੇ ਟਾਲਮੀ ਦੇ ਸਿਧਾਂਤ ਦੀਆਂ ਸਮੱਸਿਆਵਾਂ ਦੂਰ ਹੋ ਗਈਆਂ। ਇਸ ਸ਼ੁਰੂਆਤੀ ਕੰਮ ਤੋਂ ਬਾਅਦ ਅਗਲੇ ਦੋ ਦਹਾਕੇ ਡੂੰਘੇ ਅਧਿਐਨ ਦੇ ਸਨ।

1532 ਈਸਵੀ ਤੱਕ ਕਾਪਰਨਿਕਸ ਨੇ ਆਪਣੇ ਸਿਧਾਂਤਾਂ ਨੂੰ ਖਰੜੇ ਦਾ ਰੂਪ ਦੇ ਦਿੱਤਾ। ਉਸਨੇ ਜਾਣ ਬੁਝ ਕੇ ਇਸਦਾ ਪ੍ਰਕਾਸ਼ਨ ਮੁਲਤਵੀ ਕਰ ਦਿੱਤਾ ਕਿਉਂਕਿ ਉਸਨੂੰ ਉਮੀਦ ਸੀ ਕਿ ਉਹ ਕੁਝ ਹੋਰ ਸਮੱਗਰੀ ਇਕੱਠੀ ਕਰਨ ਦੇ ਯੋਗ ਹੋ ਜਾਵੇਗਾ। ਇਸ ਤੋਂ ਇਲਾਵਾ ਉਨ੍ਹਾਂ ਨੂੰ ਇਹ ਡਰ

ਸੀ ਕਿ ਪਾਦਰੀ ਰੱਬ ਦੇ ਨਾਂ ਉੱਪਰ ਵੱਡੀਆਂ ਗੜਬੜਾਂ ਪੈਦਾ ਕਰਨਗੇ। ਕੁਝ ਸਾਲਾਂ ਬਾਅਦ ਜਰਮਨੀ ਦਾ ਇੱਕ ਮਸ਼ਹੂਰ ਗਣਿਤ ਵਿਗਿਆਨੀ ਜਾਰਜ ਰੇਟੀਕਸ ਉਸ ਨਾਲ ਕੰਮ ਕਰਨ ਲਈ ਪੋਲੈਂਡ ਆਇਆ। ਕਾਪਰਨਿਕਸ ਉਦੋਂ 68 ਸਾਲ ਦੀ ਉਮਰ ਦੇ ਹੋ ਚੁੱਕੇ ਸਨ। ਜਦੋਂ ਜਾਰਜ ਰੈਟੀਕਸ ਉਸਦੀ ਸਹਿਮਤੀ ਨਾਲ ਸੋਧੇ ਹੋਏ ਖਰੜੇ ਨੂੰ ਆਪਣੇ ਨਾਲ ਨੁਰੇਮਬਰਗ (ਜਰਮਨੀ) ਲੈ ਗਿਆ। ਜਿੱਥੇ ਜੋਹਾਨ ਪੈਟ੍ਰੀਅਸ ਨਾਮ ਦੇ ਪ੍ਰਿੰਟਰ ਨੇ ਇਸ ਖਰੜੇ ਨੂੰ "ਆਨ ਦ ਰਿਵੋਲਿਊਸ਼ਨਜ਼ ਆਫ ਦੀ ਹੈਵਨਲੀ ਸਫੇਅਰਜ਼" ਨਾਮਕ ਇੱਕ ਕ੍ਰਾਂਤੀਕਾਰੀ ਕਿਤਾਬ ਵਿੱਚ ਬਦਲ ਦਿੱਤਾ।

ਕਿਤਾਬ ਦੀ ਸ਼ੁਰੂਆਤ ਵਿੱਚ ਕਾਪਰਨਿਕਸ ਇੱਕ ਰੇਖਾ ਚਿੱਤਰ ਜ਼ਰੀਏ ਬ੍ਰਹਿਮੰਡ ਦੇ ਅਕਾਰ ਨੂੰ ਦਰਸਾਉਂਦਾ ਹੈ। ਇਸ ਵਿੱਚ ਸੂਰਜ ਨੂੰ ਕੇਂਦਰ ਵਿੱਚ ਰੱਖ ਕੇ ਉਸਦੇ ਚਾਰੋਂ ਤਰਫ਼ ਵੱਖ-ਵੱਖ ਪਥਾਂ ਵਿੱਚ ਘੁੰਮਦੇ ਸਾਰੇ ਗ੍ਰਹਿਆਂ ਨੂੰ ਦਿਖਾਇਆ ਗਿਆ ਸੀ। ਗੁੰਝਲਦਾਰ ਗਣਨਾਵਾਂ ਤੋਂ ਬਾਅਦ, ਉਸਨੇ ਇਹ ਵੀ ਦੱਸਿਆ ਕਿ ਇਹਨਾਂ ਵਿੱਚੋਂ ਹਰੇਕ ਗ੍ਰਹਿ ਨੂੰ ਸੂਰਜ ਦੁਆਲੇ ਘੁੰਮਣ ਵਿੱਚ ਕਿੰਨਾ ਸਮਾਂ ਲੱਗਦਾ ਹੈ। ਅੱਜ ਦੇ ਉੱਨਤ ਖਗੋਲ ਵਿਗਿਆਨ ਅਤੇ ਉਸ ਦੀਆਂ ਤਕਨੀਕਾਂ ਦੀ ਮਦਦ ਨਾਲ ਗ੍ਰਹਿਆਂ ਦੀ ਪ੍ਰਕਰਮਾ ਦਾ ਜੋ ਸਮਾਂ ਨਿਕਲਦਾ ਹੈ। ਕਾਪਰਨਿਕਸ ਦੀ ਗਣਨਾ ਹੈਰਾਨੀਜਨਕ ਤੌਰ 'ਤੇ ਉਸ ਸਮੇਂ ਦੇ ਬਹੁਤ ਹੀ ਨੇੜੇ ਹੈ।

ਕਿਤਾਬ ਅਜੇ ਪ੍ਰਕਾਸ਼ਿਤ ਨਹੀਂ ਹੋਈ ਸੀ ਅਤੇ ਲੰਮੇ ਸਮੇਂ ਤੋਂ ਬਿਮਾਰ ਕਾਪਰਨਿਕਸ ਕੋਮਾ ਵਿੱਚ ਚਲੇ ਗਏ ਸਨ। ਕਿਹਾ ਜਾਂਦਾ ਹੈ ਕਿ ਜਦ ਕਿਤਾਬ ਦੀ ਪਹਿਲੀ ਕਾਪੀ ਉਸਨੂੰ ਮਿਲੀ ਤਾਂ ਉਹ ਬੇਹੋਸ਼ੀ ਵਿੱਚੋਂ ਉੱਠ ਬੈਠੇ ਅਤੇ ਲੰਮੇ-ਸਮੇਂ ਤੱਕ ਅੱਖਾਂ ਮੁੰਦ ਕੇ ਕਿਤਾਬ ਨੂੰ ਹੱਥਾਂ ਵਿੱਚ ਫੜ੍ਹੀ ਰੱਖਿਆ। ਕੁੱਝ ਦਿਨਾਂ ਬਾਅਦ ਉਸਦੀ ਮੌਤ ਹੋ ਗਈ, ਉਹ ਜਿਉਂਦੇ ਜੀਅ ਇਹ ਨਹੀਂ ਦੇਖ ਸਕੇ ਕਿ ਕਿਵੇਂ ਉਹਨਾਂ ਦੀ ਮਹਾਨ ਕ੍ਰਾਂਤੀਕਾਰੀ ਖੋਜ ਨੇ ਪੁਜਾਰੀਆਂ ਅਤੇ ਧਾਰਮਿਕ ਆਗੂਆਂ ਦੁਆਰਾ ਸਿਰਜੇ ਗਏ ਸੰਸਾਰ ਨੂੰ ਉਸਦੀ ਧੁਰੀ ਤੋਂ ਹੀ ਮਿਟਾ ਦਿੱਤਾ।

ਸਪੱਸ਼ਟ ਹੈ ਕਿ ਕਾਪਰਨਿਕਸ ਦੀ ਕਿਤਾਬ ਨਾਲ ਧਰਮ ਦੇ ਠੇਕੇਦਾਰ ਬੌਖ਼ਲਾ ਗਏ। ਚਰਚ ਨੇ ਆਪਣੇ ਅਧਿਕਾਰਤ ਬਿਆਨ ਰਾਹੀਂ ਕਿਹਾ ਕਿ ਇਹ ਕਿਤਾਬ ਝੂਠੀ ਅਤੇ ਪਵਿੱਤਰ ਧਰਮ ਗ੍ਰੰਥਾਂ ਦੀ ਖ਼ਿਲਾਫ਼ਤ ਕਰਨ ਵਾਲੀ ਹੈ।

ਇਸ ਤੋਂ ਕੋਈ 60 ਸਾਲ ਬਾਅਦ ਇਟਲੀ ਦੇ ਵਿਗਿਆਨੀ ਲਿਉਨਾਰਦੋ ਬਰੂਨੋ ਨੂੰ ਰੋਮ ਦੇ ਚੁਰਾਹੇ ਵਿਚ ਸਿਰਫ਼ ਇਸ ਲਈ ਜਿੰਦਾ ਸਾੜਿਆ ਗਿਆ ਕਿਉਂਕਿ ਉਹ ਕਾਪਰਨਿਕਸ ਦੇ ਸਿਧਾਂਤਾਂ ਦਾ ਪ੍ਰਚਾਰ ਕਰ ਰਿਹਾ ਸੀ। ਇਸੇ ਅਪਰਾਧ ਕਾਰਨ ਗੈਲੀਲਿਓ ਨੂੰ ਜਿੰਦਾ ਤਾਂ ਨਹੀਂ ਸਾੜਿਆ ਗਿਆ ਪਰ ਉਸਦਾ ਸਮੁੱਚਾ ਜੀਵਨ ਚਰਚ ਅਤੇ ਰਾਜ ਨੇ ਅਪਮਾਨ ਅਤੇ ਤ੍ਰਿਸਕਾਰ ਨਾਲ ਭਰ ਦਿੱਤਾ।

ਅੱਜ ਵੀ ਜਦ ਮਨੁੱਖ ਮੰਗਲ ਉੱਪਰ ਘਰ ਬਣਾਉਣ ਦੀ ਕਲਪਨਾ ਕਰਨ ਲੱਗਾ ਹੈ ਤਾਂ ਸਾਨੂੰ ਕਾਪਰਨਿਕਸ ਨੂੰ ਯਾਦ ਰੱਖਣਾ ਚਾਹੀਦਾ ਹੈ। ਸਮੁੱਚੇ ਪੁਲਾੜ ਵਿਗਿਆਨ ਦੀ ਬੁਨਿਆਦ ਵਿੱਚ ਕਾਪਰਨਿਕਸ ਦੀ ਚਾਲੀ ਪੰਜਾਹ ਸਾਲਾਂ ਦੀ ਮਿਹਨਤ ਚਿਣੀ ਹੋਈ ਹੈ। ਕਾਪਰਨਿਕਸ ਦਾ ਜੀਵਨ ਦੱਸਦਾ ਹੈ ਕਿ ਸੱਚਾਈ ਦੀ ਖੋਜ ਕਦੇ ਨਿਸਫਲ ਨਹੀਂ ਜਾਂਦੀ ਅਤੇ ਉਸਦੀ ਰੌਸ਼ਨੀ ਸਦੀਆਂ ਤੱਕ ਆਦਮੀ ਦਾ ਰਸਤਾ ਰੁਸ਼ਨਾਉਂਦੀ ਰਹਿੰਦੀ ਹੈ।

24 ਮਈ, 1543 ਨੂੰ ਕਾਪਰਨਿਕਸ ਦੀ ਮੌਤ ਹੋਈ ਪਰ ਉਸਦੇ ਖੋਜੇ ਸਿਧਾਂਤ ਦੁਨੀਆਂ ਭਰ ਦੀਆਂ ਪ੍ਰਯੋਗਸ਼ਾਲਾਵਾਂ ਵਿੱਚ ਅੱਜ ਵੀ ਜਿੰਦਾ ਹਨ।

- ਅਨੁਵਾਦ : ਪਾਲ ਬਾਗਪੁਰ (94173 13738)

ਪੰਨਾ 21 ਦਾ ਬਾਕੀ

2. ਐੱਮ.ਐੱਸ.ਐੱਨ. ਫਾਰਮਾਕੇਮ ਲਿਮਿਟਡ

ਐੱਮ.ਐੱਸ.ਐੱਨ. ਫਾਰਮਾਕੇਮ ਲਿਮਿਟਡ ਦਾ ਮੁੱਖ ਦਫ਼ਤਰ ਹੈਦਰਾਬਾਦ ਵਿੱਚ ਹੈ। ਇਸ ਨੇ 8 ਅਪ੍ਰੈਲ 2022 ਅਤੇ 16 ਨਵੰਬਰ 2023 ਨੂੰ ਕੁੱਲ 26 ਕਰੋੜ ਰੁ. ਦੇ ਇਲੈਕਟੋਰਲ ਬਾਂਡ ਖ਼ਰੀਦੇ। ਇਸ ਵਿੱਚੋਂ 20 ਕਰੋੜ ਰੁ. ਬੀ.ਆਰ.ਐੱਸ. ਪਾਰਟੀ ਅਤੇ 6 ਕਰੋੜ ਰੁ. ਭਾਜਪਾ ਨੂੰ ਦਿੱਤੇ ਗਏ।

3. ਯੂਜੀਆ ਫਾਰਮਾ ਸਪੈਸ਼ਲਿਟੀਜ਼

ਯੂਜੀਆ ਫਾਰਮਾ ਸਪੈਸ਼ਲਿਟੀਜ਼ ਦਾ ਮੁੱਖ ਦਫ਼ਤਰ ਹੈਦਰਾਬਾਦ ਵਿੱਚ ਹੈ। ਇਸ ਕੰਪਨੀ ਨੇ 8 ਨਵੰਬਰ 2023 ਨੂੰ 15 ਕਰੋੜ ਰੁਪਏ ਦੇ ਬਾਂਡ ਖ਼ਰੀਦੇ। ਇਹ ਸਾਰੇ ਬਾਂਡ ਭਾਜਪਾ ਨੂੰ ਦਿੱਤੇ ਗਏ ਸਨ।


4. ਅਲੇਮਬਿਕ ਫਾਰਮਾਸਿਊਟੀਕਲਸ

ਅਲੇਮਬਿਕ ਫਾਰਮਾਸਿਊਟੀਕਲਸ ਦਾ ਮੁੱਖ ਦਫ਼ਤਰ ਗੁਜਰਾਤ ਦੇ ਵਡੋਦਰਾ ਵਿੱਚ ਹੈ। ਇਸ ਕੰਪਨੀ ਨੇ 14 ਨਵੰਬਰ, 2022 ਅਤੇ 5 ਜੁਲਾਈ, 2023 ਵਿਚਾਲੇ 10.2 ਕਰੋੜ ਰੁਪਏ ਦੇ ਬਾਂਡ ਖ਼ਰੀਦੇ। ਇਹ ਸਾਰੇ ਬਾਂਡ ਭਾਜਪਾ ਨੂੰ ਦਿੱਤੇ ਗਏ ਸਨ।

5. ਏ.ਪੀ.ਐੱਲ. ਹੈਲਥ ਕੇਅਰ ਲਿਮਿਟਡ

ਏਪੀਐੱਲ ਹੈਲਥਕੇਅਰ ਲਿਮਿਟਡ ਦਾ ਮੁੱਖ ਦਫ਼ਤਰ ਹੈਦਰਾਬਾਦ ਵਿੱਚ ਹੈ। ਇਸ ਕੰਪਨੀ ਨੇ 8 ਨਵੰਬਰ 2023 ਨੂੰ 10 ਕਰੋੜ ਰੁਪਏ ਦੇ ਬਾਂਡ ਖ਼ਰੀਦੇ। ਇਹ ਸਾਰੇ ਬਾਂਡ ਭਾਜਪਾ ਨੂੰ ਦਿੱਤੇ ਗਏ ਸਨ। (ਬੀ.ਬੀ.ਸੀ.)

ਮੌਕਿਆਂ ਦੇ ਹਾਣੀ



-ਅਵਤਾਰ ਗੌਂਦਾਰਾ

ਅੱਜ-ਕੱਲ੍ਹ ਨੌਜਵਾਨਾਂ ਵਿੱਚ ਢੁਕਵੇਂ ਮੌਕਿਆਂ ਦੇ ਮਿਲਣ, ਜਾਂ ਨਾ ਮਿਲਣ ਬਾਰੇ ਸ਼ਿਕਾਇਤ ਜਾਂ ਚਰਚਾ ਜ਼ਰੂਰ ਹੁੰਦੀ ਹੈ। ਬਹੁਤਿਆਂ ਦਾ ਮੰਨਣਾ, ਕਿ ਉਨ੍ਹਾਂ ਦੀ ਲਿਆਕਤ ਦਾ ਮੁੱਲ ਓਨਾ ਨਹੀਂ ਪਿਆ, ਜਿੰਨਾਂ ਪੈਣਾ ਚਾਹੀਦਾ ਸੀ। ਲਿਆਕਤ ਦਾ ਪੈਮਾਨਾ, ਕਿਸੇ ਅਕਾਦਮਿਕ ਸਰਟੀਫਿਕੇਟ ਜਾਂ ਡਿਗਰੀ ਨੂੰ ਸਮਝ ਲਿਆ ਜਾਂਦਾ ਹੈ, ਜੋ ਅਮਲੀ ਤੌਰ 'ਤੇ ਕੰਮਆਊ ਨਹੀਂ ਹੁੰਦਾ। ਵਸੀਲਿਆਂ ਉੱਪਰ ਕਾਬਜ਼ ਧਿਰਾਂ ਹੀ ਮੌਕੇ ਮੁਹੱਈਆ ਕਰਨ ਅਤੇ ਲਿਆਕਤ ਦਾ ਮੁੱਲ ਪਾਉਣ ਦੇ ਸਮਰੱਥ ਹੁੰਦੀਆਂ ਹਨ। ਉਨ੍ਹਾਂ ਦੀਆਂ ਤਰਜੀਹਾਂ, ਨੌਜਵਾਨਾਂ ਦੀ ਲੋੜ ਨੇ ਨਹੀਂ, ਮੁਨਾਫ਼ੇ ਨੇ ਤੈਅ ਕਰਨੀਆਂ ਹਨ। ਮੌਕਿਆਂ ਦੇ ਇਸ ਸੰਕਟ ਪ੍ਰਤੀ ਨੌਜਵਾਨਾਂ ਵਿੱਚ ਤਿੰਨ ਤਰ੍ਹਾਂ ਦੇ ਰੁਝਾਨ ਦੇਖਣ ਨੂੰ ਮਿਲਦੇ ਹਨ।

ਪਹਿਲਾ : ਪਲਾਇਨਮੁਖੀ। ਪ੍ਰਵਾਸ, ਨਸ਼ੇ ਜਾਂ ਗੈਂਗਸਟਰਾਂ ਦੀ ਪਨਾਹ।

ਦੂਜਾ : ਆਪਾ-ਸਾਰੂ। ਸਰਦੇ ਪੁਜਦੇ ਨੌਜਵਾਨਾਂ ਵੱਲੋਂ, ਮੌਕਿਆਂ ਦਾ ਲਾਹਾ ਲੈ ਕੇ ਕਬੀਲਦਾਰੀਆਂ ਤੱਕ ਸਿਮਟ ਜਾਣਾ।

ਤੀਜਾ—ਆਪਾ-ਵਾਰੂ। **ਸਵੈਹਿੱਤ** ਨੂੰ **ਸਾਂਝੇ ਹਿੱਤਾਂ** ਨਾਲ ਜੋੜਦਿਆਂ, ਸਾਰਿਆਂ ਵਾਸਤੇ ਸਾਵੇਂ ਮੌਕਿਆਂ ਲਈ ਕਾਰਜਸ਼ੀਲ ਹੋਣਾ।

ਇਸ ਲੇਖ ਵਿਚਲੀ ਚਰਚਾ, ਤੀਜੀ ਪਹੁੰਚ ਵਾਲੇ ਨੌਜਵਾਨਾਂ ਦੁਆਲੇ ਹੋਵੇਗੀ, ਜਿਨ੍ਹਾਂ ਨੇ ਇਸ ਖੇਡ ਦੇ ਮੌਜੂਦਾ ਨਿਜ਼ਾਮ, ਸੱਤਾ, ਸਿਆਸਤ ਨਾਲ ਮੌਕਿਆਂ ਦੇ ਸਿਮਟਣ ਦੇ ਵਰਤਾਰੇ ਨੂੰ ਸਮਝਣਾ ਹੈ।

ਮੌਕੇ : ਵਿਸ਼ਵੀਕਰਣ ਅਧੀਨ ਨਵੀਆਂ ਆਰਥਿਕ ਨੀਤੀਆਂ ਨੇ, ਅਣਵਿਕਸਤ ਮੁਲਕਾਂ ਵਿੱਚ, ਕੰਮ ਦੇ ਮੌਕਿਆਂ ਨੂੰ ਸੁੰਗੇੜ ਦਿੱਤਾ। ਆਉਣ ਵਾਲੇ ਸਮੇਂ ਵਿੱਚ ਆਰਟੀਫਿਸ਼ਲ ਇੰਟੈਲੀਜੈਂਸ, ਗੂਗਲ, ਮਾਈਕਰੋਸੋਫਟ, ਐਮਾਜ਼ੋਨ, ਊਬਰ ਆਦਿ ਕੰਪਨੀਆਂ ਨੇ ਮੌਕਿਆਂ ਦੀ ਸਪੇਸ ਨੂੰ ਹੋਰ ਤੰਗ ਕਰ ਦੇਣਾ ਹੈ ਜੋ ਆਪੋ ਆਪਣੇ ਢੰਗ ਨਾਲ ਕਾਨੂੰਨ, ਰੁਜ਼ਗਾਰ, ਸੰਚਾਰ, ਪ੍ਰਚਾਰ, ਗੀਤ, ਸੰਗੀਤ ਅਤੇ ਮਾਨਵੀ ਰਿਸ਼ਤਿਆਂ ਨੂੰ ਡੂੰਘੀ ਤਰ੍ਹਾਂ ਪ੍ਰਭਾਵਿਤ ਕਰ ਰਹੀਆਂ ਹਨ। ਸਾਡੀ ਮੁੱਖਧਾਰਾਈ ਸਿਆਸਤ ਇਨ੍ਹਾਂ ਨਾਲ ਘਿਉ ਖਿਚੜੀ ਹੈ। ਇਸ ਕੱਜ ਦੀ ਵਿਆਖਿਆ ਕਰਦਿਆਂ, ਪ੍ਰੋ. ਤ੍ਰਿਲੋਕ ਚੰਦ ਤੁਲਸੀ ਨੇ ਕਿਹਾ ਕਿ, "ਆਧੁਨਿਕ ਯੁੱਗ ਸੀਮਿਤ ਸਮ੍ਰਿਧੀ (ਖੁਸ਼ਹਾਲੀ) ਦਾ ਯੁੱਗ ਹੈ, ਵਸਤਾਂ ਏਨੀਆਂ ਕੁ ਹਨ ਕਿ ਸਾਰੇ ਉਨ੍ਹਾਂ ਦੀ ਇੱਛਾ ਕਰ ਸਕਦੇ ਹਨ, ਉਨ੍ਹਾਂ ਨੂੰ ਆਪਣੀ ਪਹੁੰਚ ਅੰਦਰ ਦੇਖ ਸਕਦੇ ਹਨ, ਇਸ ਲਈ ਉਨ੍ਹਾਂ ਲਈ ਦੌੜ ਵੀ ਸਕਦੇ ਹਨ। ਪਰ ਉਹ ਏਨੀ ਮਿਕਦਾਰ ਵਿੱਚ ਨਹੀਂ ਕਿ ਬਿਨ੍ਹਾਂ ਦੌੜਿਆਂ ਸਾਰਿਆਂ ਨੂੰ ਮਿਲ ਸਕਣ"। ਸੀਮਤ ਮੌਕਿਆਂ ਅਤੇ ਸਾਧਨਾਂ ਦੀ ਪੁਸ਼ਟੀ ਕਰਦਿਆਂ, ਅਰਥਸ਼ਾਸਤਰੀ ਅਰੁਣ ਕੁਮਾਰ ਦੀ ਟਿੱਪਣੀ ਹੈ ਕਿ, ਸਰਕਾਰੀ ਅਤੇ ਗ਼ੈਰ-ਸਰਕਾਰੀ ਜਥੇਬੰਦਕ ਸੈਕਟਰ ਵਿੱਚ ਕੁੱਲ ਰੁਜ਼ਗਾਰ ਦਾ ਸਿਰਫ਼ 6 ਪ੍ਰਤੀਸ਼ਤ ਬਣਦਾ ਹੈ, ਜਿਸ ਦਾ ਭਾਵ ਹੈ ਕਿ ਸਰਕਾਰੀ ਨੌਕਰੀਆਂ ਤਾਂ ਸੌ ਵਿੱਚੋਂ ਦੋ ਤਿੰਨ ਜਣਿਆਂ ਨੂੰ ਹੀ ਮਿਲ ਸਕਦੀਆਂ ਹਨ, ਜੋ ਆਏ ਦਿਨ ਵਧ ਰਹੀ ਬੇਰੁਜ਼ਗਾਰਾਂ ਦੀ ਫ਼ੌਜ ਨੂੰ ਸੰਭਾਲਣ ਦੇ ਕਾਬਲ ਨਹੀਂ। ਬਾਕੀ ਦਾ 94 ਪ੍ਰਤੀਸ਼ਤ ਰੁਜ਼ਗਾਰ, ਨਿੱਜੀ ਜਾਂ ਗ਼ੈਰ-ਜਥੇਬੰਦਕ ਸੈਕਟਰ ਦੇ ਹਿੱਸੇ ਆਉਂਦਾ ਹੈ, ਜਿਸ ਵਿੱਚ ਖੇਤੀਬਾੜੀ ਵੀ ਸ਼ਾਮਿਲ ਹੈ। ਮੌਜੂਦਾ ਆਰਥਿਕ ਨੀਤੀਆਂ ਤਹਿਤ ਜਨਤਕ ਅਦਾਰੇ ਇੱਕ ਇੱਕ ਕਰਕੇ ਨਿੱਜੀ ਹੋ ਰਹੇ ਹਨ। ਬੇਕਾਰ ਹੱਥਾਂ ਨੂੰ ਕੰਮ ਦੇਣਾ, ਨਿੱਜੀ ਖੇਤਰ ਦੀ ਸੰਵਿਧਾਨਕ ਜ਼ਿੰਮੇਵਾਰੀ ਨਹੀਂ। ਨਾ ਹੀ ਲੋਕਾਂ ਪ੍ਰਤੀ ਉਨ੍ਹਾਂ ਦੀ ਜਵਾਬਦੇਹੀ ਹੈ।

ਸਮਕਾਲੀ ਸਿਆਸਤ : ਆਉਣ ਵਾਲੇ ਦਿਨਾਂ ਵਿੱਚ ਸਾਰਾ ਕੁੱਝ ਏਨਾ ਤੇਜ਼ੀ ਨਾਲ ਬਦਲਣਾ ਹੈ ਕਿ ਇਸ ਬਾਰੇ ਪੁਰਾਣੀਆਂ ਧਾਰਨਾਵਾਂ ਅਤੇ ਰਵਾਇਤੀ ਸਿਆਸੀ ਸੂਝ ਨਾਲ ਕੰਮ ਨਹੀਂ ਚੱਲਣਾ। ਜਿਨ੍ਹਾਂ ਪਾਰਟੀਆਂ ਨੇ ਇਹ ਸਥਿਤੀਆਂ ਪੈਦਾ ਕੀਤੀਆਂ, ਜਾਂ ਜਿਨ੍ਹਾਂ ਨੇ ਬਿਨਾਂ ਕਿਸੇ ਉਜ਼ਰ ਇਹ 'ਭਾਣਾ' ਵਰਤਦਾ ਵੇਖਿਆ, ਉਨ੍ਹਾਂ ਤੋਂ ਕੋਈ ਆਸ ਨਹੀਂ ਰੱਖੀ ਜਾ ਸਕਦੀ। ਇਸ ਨਾਲ ਮੜਿਕਣ ਲਈ, ਕੱਲੀ ਇਕਹਰੀ 'ਚੀਕ' ਜਾਂ 'ਕੁਰਬਾਨੀ' ਕਾਫੀ ਨਹੀਂ, ਇੱਕ 'ਚੇਤੰਨ ਸਾਂਝੀ ਸਰਗਰਮੀ' ਦੀ ਲੋੜ ਹੈ ਜਿਹੜੀ ਮੌਕਿਆਂ ਦੀ ਤੋਰ ਨੂੰ ਸੰਚਾਲਿਤ ਕਰ ਰਹੀ ਰਾਜ-ਸੱਤਾ, ਸਥਾਨਕ, ਵਿੱਤੀ ਅਤੇ ਡਿਜੀਟਲ ਪੂੰਜੀ ਨਾਲ ਸਿੰਝ ਸਕੇ।

ਚੇਤਨਤਾ : ਚੇਤਨਤਾ, ਇਕੱਲੇ ਧਰਨੇ ਮੁਜ਼ਾਹਰਿਆਂ ਨਾਲ ਨਹੀਂ ਆਉਂਦੀ। ਜੇ ਇਉਂ ਹੁੰਦਾ ਤਾਂ ਹੁਣ ਤੱਕ ਭਾਰਤ ਦੀ ਕਾਇਆ ਕਲਪ ਹੋ ਜਾਣੀ ਸੀ। ਹਰ ਸਮੇਂ ਕੋਈ ਨਾ ਕੋਈ ਮੁੱਦਾ ਭਖਿਆ ਰਹਿੰਦਾ ਹੈ ਜਿਸ ਵਿੱਚ ਅੰਦੋਲਿਤ ਹੋਇਆ ਨੌਜਵਾਨ ਕਿਸੇ ਵੀ ਮਗਰ ਜਾਣ ਲਈ ਤਿਆਰ ਹੈ, ਪਰ ਕਿਉਂ ਅਤੇ

ਕਾਹਦੇ ਲਈ? ਇਸ ਦਾ ਪਤਾ ਨਹੀਂ ਹੁੰਦਾ। ਅਜਿਹੇ ਅਣਉਪਜਾਊ ਸੰਘਰਸ਼ ਦੇਖਣ ਵਿੱਚ ਆਏ ਹਨ, ਜਿਨ੍ਹਾਂ ਦੀ ਵਿਅਰਥਤਾ ਬਾਰੇ, ਕਈ ਜਾਨਾਂ ਗੰਵਾ ਕੇ ਪਤਾ ਲੱਗਿਆ। **ਇਸ ਦਾ ਭਾਵ, ਸੰਘਰਸ਼ ਤੋਂ ਟਾਲਾ ਵੱਟਣਾ ਨਹੀਂ, ਸਗੋਂ ਅਣਉਪਜਾਊ ਸੰਘਰਸ਼ਾਂ ਤੋਂ ਬਚਦਿਆਂ ਸਹੀ ਨਾਲ ਜੁੜਨਾ ਹੈ। ਸਿਆਣਿਆਂ ਦਾ ਕਹਿਣਾ ਹੈ ਕਿ ਇੱਛਤ ਸਿੱਟਿਆਂ ਦੀ ਮੰਗ ਕਰਨ ਤੋਂ ਪਹਿਲਾਂ, ਮੌਕਿਆਂ ਦੇ ਹਾਣੀ ਹੋਣਾ ਪੈਣਾ ਹੈ।**

ਇੱਕ ਦੋ ਨੂੰ ਛੱਡ ਕੇ, ਦੁਨੀਆਂ ਦੇ ਜਿੰਨੇ ਵੀ ਯੁੱਗ-ਪੁਰਸ਼ ਹੋਏ ਹਨ, ਉਨ੍ਹਾਂ ਸਾਰਿਆਂ ਦਾ ਬਚਪਨ ਮੰਦਹਾਲੀ ਵਿੱਚ ਬੀਤਿਆ। ਚੀਨ ਦੇ ਕਨਫਿਊਸ਼ਸ, ਰੂਸ ਦੇ ਮੈਕਸਿਮ ਗੋਰਕੀ ਅਤੇ ਅਮਰੀਕਾ ਦੇ ਮਰਹੂਮ ਰਾਸ਼ਟਰਪਤੀ ਅਬਰਾਹਮ ਲਿੰਕਨ ਇਸ ਦੀ ਵਧੀਆ ਉਦਾਹਰਣ ਹਨ। ਇਹ ਬਹੁਤ ਹੀ ਮਾੜੇ ਮੌਕਿਆਂ ਵਿੱਚ ਪ੍ਰਵਾਨ ਚੜ੍ਹੇ। ਇਕੱਲੇ ਚੰਗੇ ਮੌਕਿਆਂ ਨਾਲ ਹੀ ਨੌਜਵਾਨਾਂ ਨੇ ਜੇ ਵਿਕਸਿਤ ਹੋਣਾ ਹੁੰਦਾ ਹੈ, ਤਾਂ ਹਰ ਅਮੀਰ ਘਰੇ ਪਲਿਆ ਬੱਚਾ, ਆਈਨਸਟੀਨ ਜਾਂ ਨਿਊਟਨ ਬਣਦਾ, ਪਰ ਅਜਿਹਾ ਹੋਇਆ ਨਹੀਂ। ਮੌਕਿਆਂ ਅਤੇ ਮਨੁੱਖ ਦਰਮਿਆਨ ਭੇੜ ਵਿੱਚ ਮਨੁੱਖ ਹੀ ਮੌਕਿਆਂ ਨੂੰ ਵਰਤਦਾ ਜਾਂ ਗੰਵਾਉਂਦਾ ਹੈ। ਸਾਵੇਂ ਅਤੇ ਸੁਖਾਵੇਂ ਮੌਕੇ ਜੇ ਮਿਲ ਵੀ ਜਾਣ, ਕਿਸੇ ਨੌਜਵਾਨ ਨੂੰ ਸੁਤੇ ਸਿੱਧ ਹੀ ਸਿਆਣਾ ਜਾਂ ਹੁਨਰੀ ਨਹੀਂ ਬਣਾਉਂਦੇ, ਉਹ ਸਿਰਫ਼ ਜ਼ਮੀਨ ਤਿਆਰ ਕਰਦੇ ਹਨ। ਸਿੱਖਣ ਦੀ ਇਸ ਲੋੜ ਵਿੱਚੋਂ ਹੀ 'ਸਟੱਡੀ ਸਰਕਲਾਂ' ਦੀ ਅਹਿਮੀਅਤ ਉੱਭਰ ਕੇ ਆਉਂਦੀ ਹੈ।

ਸਟੱਡੀ-ਸਰਕਲ : ਵਿਕਸਿਤ ਮੁਲਕਾਂ ਵਿੱਚ ਇਨ੍ਹਾਂ ਦੇ ਹੋਣ ਅਤੇ ਬਣਾਉਣ ਬਾਰੇ ਕਾਫੀ ਪੇਸ਼ਕਦਮੀਆਂ ਹੋ ਰਹੀਆਂ ਹਨ ਜਿਨ੍ਹਾਂ ਨੂੰ ਸਾਂਝੀਆਂ, ਸ਼ਹਿਰੀ, ਭਾਈਚਾਰਕ ਸਮੱਸਿਆਵਾਂ ਦੀ ਨਿਸ਼ਾਨਦੇਹੀ ਕਰਨ ਅਤੇ ਹੱਲ ਲਈ ਰਾਵਾਂ ਲੈਣ ਦੇ ਸਰੋਤ ਵਜੋਂ ਵਰਤਿਆ ਜਾ ਰਿਹਾ ਹੈ। ਤਰਕਸ਼ੀਲ ਸੁਸਾਇਟੀ ਇਸ ਵਿੱਚ ਅਗਵਾਈ ਦੇ ਸਕਦੀ ਹੈ। ਜ਼ਰੂਰੀ ਨਹੀਂ, ਇਨ੍ਹਾਂ ਸਰਕਲਾਂ ਦੇ ਮੈਂਬਰ ਸੁਸਾਇਟੀ ਦੇ ਮੈਂਬਰ ਹੀ ਹੋਣ। ਚੇਤਨਾ ਪ੍ਰੀਖਿਆਵਾਂ ਵਿੱਚ ਇਨਾਮ ਯਾਫ਼ਤਾ ਪਲੱਸ ਟੂ ਕਰ ਚੁੱਕੇ ਵਿਦਿਆਰਥੀਆਂ ਨੂੰ ਖੇਦ ਸੀ ਕਿ ਉਹ ਹੁਣ ਇਨ੍ਹਾਂ ਪ੍ਰੀਖਿਆਵਾਂ ਵਿੱਚ ਭਾਗ ਨਹੀਂ ਲੈ ਸਕਣਗੇ। ਉਨ੍ਹਾਂ ਲਈ ਇਹ ਵਧੀਆ ਮੌਕਾ ਹੈ। ਉਹ ਇਸ ਦੇ ਮਿਸ਼ਾਲਚੀ ਬਣ ਸਕਦੇ ਹਨ। ਸੰਬੰਧਿਤ ਮੈਂਬਰ ਇਸ ਨੂੰ ਕੋਈ ਵੀ ਨਾਂ ਦੇ ਸਕਦੇ ਹਨ।

ਇਨ੍ਹਾਂ ਦੀ ਲੋੜ ਕਿਉਂ ?

ਮੌਜੂਦਾ ਸਿੱਖਿਆ ਪ੍ਰਣਾਲੀ, ਸਿਖਿਆਰਥੀਆਂ ਨੂੰ ਸਿਹਤ, ਭੌਤਿਕ, ਰਸਾਇਣਕ, ਤਕਨੀਕੀ ਜਾਂ ਡਿਜੀਟਲ ਵਿਗਿਆਨ ਦਾ ਮਾਹਿਰ ਤਾਂ ਬਣਾ ਦਿੰਦੀ ਹੈ, ਪਰ ਸਰਬਪੱਖੀ ਸ਼ਖ਼ਸੀਅਤ ਨਹੀਂ ਬਣਾਉਂਦੀ।

* ਮਾਹਿਰ ਹੋਣ ਦਾ ਭਾਵ ਹੀ ਇਹ ਹੈ ਆਮ ਗੁਣਾਂ ਦੀ ਕੀਮਤ ਉੱਪਰ ਕਿਸੇ ਵਿਸ਼ੇਸ਼ ਗੁਣ ਦਾ ਭਾਰੂ ਹੋਣਾ। ਜਿਵੇਂ ਬਹੁਤੇ ਵਿਗਿਆਨੀਆਂ ਵਿੱਚ ਸਮਾਜਿਕ ਸਰੋਕਾਰਾਂ ਨਾਲ ਕੋਈ ਲਗਾਅ ਨਹੀਂ ਹੁੰਦਾ।

* ਅੰਤਰ ਸੰਬੰਧਿਤ ਅਧਿਐਨ ਦੀ ਥਾਂ, ਗਿਆਨ, ਸਮਾਜ ਵਿਗਿਆਨ ਅਤੇ ਵਿਗਿਆਨ ਨੂੰ ਇੱਕ ਦੂਜੇ ਨਾਲੋਂ ਨਿਖੇੜ ਕੇ ਦੇਖਣਾ। ਜਿਵੇਂ ਸਿਆਸਤ ਨੂੰ ਆਰਥਿਕਤਾ ਨਾਲੋਂ।

* ਵਿਅਕਤੀਗਤ ਅਤੇ ਸਾਂਝੇ ਹਿੱਤਾਂ ਨੂੰ ਤੋੜ ਕੇ ਦੇਖਣਾ। ਇਹ ਨਾ ਸਮਝਣਾ ਕਿ ਬਲ ਰਹੇ ਜੰਗਲ ਵਿੱਚ ਵਿੱਚ ਕਿਸੇ ਇਕੱਲੇ ਰੁੱਖ ਦੀ ਕੋਈ ਗਾਰੰਟੀ ਨਹੀਂ ਹੁੰਦੀ।

ਸਟੱਡੀ ਸਰਕਲਾਂ ਨੂੰ ਅਕਾਦਮਿਕ ਸਿੱਖਿਆ ਦੀ ਇਸ ਘਾਟ ਦੇ ਪੂਰਕ ਵਜੋਂ ਲੈਣਾ।

ਬਣਤਰ : ਊਣੇ ਅਤੇ ਇੱਕ ਪਾਸੜ ਵਿਸ਼ੇਸ਼ਗ, ਨਵੇਂ ਨਰੋਏ ਸਮਾਜ ਦਾ ਸੁਫ਼ਨਾ ਨਹੀਂ ਲੈਂਦੇ, ਨਾ ਇਸ ਲਈ ਸੰਘਰਸ਼ ਦੀ ਲੋੜ ਮਹਿਸੂਸ ਕਰਨਗੇ। ਵਿਅਕਤੀ ਹਿੱਤਾਂ ਨਾਲ ਸਾਂਝੇ ਹਿੱਤਾਂ ਨੂੰ ਜੋੜਨ, ਸਹਿਮਤੀਆਂ ਅਤੇ ਅਸਹਿਮਤੀਆਂ ਦੀ ਜੁਗਲਬੰਦੀ, ਇਨ੍ਹਾਂ ਸਰਕਲਾਂ ਵਿੱਚ ਸਿੱਖੀ ਜਾ ਸਕਦੀ ਹੈ। ਇਨ੍ਹਾਂ ਸਟੱਡੀ ਸਰਕਲਾਂ ਵਿੱਚ ਘੱਟੋ ਘੱਟ ਤਿੰਨ ਅਤੇ ਵੱਧ ਤੋਂ ਵੱਧ ਪੰਜ ਮੈਂਬਰ ਹੋ ਸਕਦੇ ਹਨ। ਸ਼ੁਰੂਆਤ ਵਿੱਚ, ਹੇਠਲੀਆਂ ਚੀਜ਼ਾਂ ਦੀ ਲੋੜ ਹੈ :

* ਮੀਟਿੰਗ ਲਈ ਕਿਸੇ ਮੈਂਬਰ ਦੇ ਘਰ ਜਾਂ ਜਨਤਕ ਥਾਂ ਦੀ ਵਰਤੋਂ।

* ਕਾਰਵਾਈ ਦਰਜ ਕਰਨ ਲਈ ਨੋਟ-ਬੁੱਕ।

* ਨੋਟ ਬੁੱਕ ਤੋਂ ਇਲਾਵਾ ਵੋਅਇਸ਼ (ਆਵਾਜ਼) ਰੀਕਾਰਡਿਰ ਵੀ ਵਰਤਿਆ ਜਾ ਸਕਦਾ ਹੈ।

* ਵਿਚਾਰ-ਚਰਚਾ ਨੂੰ ਸੰਚਾਲਿਤ ਕਰਨ ਲਈ ਭਾਗੀਦਾਰਾਂ 'ਚੋਂ ਕੋਈ ਇਕ ਜਣਾ ਵਾਰੀ ਵਾਰੀ ਮੌਡਰੇਟਰ (ਮੀਟਿੰਗ ਆਯੋਜਿਤ ਕਰਤਾ) ਬਣੇ।

* ਸਹਿਮਤੀ ਅਤੇ ਅਸਹਿਮਤੀ ਦੇ ਮੋਟੇ-ਮੋਟੇ ਨੁਕਤੇ ਨੋਟ ਬੁੱਕ ਵਿੱਚ ਦਰਜ ਕਰਨੇ।

ਸੁਆਲ : ਵਿਚਾਰ ਚਰਚਾ ਦੀ ਸ਼ੁਰੂਆਤ, ਪਹਿਲਾਂ ਤਹਿ ਕੀਤੇ ਮੁੱਦੇ, ਸਥਾਨਕ, ਇਲਾਕਾਈ ਜਾਂ ਕੌਮੀ ਭਖਦੇ ਮਸਲੇ ਜਾਂ ਸਮੱਸਿਆ ਨਾਲ ਕੀਤੀ ਜਾ ਸਕਦੀ ਹੈ। ਇਹ ਕੋਈ ਕਵਿਤਾ, ਕਹਾਣੀ ਜਾਂ ਲੇਖ ਵੀ ਹੋ ਸਕਦਾ ਹੈ। ਚਰਚਾ ਦੀ ਸ਼ੁਰੂਆਤ ਲਈ ਇਹ ਸੁਆਲ ਬਣਦੇ ਹਨ :

* ਇਸ ਮੁੱਦੇ ਨੇ ਭਾਗੀਦਾਰ (Participant) ਨੂੰ ਕਿਉਂ ਅਤੇ ਕਿਵੇਂ ਪ੍ਰਭਾਵਿਤ ਕੀਤਾ, ਉਹ ਇਸ ਦੇ ਕਾਰਣਾਂ ਬਾਰੇ

ਕੀ ਸੋਚਦੈ ?

* ਆਸੇ ਪਾਸੇ ਦੇ ਲੋਕਾਂ ਦੇ ਕੀ ਪ੍ਰਤੀਕਰਮ ਹਨ ?

* ਸਮੱਸਿਆ ਨੂੰ ਖੜ੍ਹਾ ਕਰਨ ਵਿੱਚ ਕਿਹੜੀਆਂ ਧਿਰਾਂ ਦੇ ਕੀ ਹਿੱਤ ਹਨ ?

* ਹਾਸਿਲ ਮੌਕਿਆਂ ਵਿੱਚ ਇਸ ਦਾ ਕੀ ਹੱਲ ਹੋ ਸਕਦਾ ਹੈ ?

* ਪ੍ਰਭਾਵਿਤ ਲੋਕਾਂ ਨੂੰ ਕਿਵੇਂ ਲਾਮਬੰਦ ਕੀਤਾ ਜਾਵੇ ?

* ਹੱਲ ਲਈ ਸਰਗਰਮੀ ਦਾ ਕਿਹੜਾ ਰੂਪ ਢੁਕਵਾਂ ਹੈ ਅਤੇ ਕਿਉਂ ?

ਸਾਰਾ ਮਾਹੌਲ ਸਿੱਖਣ ਸਿਖਾਉਣ ਵਾਲਾ ਹੋਵੇ ਅਤੇ ਆਪਣੀ ਗੱਲ ਮਨਵਾਉਣ ਦੀ ਥਾਂ, ਪਹੁੰਚ ਘੱਟੋ ਘੱਟ ਸਹਿਮਤੀ ਬਣਾਉਣ ਵਾਲੀ ਹੋਵੇ। ਇੰਨ੍ਹਾਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਇਹ ਬੁਨਿਆਦੀ ਨੁਕਤੇ ਹਨ। ਕਈ ਸਰਕਲ, ਰਲ ਕੇ ਸਾਂਝਾ ਸੈਮੀਨਾਰ ਵੀ ਉਲੀਕ ਸਕਦੇ ਹਨ। ਬਰਤਾਨਵੀ ਵਿਦਵਾਨ ਫ਼ਰਾਂਸਿਸ ਬੇਕਨ ਦਾ ਕਥਨ ਹੈ ਕਿ ਪੜ੍ਹਨ ਨਾਲ ਜਾਣਕਾਰੀ ਤਾਂ ਮਿਲਦੀ ਆ, ਪਰ ਨਿਖਾਰ, ਵਿਚਾਰ-ਚਰਚਾ ਨਾਲ ਆਉਂਦੈ।

ਸਟੱਡੀ ਸਰਕਲਾਂ ਬਾਰੇ, ਤਰਕਸ਼ੀਲ ਇਕਾਈਆਂ ਅਗਵਾਈ ਦੇ ਸਕਦੀਆਂ ਹਨ। ਨੌਜਵਾਨਾਂ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਉਨ੍ਹਾਂ ਦਾ ਰੋਹ ਅਤੇ ਗੁੱਸਾ, ਤੇਲ ਦਾ ਕੰਮ ਤਾਂ ਦੇਊ, ਇਹ ਦਿਸ਼ਾ ਨਹੀਂ ਦੇ ਸਕਦਾ।

ਅੰਤਿਕਾ : ਇੱਕ ਵੇਲਾ ਸੀ, ਜਦੋਂ ਸਿਆਸੀ ਪਾਰਟੀਆਂ, ਨੌਜਵਾਨਾਂ ਨੂੰ ਜਥੇਬੰਦ ਕਰਦੀਆਂ ਅਤੇ ਉਨ੍ਹਾਂ ਨੂੰ ਵਿਚਾਰਧਾਰਕ ਸੇਧ ਦਿੰਦੀਆਂ ਸਨ। ਜਿਸ ਸਿਆਸਤ ਜਾਂ ਪਾਰਟੀਆਂ ਦੇ ਹੁੰਦਿਆਂ, ਵਿਸਫੋਟ ਹੋਇਆ ਹੋਵੇ, ਉਨ੍ਹਾਂ ਤੋਂ ਕਿਸੇ ਲੋਕ ਪੱਖੀ ਤਬੀਦੀਲੀ ਦੀ ਆਸ ਨਹੀਂ ਰੱਖੀ ਜਾ ਸਕਦੀ। ਇਹ ਇਤਿਹਾਸਕ ਜ਼ਿੰਮੇਵਾਰੀ ਨੌਜਵਾਨਾਂ ਦੇ ਹਿੱਸੇ ਆਈ ਹੈ। ਉਨ੍ਹਾਂ ਨੇ ਸਮਕਾਲੀ ਸਿਆਸਤ ਦੀ ਨਜ਼ਰਸਾਨੀ ਕਰਦਿਆਂ, ਮੌਕਿਆਂ ਨੂੰ ਦਿਸ਼ਾ ਵੱਲ ਤੋਰਨਾ ਹੈ। ਇਸ ਲੋੜ ਦੇ ਡੂੰਘੇ ਅਹਿਸਾਸ ’ਚੋਂ ਹੀ ਸਟੱਡੀ ਸਰਕਲਾਂ ਨੇ ਕੰਮ ਕਰਨਾ ਹੈ। ਦੁਨੀਆਂ ਅਤੇ ਸਿਆਸਤ ਨਾਲ ਆਪਣੀ ਸੰਬੰਧਾਂ ਨੂੰ ਜਾਨਣਾ ਹੈ, ਇਸ ਜਾਣਕਾਰੀ ਨੂੰ ਰਿੜਕਣ ਲਈ ਇਨ੍ਹਾਂ ਨੂੰ ਵਰਤਣਾ ਹੈ, ਇਸ ’ਚੋਂ ਨਿਕਲੀ ਹੋਈ ਚੇਤੰਨਤਾ ਨੇ ਹੀ ਜਨਤਕ ਸਰਗਰਮੀਆਂ ਨੂੰ ਸੇਧ ਦੇਣੀ ਹੈ। ਹੱਕਰਸੀ ਦੀ ਇਸ ਖੇਡ ਵਿੱਚ ਲਾਈ ਊਰਜਾ ਅਤੇ ਸਮਾਂ ਅਜਾਈਂ ਨਹੀਂ ਜਾਣਾ, ਇਹ ਮੋੜਵੇਂ ਰੂਪ ਵਿੱਚ ਜਿਉਣ ਦੀ ਕਲਾ ਸਿਖਾਉਂਦਿਆਂ ਨੌਜਵਾਨਾਂ ਨੂੰ ਸਾਬਤ ਕਦਮ ਅਤੇ ਸਵੈਨਿਰਭਰ ਬਣਾਊਗਾ। ਜਿਹੜੀ ਵੀ ਸਰਗਰਮੀ ਵਿੱਚ ਮਨ ਖੁਭਦੈ, ਉਹ ਚੁਣ ਲਓ। ਇਹ ਚੋਣ ਨੌਜਵਾਨਾਂ ਨੂੰ ਸਿਰਫ਼ ਖ਼ਪਤਕਾਰ ਹੀ ਨਹੀਂ, ਨਿਜ਼ਾਮ ਉਸਰੱਈਏ ਵੀ ਬਣਾਊਗੀ। ਸਿਆਸਤ, ਸਮਾਜਿਕ, ਸੱਭਿਆਚਾਰਕ, ਪੇਸ਼ੇਵਰ, ਜਨਤਕ ਸਰਗਰਮੀਆਂ ਦਾ ਵਿਸ਼ਾਲ ਖੇਤਰ ਉੱਚੀ ਉੱਚੀ ਹੋਕਾ ਦੇ ਰਿਹਾ ਹੈ :

‘‘ਇਸ ਤੋਂ ਪਹਿਲਾਂ ਕਿ ਪੈਰਾਂ ਹੇਠ ਮਧੋਲੇ ਜਾਈਏ, ਆਓ ਮੌਕਿਆਂ ਦੇ ਭੱਜੇ ਜਾਂਦੇ ਘੋੜਿਆਂ ਉੱਪਰ ਸਵਾਰ ਹੋਈਏ’’। (‘ਤੋ ਮੈਂਨੇ ਦੇਖਾ’-ਪ੍ਰੋ. ਤ੍ਰਿਲੋਕ ਚੰਦ ਤੁਲਸੀ।)

ਪੰਨਾ 31 ਦਾ ਬਾਕੀ

ਸਨਮਾਨਿਤ ਵਿਅਕਤੀ ਲਈ ਇਹ ਭਾਰ ਹੈ। ਅਕਾਦਮੀ ਇੱਜ਼ਤ ਭਾਵ ਦੇ ਨਾਲ ਇੱਕ ਵੱਡੀ ਰਕਮ ਆਪਣੇ ਜੇਤੂਆਂ ਨੂੰ ਦਿੰਦੀ ਹੈ। ਇਹ ਇੱਕ ਸਮੱਸਿਆ ਹੈ ਜੋ ਮੈਨੂੰ ਪ੍ਰੇਸ਼ਾਨ ਕਰਦੀ ਹੈ। ਹੁਣ ਜਾਂ ਤਾਂ ਕੋਈ ਇਸ ਰਾਸ਼ੀ ਨੂੰ ਸਵੀਕਾਰ ਕਰੇ ਅਤੇ ਇਸ ਰਾਸ਼ੀ ਨੂੰ ਆਪਣੀਆਂ ਸੰਸਥਾਵਾਂ ਅਤੇ ਅੰਦੋਲਨ ਵਿੱਚ ਲੱਗੇ ਲੋਕਾਂ ’ਤੇ ਲਾ ਦੇਵੇ ਜੋ ਵੱਧ ਕਲਿਆਣਕਾਰੀ ਕਾਰਜ ਸਮਝੇ! ਜਿਵੇਂ ਮੈਂ ਲੰਡਨ ਵਿੱਚ ਬਣੀ ‘ਰੰਗ ਭੇਦ ਕਮੇਟੀ’ ਨੂੰ ਲੈ ਕੇ ਸੋਚਦਾ ਹਾਂ, ਜਾਂ ਫਿਰ ਕੋਈ ਆਪਣੇ ਖੁੱਲ੍ਹੇ ਵਿਚਾਰਾਂ ਦੀ ਖਾਤਿਰ ਇਸ ਰਾਸ਼ੀ ਨੂੰ ਲੈਣ ਤੋਂ ਇਨਕਾਰ ਕਰ ਦੇਵੇ ਜੋ ਅਜਿਹੇ ਮੰਦ-ਹਾਲੀ ਵਿੱਚ ਰਹਿੰਦੇ ਲੋਕਾਂ ਦੇ ਕੰਮ ਆਉਂਦੀ। ਪਰ ਮੈਨੂੰ ਇਹ ਝੂਠ-ਮੂਠ ਦੀ ਸਮੱਸਿਆ ਲੱਗਦੀ ਹੈ। ਜ਼ਾਹਿਰ ਹੈ ਮੈਂ ਢਾਈ ਲੱਖ ‘ਕਰਾਉਨ’ ਦੀ ਕੁਰਬਾਨੀ ਦੇ ਸਕਦਾ ਹਾਂ ਕਿਉਂਕਿ ਮੈਂ ਖ਼ੁਦ ਨੂੰ ਇੱਕ ਸੰਸਥਾ ਵਿੱਚ ਰੁਪਾਂਤਰਤ ਨਹੀਂ ਕਰ ਸਕਦਾ, ਚਾਹੇ ਉਹ ਪੂਰਬ ਹੋਵੇ ਜਾਂ ਪੱਛਮ। ਪਰ ਕਿਸੇ ਨੂੰ ਇਹ ਕਹਿਣ ਦਾ ਹੱਕ ਵੀ ਨਹੀਂ ਦੇਵਾਂਗਾ ਕਿ ‘ਢਾਈ ਲੱਖ ਕਰਾਉਨ’ ਮੈਂ ਉਂਝ ਹੀ ਕੁਰਬਾਨ ਕਰ ਦੇਵਾਂ ਜੋ ਮੇਰੇ ਆਪਣੇ ਨਹੀਂ ਹਨ, ਸਗੋਂ ਮੇਰੇ ਸਾਰੇ ਕਾਮਰੇਡ ਦੋਸਤਾਂ ਤੇ ਮੇਰੀ ਵਿਚਾਰਧਾਰਾ ਨਾਲ ਸਬੰਧ ਵੀ ਰੱਖਦੇ ਹਨ।

ਇਸ ਲਈ ਪੁਰਸਕਾਰ ਲੈਣਾ ਮੇਰੇ ਲਈ ਤਕਲੀਫ਼ਦੇਹ ਹੈ। ਇਸ ਸੁਨੇਹੇ ਨਾਲ ਮੈਂ ਇਸ ਗੱਲ ਨੂੰ ਖ਼ਤਮ ਕਰਦਾ ਹਾਂ ਕਿ ਸਵੀਡਿਸ ਜਨਤਾ ਦੇ ਨਾਲ ਮੇਰੀ ਪੂਰੀ ਹਮਦਰਦੀ ਹੈ ਤੇ ਮੈਂ ਇਸ ਦੇ ਨਾਲ ਪੂਰੀ ਸਹਿਮਤੀ ਜਤਾਉਂਦਾ ਹਾਂ।

ਅਨੁਵਾਦ : ਡਾ. ਸ਼ਿਆਮ ਸੁੰਦਰ ਦੀਪਤੀ

(98158 08506)

ਮੈਂ ਇੱਕ ਤਰਕਸ਼ੀਲ ਹਾਂ, ਤਰਕ ਨਾਲ ਗੱਲ ਕਰਦਾ ਹਾਂ,
ਕਰਦਾ ਹਰ ਚੀਜ਼ ਦੇ ਕਾਰਣ ਦੀ ਪੜਚੋਲ
ਘੋਖਦਾ ਹਰ ਵਰਤਾਰਾ
ਕਿੰਨਾ ਵੀ ਹੋਵਾਂ ਤਕਲੀਫ਼ ਅਤੇ ਬੇਬਸੀ ਵਿੱਚ।
ਤਰਕਸ਼ੀਲ ਹੋਣਾ ਹੀ ਹੈ ਜਾਨਣਾ
– ਕੀ, ਕਿਉਂ, ਕਿਵੇਂ ? **- ਸੁਰੇਸ਼ ਪਠਾਣੀਆਂ**

17 ਮਈ ਨੂੰ ਜਨਮ ਦਿਨ ’ਤੇ ਵਿਸ਼ੇਸ਼

ਦੁਨੀਆਂ ਨੂੰ ਚੇਚਕ ਤੋਂ ਮੁਕਤ ਕਰਨ ਵਾਲਾ ਵਿਗਿਆਨੀ-ਐਡਵਰਡ ਜੈਨਰ

ਰਾਜਪਾਲ ਸਿੰਘ

ਚੇਚਕ (Smallpox) ਅਜਿਹੀ ਭੈੜੀ ਬਿਮਾਰੀ ਸੀ, ਜਿਸ ਨਾਲ ਹਰ ਸਾਲ ਲੱਖਾਂ ਲੋਕ ਮਰ ਜਾਂਦੇ ਸਨ। ਜਿਹੜੇ ਬਚ ਜਾਂਦੇ ਉਨ੍ਹਾਂ ਵਿੱਚੋਂ ਬਹੁਤ ਸਾਰਿਆਂ ਦੀ ਨਿਗ੍ਹਾ ਚਲੀ ਜਾਂਦੀ, ਬੰਦੇ ਦੇ ਚਿਹਰੇ ਉੱਤੇ ਪੱਕੇ ਦਾਗ਼ ਪੈ ਜਾਂਦੇ ਜਿਸ ਨਾਲ ਉਸ ਨੂੰ ਸਾਰੀ ਉਮਰ ਬਦਸੂਰਤ ਹੋਣ ਦਾ ਦੁੱਖ ਉਠਾਉਣਾ ਪੈਂਦਾ। (ਮਹਾਰਾਜਾ ਰਣਜੀਤ ਸਿੰਘ ਦੀ ਇੱਕ ਅੱਖ ਚੇਚਕ ਨਾਲ ਹੀ ਗਈ ਸੀ)। ਉਸ ਵਕਤ ਇਸ ਦਾ ਕੋਈ ਇਲਾਜ ਨਾ ਹੋਣ ਕਰਕੇ ਲੋਕ ਇਸ ਬਿਮਾਰੀ ਤੋਂ ਛੁਟਕਾਰਾ ਪਾਉਣ ਲਈ ਸੁੱਖਾਂ ਸੁੱਖਦੇ ਅਤੇ ਹੋਰ ਓਹੜ ਪੋਹੜ ਕਰਦੇ। ਭਾਰਤ ਵਿੱਚ ਇਸ ਨੂੰ ਸੀਤਲਾ ਮਾਤਾ ਦੀ ਕਰੋਪੀ ਸਮਝ ਕੇ ਉਸ ਨੂੰ ਖ਼ੁਸ਼ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਪਰ ਇਹ ਸਾਰੇ ਵਹਿਮ ਭਰਮ ਕੋਈ ਰਾਹਤ ਨਾ ਦਿੰਦੇ ਅਤੇ ਮਰੀਜ਼ ਨੂੰ ਇਸਦਾ ਦੁੱਖ ਝੱਲਣਾ ਹੀ ਪੈਂਦਾ ਸੀ। ਆਖ਼ਰ ਵਿਗਿਆਨ ਨੇ ਇਸ ਬਿਮਾਰੀ ਦਾ ਖ਼ਾਤਮਾ ਕੀਤਾ ਜਿਸਦਾ ਸਿਹਰਾ ਬ੍ਰਿਟਿਸ਼ ਵਿਗਿਆਨੀ ਐਡਵਰਡ ਜੈਨਰ ਨੂੰ ਜਾਂਦਾ ਹੈ।



ਇਸ ਨਾਲ ਮਿਲਦੀ ਜੁਲਦੀ ਬਿਮਾਰੀ ਗਾਵਾਂ ਨੂੰ ਹੁੰਦੀ ਹੈ ਜਿਸਨੂੰ ਕਾਉਪੌਕਸ (Cowpox) ਕਿਹਾ ਜਾਂਦਾ ਹੈ। ਜੋ ਆਦਮੀ ਜਾਂ ਔਰਤ ਇਨ੍ਹਾਂ ਗਾਵਾਂ ਦਾ ਦੁੱਧ ਚੋਂਦੇ ਸਨ ਉਨ੍ਹਾਂ ਨੂੰ ਵੀ ਇਹ ਕਾਓਪੌਕਸ ਹੋ ਜਾਂਦੀ ਸੀ, ਜਿਸ ਨਾਲ ਉਨ੍ਹਾਂ ਦੇ ਹੱਥਾਂ ਉੱਤੇ ਛਾਲੇ ਜਿਹੇ ਹੋ ਜਾਂਦੇ ਪਰ ਇਹ ਬਿਮਾਰੀ ਜ਼ਿਆਦਾ ਤੰਗ ਨਹੀਂ ਕਰਦੀ ਸੀ। ਐਡਵਰਡ ਜੈਨਰ ਨੇ ਵੇਖਿਆ ਕਿ ਜਿਨ੍ਹਾਂ ਦੋਧੀਆਂ ਨੂੰ ਇਹ ਬਿਮਾਰੀ (ਕਾਓਪੌਕਸ) ਹੋ ਜਾਂਦੀ ਸੀ, ਉਨ੍ਹਾਂ ਨੂੰ ਚੇਚਕ ਕਦੇ ਨਹੀਂ ਹੁੰਦੀ ਸੀ। ਇਸ ਤੋਂ ਜੈਨਰ ਨੇ ਸਿੱਟਾ ਕੱਢਿਆ ਕਿ ਇਸ ਤਰ੍ਹਾਂ ਦੋਧੀਆਂ ਵਿੱਚ ਪੈਦਾ ਹੋਇਆ ਚੇਚਕ ਤੋਂ ਬਚਾਓ ਵਾਲਾ ਗੁਣ ਅੱਗੇ ਵੰਡਿਆ ਜਾ ਸਕਦਾ ਹੈ। ਉਸ ਨੇ ਇੱਕ ਗਵਾਲਣ ਦੇ ਹੱਥਾਂ ਦੇ ਛਾਲਿਆਂ ਤੋਂ ਪਦਾਰਥ ਲਿਆ ਅਤੇ ਉਸ ਨੂੰ ਬਹੁਤ ਥੋੜ੍ਹੀ ਮਾਤਰਾ ਵਿੱਚ ਆਪਣੇ ਮਾਲੀ ਦੇ 8 ਸਾਲਾਂ ਬੇਟੇ ਜੇਮਜ਼ਫਿੱਪ ਦੀ ਬਾਂਹ ਵਿੱਚ ਟੀਕੇ ਨਾਲ ਲਗਾ ਦਿੱਤਾ। ਫਿੱਪ ਨੂੰ ਮਾਮੂਲੀ ਜਿਹਾ ਬੁਖ਼ਾਰ ਹੋਇਆ ਅਤੇ ਇਕ ਦੋ ਦਿਨਾਂ ਵਿੱਚ ਠੀਕ ਹੋ ਗਿਆ।

ਉਸ ਤੋਂ ਬਾਅਦ ਉਸ ’ਤੇ ਚੇਚਕ ਵਾਲੇ ਰੋਗੀ ਦੇ ਛਾਲਿਆਂ ਦੀ ਪੀਕ ਲਗਾਈ ਗਈ ਪਰ ਉਸ ਨੂੰ ਚੇਚਕ ਨਾ ਹੋਈ। ਉਸ ਨੇ ਇਹੀ ਤਜਰਬਾ ਹੋਰ ਵੀ ਬਹੁਤ ਸਾਰੇ ਵਿਅਕਤੀਆਂ ’ਤੇ ਕੀਤਾ ਜਿਨ੍ਹਾਂ ਵਿੱਚੋਂ ਕਿਸੇ ਨੂੰ ਵੀ ਚੇਚਕ ਦੀ ਬਿਮਾਰੀ ਨਾ ਹੋਈ। ਉਸ ਦੀ ਇਹ ਖੋਜ ਤੁਰੰਤ ਹੀ ਸਾਰੀ ਦੁਨੀਆਂ ਵਿੱਚ ਫੈਲ ਗਈ ਅਤੇ ਸਰਕਾਰਾਂ ਨੇ ਆਪਣੇ ਲੋਕਾਂ ਨੂੰ ਚੇਚਕ ਤੋਂ ਬਚਾਉਣ ਲਈ ਐਡਵਰਡ ਜੈਨਰ ਵਾਲਾ ਟੀਕਾ ਲਗਾਉਣਾ ਸ਼ੁਰੂ ਕਰ ਦਿੱਤਾ। ਜੈਨਰ ਨੇ ਇਹ ਖੋਜ 1796 ਵਿੱਚ ਕੀਤੀ। ਵਿਗਿਆਨ ਕਿਵੇਂ ਦੇਸ਼ਾਂ ਦੀਆਂ ਹੱਦਾਂ ਜਾਂ ਸਰਕਾਰਾਂ ਦੇ ਵਿਰੋਧਾਂ ਨੂੰ ਪਾਰ ਕਰਕੇ ਸਾਰੀ ਮਨੁੱਖਤਾ ਦੇ ਭਲੇ ਲਈ ਕੰਮ ਕਰਦਾ ਹੈ। ਇਸਦੀ ਇੱਕ ਉਦਾਹਰਣ ਇਹ ਟੀਕਾ ਵੀ ਹੈ। ਇਸ ਟੀਕੇ ਦੀ ਖੋਜ ਉਪਰੰਤ ਕੁਝ ਸਾਲਾਂ ਵਿੱਚ ਹੀ ਫਰਾਂਸ ਦੇ ਮਜ਼ਦੂਰ ਸ਼ਾਸਕ ਨੈਪੋਲੀਅਨ ਨੇ ਆਪਣੀ ਸਾਰੀ ਫ਼ੌਜ ਨੂੰ ਇਹ ਟੀਕਾ ਲਗਵਾ ਦਿੱਤਾ ਸੀ। ਨੈਪੋਲੀਅਨ ਦੀ ਉਸ ਵਕਤ ਬ੍ਰਿਟੇਨ ਨਾਲ ਜੰਗ ਚੱਲ ਰਹੀ ਸੀ, ਫਿਰ ਵੀ ਨੈਪੋਲੀਅਨ ਨੇ ਜੈਨਰ ਨੂੰ ਆਪਣੇ ਦੇਸ਼ ਵੱਲੋਂ ਇੱਕ ਮੈਡਲ ਨਾਲ ਸਨਮਾਨਿਆ ਅਤੇ ਉਸ ਦੇ ਕਹਿਣ ਉੱਤੇ ਬ੍ਰਿਟੇਨ ਦੇ ਦੋ ਜੰਗੀ ਕੈਦੀ ਵੀ ਰਿਹਾਅ ਕਰਕੇ ਭੇਜੇ। ਨੈਪੋਲੀਅਨ ਦੇ ਇਸ ਬਾਰੇ ਸ਼ਬਦ ਸਨ, “ਮੈਂ ਮਨੁੱਖਤਾ ਦਾ ਐਨਾ ਵੱਡਾ ਭਲਾ ਕਰਨ ਵਾਲੇ ਨੂੰ ਕਿਸੇ ਗੱਲ ਤੋਂ ਜਵਾਬ ਨਹੀਂ ਦੇ ਸਕਦਾ।”

ਐਡਵਰਡ ਜੈਨਰ ਦਾ ਜਨਮ 17 ਮਈ 1749 ਨੂੰ ਹੋਇਆ। ਇਸ ਖੋਜ ਤੋਂ ਪਹਿਲਾਂ ਵੀ ਉਹ ਇੱਕ ਬਹੁਤ ਕਾਮਯਾਬ ਡਾਕਟਰ ਵਜੋਂ ਜਾਣਿਆ ਜਾਂਦਾ ਸੀ। ਡਾਕਟਰੀ ਖੇਤਰ ਤੋਂ ਇਲਾਵਾ ਉਸ ਨੂੰ ਜੀਵ ਵਿਗਿਆਨ ਵਿੱਚ ਵੀ ਬਹੁਤ ਰੁਚੀ ਸੀ ਅਤੇ ਉਸ ਨੇ ਕੋਇਲ ਦੇ ਆਪਣੇ ਬੱਚਿਆਂ ਪ੍ਰਤੀ ਵਿਵਹਾਰ ਬਾਰੇ ਵੀ ਕਾਫੀ ਖੋਜ-ਪੜਤਾਲ ਕੀਤੀ ਸੀ। ਚੇਚਕ ਦੇ ਟੀਕੇ ਦੀ ਖੋਜ ਉਪਰੰਤ ਉਸ ਨੂੰ ਬਹੁਤ ਮਾਣ ਸਨਮਾਨ ਮਿਲਿਆ। ਇਸ ਤੋਂ ਬਾਅਦ ਹੋਰ ਬਿਮਾਰੀਆਂ ਦੇ ਟੀਕਾਕਰਣ ਦਾ ਵੀ ਰਾਹ ਖੁੱਲ੍ਹ ਗਿਆ। ਆਧੁਨਿਕ ਵਿਗਿਆਨ ਸਾਧਨਾਂ ਰਾਹੀਂ ਜਦ ਸਾਰੀ ਦੁਨੀਆਂ ਤੱਕ ਪਹੁੰਚ ਆਸਾਨ ਹੋ ਗਈ ਤਾਂ ਚੇਚਕ ਦਾ ਦੁਨੀਆ ਵਿੱਚੋਂ ਮੁਕੰਮਲ ਖਾਤਮਾ ਕਰਨ ਦੀ ਮੁਹਿੰਮ ਸ਼ੁਰੂ ਕੀਤੀ ਗਈ। ਆਖਰ ਵਿਗਿਆਨੀਆਂ ਅਤੇ ਵਰਕਰਾਂ ਦੀਆਂ ਸਾਂਝੀਆਂ ਕੋਸ਼ਿਸ਼ਾਂ ਸਦਕਾ 1980 ਵਿੱਚ ਦੁਨੀਆਂ ਵਿੱਚੋਂ ਚੇਚਕ ਦਾ ਮੁਕੰਮਲ ਖ਼ਾਤਮਾ ਹੋ ਜਾਣ ਦਾ ਐਲਾਨ ਕੀਤਾ ਗਿਆ। ਇਹ ਮਨੁੱਖ ਜਾਤੀ ਦੀ ਇੱਕ ਵੱਡੀ ਜਿੱਤ ਸੀ, ਜਿਸ ਲਈ ਅਸੀਂ ਐਡਵਰਡ ਜੈਨਰ ਦੇ ਸਦਾ ਰਿਣੀ ਰਹਾਂਗੇ। **98767 10809**

ਜਰਨੈਲ ਸਰਾਭਾ

(ਜਨਮ ਦਿਨ : 24 ਮਈ 1896)



ਇਹ ਮਿਸਾਲੀ ਜੀਵਨ ਝਲਕ ਸੋਚਾਂ ਨੂੰ ਨਵਾਂ ਰਾਹ ਦਿੰਦੀ, ਇਤਿਹਾਸ ਦੇ ਸੁਨਹਿਰੀ ਪੰਨਿਆਂ 'ਤੇ ਚੰਨ ਬਣ ਚਮਕਦਾ, ਮੁੱਛ ਫੁੱਟ ਗੱਭਰੂ, ਗ਼ਦਰੀ ਦੇਸ਼ ਭਗਤਾਂ ਦਾ ਬਾਲ ਜਰਨੈਲ ਕਰਤਾਰ ਸਿਹੁੰ ਸਰਾਭਾ। ਚੜ੍ਹਦੀ ਉਮਰੇ ਦੇਸ਼ ਭਗਤੀ ਦੀ ਜਾਗ ਲੱਗੀ। ਦੇਸ਼ ਸੇਵਾ ਨੂੰ ਜਿਉਣ ਆਦਰਸ਼ ਬਣਾ ਲਿਆ। ਸੋਚਾਂ ਸੁਪਨਿਆਂ ਨੂੰ ਸੂਹਾ ਰੰਗ ਚੜ੍ਹਿਆ। "ਗ਼ਦਰ" ਅਖ਼ਬਾਰ ਬੂਹਿਆਂ 'ਤੇ ਦਸਤਕ ਦੇਣ ਲੱਗਾ। ਆਸ਼ੇ ਲਈ ਸਿਦਕ ਦਿਲੀ ਨਾਲ ਕੰਮ ਕੀਤਾ। ਜੁਆਨ ਉਮਰੇ ਫਾਂਸੀ ਦਾ ਰੱਸਾ ਚੁੰਮ ਜੀਵਨ ਦੇਸ਼ ਲੇਖੇ ਲਾ ਗਿਆ। ਦੇਸ਼ ਦੁਨੀਆਂ ਨੇ ਉਸ ਨਾਇਕ ਦੀ ਪ੍ਰਤੀਬੱਧਤਾ ਤੇ ਕੁਰਬਾਨੀ ਨੂੰ ਸਿਜਦਾ ਕੀਤਾ। ਇਹ ਹੁੰਦਾ ਜਿਉਣਾ। ਜਿਹੜਾ ਉਚੇਰੇ ਆਦਰਸ਼ਾਂ ਦੇ ਲੇਖੇ ਲੱਗੇ। ਜਿਉਂਦੀ ਜਗਦੀ ਮਿਸਾਲ ਬਣੇ। ਰਹਿੰਦੀ ਦੁਨੀਆਂ ਤੱਕ ਚੰਨ ਸੂਰਜ ਬਣ ਜਗਦਾ ਰਹੇ।

16 ਨਵੰਬਰ 1915 ਨੂੰ ਸਾਢੇ ਉੱਨੀ ਵਰਿਆਂ ਦੇ ਨੌਜਵਾਨ ਕਰਤਾਰ ਸਿੰਘ ਸਰਾਭਾ ਨੂੰ ਅੰਗਰੇਜ ਹਕੂਮਤ ਨੇ ਉਸਦੇ ਛੇ ਹੋਰ ਸਾਥੀਆਂ ਸਮੇਤ ਲਾਹੌਰ ਜੇਲ੍ਹ ਵਿੱਚ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ ਗਿਆ।

ਬਾਬਾ ਸੋਹਣ ਸਿੰਘ ਭਕਨਾ ਦੀਆਂ ਯਾਦਾਂ ਵਿੱਚ ਅਜਿਹਾ ਜ਼ਿਕਰ ਮਿਲਦਾ ਹੈ ਜਦ ਸਰਾਭਾ ਨੇ ਜੇਲ੍ਹ ਦੀ ਕੰਧ 'ਤੇ ਲਿਖ ਦਿੱਤਾ ਸੀ, ਸ਼ਹੀਦ ਦਾ ਖ਼ੂਨ ਵਿਅਰਥ ਨਹੀਂ ਜਾਂਦਾ। ਆਖ਼ਰ ਇਹ ਰੰਗ ਲਿਆਏਗਾ। ਬਾਬਾ ਭਕਨਾ ਨੇ ਕਿਹਾ, "ਕਰਤਾਰ ਸਿੰਘ, ਇੱਥੇ ਜੇਲ੍ਹ ਵਿੱਚ ਤਾਂ ਹੱਡੀਆਂ ਵੀ ਗਲ ਜਾਂਦੀਆਂ ਹਨ, ਬਾਹਰ ਕਿਵੇਂ ਖ਼ਬਰ ਜਾਵੇਗੀ ਤੇ ਸ਼ਹੀਦਾਂ ਦਾ ਖ਼ੂਨ ਫਿਰ ਕਿਵੇਂ ਰੰਗ ਲਿਆਵੇਗਾ?" ਸਰਾਭਾ ਦਾ ਜੁਆਬ ਸੀ, "ਪ੍ਰਧਾਨ ਜੀ, ਅੱਜ ਨਹੀਂ ਤਾਂ ਕੱਲ ਜਾਂ ਪਰਸੋਂ ਬਾਹਰ ਜਾ ਕੇ ਖ਼ੂਨ ਰੰਗ ਲਿਆਵੇਗਾ ਹੀ।"

ਡਾ. ਚਮਨ ਲਾਲ

ਮਹਾਂ ਨਾਇਕ ਦਾ ਮਿਸ਼ਨ

ਹੋਰ ਸਭਨਾਂ ਵਾਂਗ ਮੈਂ ਵੀ ਸਫ਼ਲਤਾ ਚਾਹੁੰਦਾ ਸੀ। ਮੈਂ ਪ੍ਰਸਿੱਧ ਖੋਜਕਾਰ ਬਣਨ ਦੇ ਅਤੇ ਮਨੁੱਖ ਜਾਤੀ ਲਈ ਕੋਈ ਫ਼ਾਇਦੇਮੰਦ ਚੀਜ਼ ਪ੍ਰਾਪਤ ਕਰਨ ਦੇ ਸੁਪਨੇ ਲੈਂਦਾ ਸਾਂ ਪਰ ਇਹ ਸਭ ਕੁਝ ਨਿੱਜੀ ਸਫ਼ਲਤਾ ਦਾ ਸੁਪਨਾ ਸੀ। ਸਾਡੇ ਸਭਨਾਂ ਵਾਂਗ ਮੈਂ ਵੀ ਆਪਣੇ ਆਲ਼ੇ-ਦੁਆਲ਼ੇ ਦੀ ਪੈਦਾਵਾਰ ਸਾਂ।



.....ਮੈਂ ਵੇਖਿਆ ਕਿ ਕਿਵੇਂ ਮਾਂ-ਬਾਪ ਪੈਸੇ ਦੀ ਥੁੜ ਕਾਰਣ ਆਪਣੇ ਬੱਚਿਆਂ ਦਾ ਇਲਾਜ ਨਹੀਂ ਕਰਵਾ ਸਕਦੇ। ਮੈਂ ਮਨੁੱਖੀ ਨਿਘਾਰ ਨੂੰ ਨਿਰੰਤਰ ਭੁੱਖ ਅਤੇ ਦੁੱਖ ਕਾਰਣ ਏਨਾ ਵਹਿਸ਼ਤ ਤੱਕ ਗਿਰਿਆ ਦੇਖਿਆ ਕਿ ਬਾਪ ਉੱਤੇ ਬੱਚੇ ਦੀ ਮੌਤ ਦਾ ਕੋਈ ਖ਼ਾਸ ਅਸਰ ਨਹੀਂ ਹੁੰਦਾ ਸੀ। ਮੈਂ ਅਨੁਭਵ ਕੀਤਾ ਕਿ ਇਹਨਾਂ ਲੋਕਾਂ ਦੀ ਮਦਦ ਲਈ ਅੱਗੇ ਆਉਣਾ ਵੀ ਇੱਕ ਮਿਸ਼ਨ ਹੈ ਤੇ ਇਹ ਮਿਸ਼ਨ ਪ੍ਰਸਿਧ ਖੋਜਕਾਰ ਬਣਨ ਨਾਲੋਂ ਜਾਂ ਡਾਕਟਰੀ ਵਿਗਿਆਨ ਵਿੱਚ ਵੱਡਾ ਯੋਗਦਾਨ ਪਾਉਣ ਨਾਲੋਂ ਕਿਸੇ ਵੀ ਤਰ੍ਹਾਂ ਘੱਟ ਮਹੱਤਵਪੂਰਨ ਨਹੀਂ।

ਅਰਨੈਸਟੋ ਚੀ ਗੁਵੇਰਾ

ਜਨਮ ਦਿਨ : 14 ਜੂਨ, 1928

(ਮਿੰਨੀ ਕਹਾਣੀ)

ਤਰਕ



ਵਿਗਿਆਨਕ ਵਿਚਾਰਾਂ ਨੂੰ ਪ੍ਰਣਾਏ ਮੇਰੇ ਇੱਕ ਸਨੇਹੀ ਦਾ ਮਹਾਂ ਨਗਰ ਦੇ ਵੱਡੇ ਹਸਪਤਾਲ ਵਿੱਚ ਕੈਂਸਰ ਦਾ ਇਲਾਜ ਚੱਲ ਰਿਹਾ ਸੀ। ਹਰ ਕਿਸੇ ਦੇ ਦੁਖ ਸੁਖ ਵਿੱਚ ਕੰਮ ਆਉਣ ਸਦਕਾ ਹਸਪਤਾਲ ਵਿੱਚ ਉਸ ਪਤਾ ਲੈਣ ਵਾਲਿਆ ਦੀ ਭੀੜ ਲੱਗੀ ਰਹਿੰਦੀ। ਉਸ ਦੇ ਪਿੰਡੋਂ ਧਾਰਮਿਕ ਆਸਥਾ ਵਾਲਾ ਬਜ਼ੁਰਗ ਪੰਚ ਕੈਂਸਰ ਵਾਰਡ ਵਿੱਚੋਂ ਉਸ ਦਾ ਹਾਲ ਜਾਣ ਬਾਹਰ ਬੈਠੇ ਉਸਦੇ ਸਕੇ ਸਨੇਹੀਆਂ ਕੋਲ ਆ ਬੈਠਾ। ਕਹਿਣ ਲੱਗਾ, "ਹਾਲ ਕੋਈ ਬਾਹਲਾ ਵਧੀਆ ਨਹੀਂ। ਮੈਂ ਬਥੇਰਾ ਸਮਝਾਉਂਦਾ ਰਿਹਾ ਕਿ ਰੱਬ ਨਾਲ ਮੱਥਾ ਨਾ ਲਾ। ਪਰ ਇਹ ਨਹੀਂ ਮੰਨਿਆ। ਕਹਿੰਦਾ ਸੀ ਕਿਹੜਾ ਰੱਬ.. ਨਾਲੇ ਭਗਤ ਸਿਹੁੰ ਦੀ ਪੁਸਤਕ ਦੇ ਵੇਰਵੇ ਦੇਣ ਲਗਦਾ। ਕੀ ਉਮਰ ਹੈ ਅਜੇ ਇਸ ਦੀ। ਕਿਹੜੀ ਨਾਮੁਰਾਦ ਬੀਮਾਰੀ ਚਿੰਬੜ ਗਈ। ਧਰਮ ਕਰਮ ਦੇ ਰਾਹ ਤੁਰਦਾ ਤਾਂ ਆਹ ਦਿਨ ਨਾ ਵੇਖਣੇ ਪੈਂਦੇ।"

ਉਸ ਦਾ ਨਿਹੋਰਾ ਸੁਣ ਕੇ ਨਾਲ ਬੈਠਾ ਮਿੱਤਰ ਦਾ ਸੰਗੀ ਸਨੇਹੀ ਬੋਲਿਆ, "ਬਜ਼ੁਰਗੋ ਕੈਂਸਰ ਵਾਰਡ ਵਿੱਚ ਪੈਂਤੀ ਚਾਲੀ ਮਰੀਜ਼ ਪਏ ਹਨ। ਆਪਣੇ ਆਲੇ ਨੂੰ ਛੱਡ ਬਾਕੀ ਸਾਰੇ ਜਣੇ ਪਾਠ ਪੂਜਾ ਵਾਲ਼ੇ ਹਨ। ਹਰ ਸਾਹ ਨਾਲ ਨਾਮ ਸਿਮਰਨ ਕਰਨ ਵਾਲੇ। ਫੇਰ ਉਹ ਕਾਹਤੋਂ ਕੈਂਸਰ ਦੀ ਮਾਰ ਹੇਠ ਆ ਗਏ? ਨਾਲੇ ਜੇ ਧਰਮ ਕਰਮ ਨਾਲ ਬੰਦਾ ਤੰਦਰੁਸਤ ਰਹਿੰਦਾ ਹੋਵੇ ਤਾਂ ਡਾਕਟਰਾਂ ਤੇ ਹਸਪਤਾਲਾਂ ਦੀ ਲੋੜ ਹੀ ਨਾ ਪਵੇ!" ਇਹ ਤਰਕ ਸੁਣ ਨਿਰ ਉੱਤਰ ਹੋਇਆ ਪੰਚ ਉਡੀਕ ਕਮਰੇ ਵਿੱਚੋਂ ਉੱਠ ਵਾਪਸੀ ਲਈ ਪੌੜੀਆਂ ਉਤਰਨ ਲੱਗਾ।

- ਕੁਲਦੀਪ ਮਾਣੂੰਕੇ

98147 22408

ਸਦਾ ਹੀ ਹੱਕ, ਸੱਚ, ਇਨਸਾਫ਼ ਦੇ ਨਾਲ ਹੈ ਰਹਿਣਾ। ... ਮਹਿੰਦਰ ਸਾਥੀ

ਯਾਦ ਸਦੀਵੀ

ਕ੍ਰਾਂਤੀਕਾਰੀ ਨਾਇਕ: ਭਗਵਤੀ ਚਰਨ ਵੋਹਰਾ

(ਸ਼ਹਾਦਤ : 28 ਮਈ, 1930)

ਭਗਤ ਸਿੰਘ ਨੂੰ ਮੈਂ 1926 ਵਿੱਚ ਹੀ ਮਿਲ ਚੁੱਕਾ ਸਾਂ। ਅਪ੍ਰੈਲ 1928 ਵਿੱਚ ਜਦੋਂ ਨੌਜਵਾਨ ਭਾਰਤ ਸਭਾ ਦਾ ਐਲਾਨਨਾਮਾ ਛਪਿਆ ਤਾਂ ਪਤਾ ਲੱਗਾ ਕਿ ਉਸਦਾ ਮਸੌਦਾ ਭਗਤ ਸਿੰਘ ਨਾਲ਼ ਸਲਾਹ ਮਸ਼ਵਰਾ ਕਰਕੇ ਮੂਲ ਰੂਪ ਵਿੱਚ ਭਗਵਤੀ ਚਰਨ ਨੇ ਹੀ ਤਿਆਰ ਕੀਤਾ ਸੀ। ਐਲਾਨਨਾਮੇ ਵਿੱਚ ਕਹੀਆਂ ਕੁਝ ਗੱਲਾਂ ਤੋਂ ਮੈਂ ਪ੍ਰਭਾਵਤ ਸਾਂ। ਜਿਸ ਕਾਰਣ ਮੇਰੇ ਦਿਲ ਵਿੱਚ ਭਗਵਤੀ ਚਰਨ ਪ੍ਰਤੀ ਅਥਾਹ ਆਦਰ ਦੀ ਭਾਵਨਾ ਪੈਦਾ ਹੋ ਗਈ। ਐਲਾਨਨਾਮੇ ਦੇ ਇਸ ਲੇਖਕ ਨੇ ਮੇਰੀ ਕਲਪਨਾ ਦੇ ਨਾਇਕ ਦਾ ਰੂਪ ਲੈ ਲਿਆ ਸੀ। ਇੱਕ ਦੂਰਦਰਸ਼ੀ ਰਾਜਨੀਤਿਕ ਆਗੂ ਤੇ ਸਿਧਾਂਤਕਾਰ। ਉਸ ਸਮੇਂ ਇਹ ਐਲਾਨਨਾਮਾ ਮੇਰਾ ਮਾਰਗ ਦਰਸ਼ਕ ਜਿਹਾ ਬਣ ਗਿਆ ਸੀ। ਉਸ ਵਿੱਚ ਦਰਜ ਇਤਾਲਵੀ ਕੌਮੀ ਇਨਕਲਾਬੀ ਉਭਾਰ ਦੇ ਪ੍ਰਸਿੱਧ ਵਿਦਵਾਨ ਮੈਜਿਨੀ ਦੇ ਇਨ੍ਹਾਂ ਸ਼ਬਦਾਂ ਨੇ ਮੈਨੂੰ ਅੱਗੇ ਵਧਣ ਵਿੱਚ ਆਤਮ ਵਿਸ਼ਵਾਸ਼ ਅਤੇ ਸ਼ਕਤੀ ਪ੍ਰਦਾਨ ਕੀਤੀ। ਮੈਜਿਨੀ ਨੇ ਕਿਹਾ ਸੀ, "ਸਭਨਾਂ ਮਹਾਨ ਰਾਸ਼ਟਰੀ ਅੰਦੋਲਨਾਂ ਦਾ ਆਰੰਭ ਲੋਕਾਂ ਦੇ ਜਾਣੇ ਜਾਂ ਅਣਜਾਣੇ ਬੁੱਧੀਮਾਨ ਵਿਅਕਤੀਆਂ ਤੋਂ ਹੁੰਦਾ ਹੈ, ਜਿੰਨ੍ਹਾਂ ਕੋਲ਼ ਸਮਾਂ ਅਤੇ ਮਜਬੂਰੀਆਂ ਦੀ ਪ੍ਰਵਾਹ ਨਾ ਕਰਨ ਵਾਲ਼ਾ ਵਿਸ਼ਵਾਸ ਅਤੇ ਇੱਛਾ ਸ਼ਕਤੀ ਤੋਂ ਬਿਨਾਂ ਹੋਰ ਕੁਝ ਨਹੀਂ ਹੁੰਦਾ।"




ਭਗਵਤੀ ਚਰਨ ਦਾ ਜਨਮ 1903 ਵਿੱਚ ਆਗਰਾ ਵਿਖੇ ਹੋਇਆ। ਪਿਤਾ ਪੰਡਤ ਸ਼ਿਵ ਚਰਨ ਵੋਹਰਾ ਰੇਲਵੇ ਵਿੱਚ ਉੱਚੇ ਅਹੁਦੇ 'ਤੇ ਸਨ। ਭਗਵਤੀ ਦਾ ਪਰਿਵਾਰ ਆਰਥਿਕ ਪੱਖ ਤੋਂ ਖਾਂਦਾ ਪੀਂਦਾ ਪਰਿਵਾਰ ਸੀ। ਉਸਦਾ ਵਿਆਹ ਵੀ ਛੋਟੀ ਉਮਰ ਵਿੱਚ ਕਰ ਦਿੱਤਾ ਗਿਆ ਸੀ। ਸਾਲ 1921 ਵਿੱਚ ਗਾਂਧੀ ਜੀ ਦੇ ਸੱਦੇ 'ਤੇ ਭਗਵਤੀ ਚਰਨ ਨੇ ਕਾਲਿਜ ਛੱਡ ਦਿੱਤਾ ਤੇ ਨਾ ਮਿਲਵਰਤਨ ਲਹਿਰ ਵਿੱਚ ਕੁੱਦ ਪਏ। ਅੰਦੋਲਨ ਵਾਪਸ ਲੈ ਲਏ ਜਾਣ 'ਤੇ ਉਹ ਆਪਣੇ ਸਾਥੀਆਂ ਸਮੇਤ ਲਾਹੌਰ ਦੇ ਨੈਸ਼ਨਲ ਕਾਲਿਜ ਵਿੱਚ ਦਾਖਲ ਹੋ ਗਏ ਤੇ ਬੀ.ਏ. ਦਾ ਇਮਤਿਹਾਨ ਪਾਸ ਕੀਤਾ। ਏਥੇ ਹੀ ਉਨ੍ਹਾਂ ਦਾ ਮੇਲ ਕ੍ਰਾਂਤੀਕਾਰੀ ਨੌਜਵਾਨਾਂ ਨਾਲ ਹੋਇਆ। ਉਹ ਇਮਾਰਤ ਦੇ ਦਰਵਾਜੇ ਉੱਪਰ ਜੜੇ ਕੀਮਤੀ ਤੇ ਖ਼ੂਬਸੂਰਤ ਪੱਥਰ ਦੀ ਥਾਂ ਨੀਂਹ ਦਾ ਪੱਥਰ ਬਣਨਾ ਜ਼ਿਆਦਾ ਪਸੰਦ ਕਰਦੇ ਸਨ। ਖ਼ੁਦ ਪਿੱਛੇ ਰਹਿ ਕੇ ਦੂਜਿਆਂ ਨੂੰ ਅੱਗੇ ਵਧਣ ਦਾ ਮੌਕਾ ਪ੍ਰਦਾਨ ਕਰਨਾ ਚੰਗੀ ਤਰ੍ਹਾਂ ਜਾਣਦੇ ਸਨ। ਸੰਗਠਨ ਦੀਆਂ ਗੰਭੀਰ ਸਮੱਸਿਆਵਾਂ ਉੱਪਰ ਪਕੜ, ਯੋਗਤਾ ਤੇ ਲਿਖ਼ਤ ਉੱਪਰ ਉਨ੍ਹਾਂ ਨੂੰ ਪੂਰਾ ਅਧਿਕਾਰ ਸੀ। ਉਹ ਗੁਣ ਭਗਤ ਸਿੰਘ ਤੇ ਭਗਵਤੀ ਚਰਨ ਦੋਹਾਂ ਵਿੱਚ ਸਨ।

ਵਿਸ਼ਵ ਪ੍ਰਸਿੱਧ ਮੇਰਠ ਕਮਿਊਨਿਸਟ ਸਾਜਿਸ਼ ਕੇਸ ਦੇ ਮਾਮਲੇ ਵਿੱਚ ਵੀ ਉਨ੍ਹਾਂ ਦੇ ਘਰ ਦੀ ਤਲਾਸ਼ੀ ਲਈ ਗਈ। ਘਰ ਦੀ ਤਲਾਸ਼ੀ ਦੌਰਾਨ ਘਰ ਦੀਆਂ ਦੀਵਾਰਾਂ ਤੇ ਫਰਸ਼ ਆਦਿ ਤੱਕ ਤੋੜ ਦਿੱਤੇ ਗਏ। ਭਗਵਤੀ ਚਰਨ ਉਸ ਵਕਤ ਘਰ ਨਾ ਹੋਣ ਕਾਰਣ ਫੜੇ ਨਹੀਂ ਜਾ ਸਕੇ। ਫਿਰ ਅਸੈਂਬਲੀ ਬੰਬ ਕੇਸ ਤੋਂ ਬਾਅਦ ਲਾਹੌਰ ਦੀ ਬੰਬ ਫੈਕਟਰੀ ਫੜੀ ਗਈ। ਪਤਾ ਲੱਗਿਆ ਕਿ ਫੈਕਟਰੀ ਵਾਲਾ ਮਕਾਨ ਭਗਵਤੀ ਚਰਨ ਦੇ ਨਾਂ 'ਤੇ ਲਿਆ ਹੋਇਆ ਸੀ। ਉਨ੍ਹਾਂ ਦੇ ਨਾਂ ਵੀ ਵਾਰੰਟ ਜਾਰੀ ਹੋ ਗਏ।

ਮਈ 1930 ਨੂੰ ਭਗਤ ਸਿੰਘ ਤੇ ਦੱਤ ਨੂੰ ਜੇਲ੍ਹ ਵਿੱਚੋਂ ਛੁਡਵਾਉਣ ਦੀ ਯੋਜਨਾ ਨੂੰ ਅੰਤਿਮ ਰੂਪ ਦਿੱਤਾ ਗਿਆ। ਤਹਿ ਹੋਇਆ ਕਿ ਐਤਵਾਰ ਦੇ ਦਿਨ ਜਦੋਂ ਭਗਤ ਸਿੰਘ ਤੇ ਦੱਤ ਲਾਹੌਰ ਬੋਸਟਰਲ ਜੇਲ੍ਹ ਵਿੱਚ ਆਪਣੇ ਹੋਰਨਾਂ ਸਾਥੀਆਂ ਨੂੰ ਮਿਲ ਕੇ ਬਾਹਰ ਆਉਣ ਤਾਂ ਪੁਲਿਸ ਦੀ ਗੱਡੀ ਵਿੱਚ ਬੈਠਦੇ ਸਮੇਂ ਹਮਲਾ ਬੋਲ ਕੇ ਉਨ੍ਹਾਂ ਨੂੰ ਛੁਡਾ ਲਿਆ ਜਾਵੇ। ਇਸ ਕੰਮ ਖ਼ਾਤਰ ਜਾਣ ਵਾਲ਼ਿਆਂ ਵਿੱਚ ਆਜ਼ਾਦ ਤੇ ਹੋਰਨਾਂ ਸਾਥੀਆਂ ਨਾਲ ਭਗਵਤੀ ਨੇ ਵੀ ਜ਼ੋਰ ਪਾ ਕੇ ਆਪਣਾ ਨਾਂ ਲਿਖਵਾ ਲਿਆ। ਉਨ੍ਹਾਂ ਯਸ਼ਪਾਲ ਨੂੰ ਬੰਬ ਤਿਆਰ ਕਰਨ ਲਈ ਆਖਿਆ। 28 ਮਈ 1930 ਨੂੰ ਵੈਸ਼ਮਪਾਇਨ, ਭਗਵਤੀ ਚਰਨ ਤੇ ਸੁਖਦੇਵ ਰਾਜ ਸਵੇਰੇ ਦਸ ਗਿਆਰਾਂ ਵਜੇ ਰਾਵੀ ਦੇ ਕਿਨਾਰੇ ਸੰਘਣੇ ਜੰਗਲ ਵਿੱਚ ਬੰਬ ਧਮਾਕਾ ਕਰਨ ਲਈ ਗਏ। ਇੱਕ ਸੁਰੱਖਿਅਤ ਥਾਂ ਵੇਖ ਕੇ ਰੁਕ ਗਏ। ਸਾਹਮਣੇ ਇੱਕ ਵੱਡਾ ਖੱਡਾ ਸੀ। ਉਸੇ ਵਿੱਚ ਬੰਬ ਦਾ ਤਜਰਬਾ ਕਰਨਾ ਸੀ। ਭਗਵਤੀ ਨੇ ਬੰਬ ਦੀ ਪਿੰਨ ਕੱਢੀ, ਸੁੱਟਣ ਲਈ ਹੱਥ ਵੀ ਨਹੀਂ ਉਠਾ ਸਕੇ। ਬੰਬ ਦਾ ਤਬਾਹਕੁੰਨ ਧਮਾਕਾ ਹੱਥ ਵਿੱਚ ਹੀ ਹੋ ਗਿਆ। ਧੂੰਏਂ ਦਾ ਗ਼ੁਬਾਰ ਛਾ ਗਿਆ। ਭਗਵਤੀ ਭਾਈ ਸਖ਼ਤ ਜ਼ਖ਼ਮੀ ਹੋ ਗਏ। ਉਨ੍ਹਾਂ ਦਾ ਇੱਕ ਹੱਥ ਗੁੱਟ ਨਾਲੋਂ ਉੱਡ ਗਿਆ। ਐਨਾ ਸਰੀਰਕ ਦੁੱਖ ਹੋਣ ਦੇ ਬਾਵਜੂਦ ਵੀ ਉਨ੍ਹਾਂ ਦੇ ਚਿਹਰੇ 'ਤੇ ਮੁਸਕਰਾਹਟ ਜਿਉਂ ਦੀ ਤਿਉਂ ਸੀ। ਮੌਤ ਦੀ ਖਿੱਲੀ ਉਡਾਉਣ ਦਾ ਇਹ ਪ੍ਰਚੰਡ ਸਾਹਸ ਸੀ। ਮੌਤ ਨਾਲ ਸੰਘਰਸ਼ ਜਾਰੀ ਸੀ ਪਰ ਜਿੱਤ ਮੌਤ ਦੀ ਹੋਈ। ਦੇਸ਼ ਦੀ ਆਜ਼ਾਦੀ ਖਾਤਰ ਉਨ੍ਹਾਂ ਆਪਣੇ ਆਪ ਨੂੰ ਬਲੀ ਚੜ੍ਹਾ ਦਿੱਤਾ। ਕ੍ਰਾਂਤੀ ਮਾਰਗ ਦੀ ਰੌਸ਼ਨੀ, ਇੱਕ ਜਗਮਗਾਉਂਦਾ ਸਿਤਾਰਾ ਹਮੇਸ਼ਾ ਲਈ ਡੁੱਬ ਗਿਆ।

ਸ਼ਿਵ ਵਰਮਾ (ਭਗਤ ਸਿੰਘ ਹੁਰਾਂ ਦਾ ਸੰਗੀ ਸਾਥੀ)

ਨੋਬੇਲ ਪੁਰਸਕਾਰ ਠੁਕਰਾਉਣ ਲਈ ਲਿਖਿਆ ਖ਼ਤ



ਜਯਾਂ ਪਾਲ ਸਾਰਤਰ

ਲੇਖਕ ਨੂੰ ਸਨਮਾਨ ਕਿਉਂ ਚਾਹੀਦਾ ਹੈ ? ਇਸ ਸਵਾਲ ਤੋਂ ਪਹਿਲਾਂ ਇਹ ਸਵਾਲ ਹੈ ਕਿ ਕੋਈ ਵੀ ਲੇਖਕ ਲਿਖਦਾ ਕਿਉਂ ਹੈ ? ਕੀ ਕੋਈ ਪਿੱਛੇ ਪਿਆ ਹੁੰਦਾ ਹੈ ? ਸਮਾਜ ਦੇ ਹਾਲਾਤ ਟੁੰਬਦੇ ਨੇ ਤੇ ਰਿਹਾ ਨਹੀਂ ਜਾਂਦਾ ਲਿਖੇ ਬਿਨ੍ਹਾਂ। ਲੇਖਕ ਦੀ ਲਿਖਤ ਸੱਤਾ ਲਈ ਹੁੰਦੀ ਹੈ ਜਾਂ ਇਹ ਕਿ ਹਾਲਾਤ ਬਰਦਾਸ਼ਤ ਤੋਂ ਬਾਹਰ ਨੇ, ਇਹ ਬਦਲੇ ਜਾਣ। ਸੱਤਾ ਕੋਈ ਵੀ ਹੋਵੇ, ਉਸ ’ਤੇ ਨਜ਼ਰ ਰੱਖਣੀ ਪੈਂਦੀ ਹੈ। ਉਨ੍ਹਾਂ ਦੀਆਂ ਨੀਤੀਆਂ ਲਗਾਤਾਰ ਆਲੋਚਨਾ ਦੀ ਮੰਗ ਕਰਦੀਆਂ ਹਨ ਤੇ ਲੇਖਕ ਨੇ ਉਹ ਗੱਲਾਂ ਸਮੇਂ-ਸਮੇਂ ਉਭਾਰਨੀਆਂ ਹੁੰਦੀਆਂ ਹਨ। ਸੱਤਾ ਤੋਂ ਮਾਣ-ਸਨਮਾਨ ਲੈਣ ਦਾ ਮਤਲਬ ਹੈ ਕਿ ਉਹ ਲੇਖਕ ਦੀ ਆਲੋਚਨਾ ਦ੍ਰਿਸ਼ਟੀ ਨੂੰ ਸੀਮਤ ਕਰਦੀਆਂ ਹਨ। ਇਹ ਮੈਂ ਨਹੀਂ ਕਹਿ ਰਿਹਾ, ਦੁਨੀਆਂ ਦੇ ਸਭ ਤੋਂ ਵੱਡੇ ਪੁਰਸਕਾਰ, ਨੋਬੇਲ ਪੁਰਸਕਾਰ ਨੂੰ ਨਾ ਲੈਣ ਵਾਲਾ ਲੇਖਕ ਜਯਾਂ ਪਾਲ ਸਾਰਤਰ ਕਹਿ ਰਿਹਾ ਹੈ। ਉਹਨਾਂ ਨੇ ਸਵੀਡਿਸ ਅਕਾਦਮੀ ਨੂੰ ਖ਼ਤ ਵਿੱਚ ਕਿਹਾ ਕਿ ਇਹ ਮੇਰੇ ਉਦੇਸ਼ਾਂ ਨਾਲ ਟਕਰਾਅ ਹੈ। ਇਨਾਮਾਂ-ਸਨਮਾਨਾਂ ਦੀ ਅਸਲੀਅਤ ਸਮਝਣ ਲਈ, ਫਰਾਂਸ ਦੇ ਮਹਾਨ ਲੇਖਕ, ਦੁਨੀਆਂ ਦੀ ਸੋਚ ਨੂੰ ਇਕ ਮੋੜਾ ਦੇਣ ਵਾਲੇ ਲੇਖਕ ਜਯਾਂ ਪਾਲ ਸਾਰਤਰ ਦੇ ਇਸ ਖ਼ਤ ਨੂੰ ਜਰੂਰ ਪੜ੍ਹਨਾ ਚਾਹੀਦਾ ਹੈ।

ਮੈਨੂੰ ਬੇਹੱਦ ਅਫਸੋਸ ਹੈ ਇਸ ਮੁੱਦੇ ਨੂੰ ਸਨਸਨੀਖੇਜ਼ ਘਟਨਾ ਦੀ ਤਰ੍ਹਾਂ ਦੇਖਿਆ ਜਾ ਰਿਹਾ ਹੈ। ਇੱਕ ਪੁਰਸਕਾਰ ਮੈਨੂੰ ਦਿੱਤਾ ਗਿਆ ਤੇ ਮੈਂ ਇਸ ਨੂੰ ਲੈਣ ਤੋਂ ਇਨਕਾਰ ਕਰ ਦਿੱਤਾ ਹੈ। ਇਹ ਸਭ ਇਸ ਲਈ ਹੋਇਆ ਕਿ ਮੈਨੂੰ ਇਸ ਗੱਲ ਦਾ ਜ਼ਰਾ ਵੀ ਇਲਮ ਨਹੀਂ ਸੀ ਕਿ ਅੰਦਰ ਹੀ ਅੰਦਰ ਕੀ ਚਲ ਰਿਹਾ ਹੈ। 15 ਅਕਤੂਬਰ, “ਫਿਗਾਕੋ ਲਿਟਰੇਰੀਆ” ਦੇ ਸਵੀਡਿਸ ਦੇ ਪੱਤਰਕਾਰ ਦੇ ਇਕ ਕਾਲਮ ਵਿੱਚ ਮੈਂ ਜਦ ਪੜ੍ਹਿਆ ਕਿ ਸਵੀਡਿਸ ਅਕਾਦਮੀ ਦਾ ਰੁਝਾਨ ਮੇਰੇ ਵੱਲ ਹੈ, ਪਰ ਫਿਰ ਵੀ ਅਜਿਹਾ ਕੁਝ ਪੱਕਾ ਨਹੀਂ ਸੀ ਤਾਂ ਮੈਨੂੰ ਲੱਗਿਆ ਕਿ ਅਕਾਦਮੀ ਨੂੰ ਇਸ ਬਾਰੇ ਖ਼ਤ ਲਿਖਣਾ ਚਾਹੀਦਾ ਹੈ, ਜੋ ਮੈਂ ਅਗਲੇ ਦਿਨ ਹੀ ਲਿਖ ਕੇ ਭੇਜ ਦਿੱਤਾ ਤਾਂ ਕਿ ਮਸਲੇ ਦੀ ਜਾਣਕਾਰੀ ਲੈ ਸਕਾਂ ਤੇ ਭਵਿੱਖ ਵਿਚ ਚਰਚਾ ਨਾ ਹੋਵੇ। ਉਦੋਂ ਤੱਕ ਮੈਨੂੰ ਇਹ ਜਾਣਕਾਰੀ ਨਹੀਂ ਸੀ ਕਿ ਨੋਬੇਲ ਪੁਰਸਕਾਰ ਹਾਸਲ ਕਰਨ ਵਾਲੇ ਦੀ ਸਹਿਮਤੀ ਤੋਂ ਬਗੈਰ ਦਿੱਤਾ ਜਾਂਦਾ ਹੈ। ਮੈਨੂੰ ਲੱਗ ਰਿਹਾ ਸੀ ਕਿ ਸਮਾਂ ਬਹੁਤ ਘੱਟ ਹੈ ਤੇ ਇਸ ਨੂੰ ਰੋਕਿਆ ਜਾਣਾ ਚਾਹੀਦਾ ਹੈ। ਪਰ ਹੁਣ ਮੈਨੂੰ ਪਤਾ ਲੱਗ ਗਿਆ ਹੈ ਕਿ ਸਵੀਡਿਸ ਅਕਾਦਮੀ ਦੇ ਕਿਸੇ ਫੈਸਲੇ ਨੂੰ ਬਾਅਦ ਵਿਚ ਬਦਲਣਾ ਸੰਭਵ ਨਹੀਂ।

ਜਿਵੇਂ ਕਿ ਮੈਂ ਅਕਾਦਮੀ ਨੂੰ ਲਿਖੇ ਖ਼ਤ ਵਿੱਚ ਜਾਹਿਰ ਕਰ ਚੁੱਕਾ ਹਾਂ। ਮੇਰੇ ਇਨਕਾਰ ਕਰਨ ਦਾ ਸਵੀਡਿਸ ਅਕਾਦਮੀ ਜਾਂ ਨੋਬੇਲ ਪੁਰਸਕਾਰ ਦੇ ਕਿਸੇ ਹਿੱਸੇ ਦੇ ਨਾਲ ਕੋਈ ਲੈਣਾ ਦੇਣਾ ਨਹੀਂ। ਦੋ ਕਾਰਨਾਂ ਦਾ ਮੈਂ ਉੱਥੇ ਜ਼ਿਕਰ ਕੀਤਾ ਹੈ। ਇੱਕ ਤਾਂ ਨਿੱਜੀ ਅਤੇ ਦੂਸਰਾ ਮੇਰੇ ਆਪਣੇ ਉਦੇਸ਼। ਮੇਰਾ ਵਿਰੋਧ ਜਜ਼ਬਾਤੀ ਨਹੀਂ ਹੈ। ਨਿੱਜੀ ਤੌਰ ’ਤੇ ਮੈਂ ਜਿਆਦਾਤਰ ਸਨਮਾਨਾਂ ਨੂੰ ਨਾ-ਮਨਜੂਰ ਕੀਤਾ ਹੈ। 1945 ਵਿੱਚ ਯੁੱਧ ਤੋਂ ਬਾਅਦ ਮੈਨੂੰ ‘ਲੀਜਨ ਔਫ ਓਨਰ’ ਮਿਲਿਆ ਸੀ। ਮੈਂ ਲੈਣ ਤੋਂ ਇਨਕਾਰ ਕਰ ਦਿੱਤਾ। ਆਪਣੇ ਦੋਸਤਾਂ ਦੇ ਸੁਝਾਅ ਦੇ ਬਾਵਜੂਦ ਵੀ ਕਿਸੇ ਸਨਮਾਨ ਸਮਾਰੋਹ ਵਿੱਚ ਸ਼ਾਮਲ ਹੋਣ ਦੀ ਕਦੇ ਮੇਰੀ ਇੱਛਾ ਨਹੀਂ ਰਹੀ। ਇਸ ਨਜ਼ਰੀਏ ਦੇ ਪਿੱਛੇ ਲੇਖਕ ਦੇ ਆਪਣੇ ਜ਼ੋਖਮ ਭਰੇ ਕੰਮਾਂ ਦੇ ਪ੍ਰਤੀ ਮੇਰੀ ਆਪਣੀ ਸਮਝ ਹੈ। ਇੱਕ ਲੇਖਕ ਜਿਨ੍ਹਾਂ ਵੀ ਰਾਜਨੀਤਕ/ਸਮਾਜਿਕ ਜਾਂ ਸਾਹਿਤਕ ਥਾਵਾਂ ’ਤੇ ਮੋਰਚਾ ਲੈਂਦਾ ਹੈ, ਉਹ ਆਪਣੇ ਬਿਲਕੁਲ ਨਿੱਜੀ ਸਾਧਨ ਮਤਲਬ ‘ਲਿਖਤੀ ਸ਼ਬਦ’ ਨਾਲ ਹਾਜ਼ਰ ਹੁੰਦਾ ਹੈ। ਉਹ ਸਾਰੇ ਸਨਮਾਨ, ਜਿਸ ਦੀ ਵਜਾਹ ਨਾਲ ਉਸ ਦੇ ਪਾਠਕ ਆਪਣੇ ਉੱਪਰ ਦਬਾਅ ਮਹਿਸੂਸ ਕਰਨ ਲੱਗਣ, ਇਤਰਾਜ਼ਯੋਗ ਹਨ। ‘ਬਤੌਰ ਜਯਾਂ ਪਾਲ ਸਾਰਤਰ’ ਦੇ ਦਸਤਖ਼ਤ ਜਾਂ ਨੋਬੇਲ ਵਿਜੇਤਾ ਜਯਾਂ ਪਾਲ ਸਾਰਤਰ ਦੇ ਦਸਤਖ਼ਤਾਂ ਵਿੱਚ ਫ਼ਰਕ ਹੈ।

ਇੱਕ ਲੇਖਕ ਜੋ ਅਜਿਹੇ ਸਨਮਾਨਾਂ ਨੂੰ ਸਵੀਕਾਰ ਕਰਦਾ ਹੈ ਨਿਸ਼ਚਿਤ ਹੀ ਉਹ ਖ਼ੁਦ ਨੂੰ ਇੱਕ ਸੰਸਥਾ ਜਾਂ ਸੰਗਠਨ ਵਿੱਚ ਤਬਦੀਲ ਕਰ ਲੈਂਦਾ ਹੈ। ਵਿਨੇਜ਼ੁਅਲਾ ਦੇ ਕ੍ਰਾਂਤੀਕਾਰੀਆਂ ਦੇ ਪ੍ਰਤੀ ਮੇਰੀ ਸੰਵੇਦਨਾ ਇੱਕ ਤਰ੍ਹਾਂ ਮੇਰੀ ਆਪਣੀ ਪ੍ਰਤੀਬੱਧਤਾ ਹੈ, ਪਰ ਜੇਕਰ ਮੈਂ ਨੋਬੇਲ ਪੁਰਸਕਾਰ ਵਿਜੇਤਾ ਜਯਾਂ ਪਾਲ ਸਾਰਤਰ ਦੀ ਹੈਸੀਅਤ ਦੇ ਵਿਨੇਜੁਅਲਾ ਦੇ ਰੋਹ ਨੂੰ ਦੇਖਦਾ ਹਾਂ, ਤਾਂ ਇੱਕ ਤਰ੍ਹਾਂ ਇਹ ਪ੍ਰਤੀਬੱਧਤਾ ਇੱਕ ਪੂਰੀ ਸੰਸਥਾ ਵੱਲੋਂ ਹੈ। ਇੱਕ ਲੇਖਕ ਨੂੰ ਇਸ ਤਰ੍ਹਾਂ ਦੇ ਰੂਪਾਂਤਰਨ ਦਾ ਵਿਰੋਧ ਕਰਨਾ ਚਾਹੀਦਾ ਹੈ। ਭਾਵੇਂ ਇਹ ਬਹੁਤ ਸਨਮਾਨਜਨਕ ਹਾਲਤਾਂ ਵਿੱਚ ਹੀ ਕਿਉਂ ਨਾ ਵਾਪਰ ਰਿਹਾ ਹੋਵੇ, ਜਿਵੇਂ ਕਿ ਅੱਜ-ਕੱਲ੍ਹ ਹੋ ਰਿਹਾ ਹੈ। ਇਹ ਬਿਲਕੁਲ ਮੇਰਾ

ਆਪਣਾ ਤੌਰ ਤਰੀਕਾ ਹੈ। ਇਸ ਵਿੱਚ ਹੋਰ ਜੇਤੂਆਂ ਨੂੰ ਲੈ ਕੇ ਕਿਸੇ ਵੀ ਤਰ੍ਹਾਂ ਦਾ ਨਿੰਦਾ ਦਾ ਭਾਵ ਨਹੀਂ ਹੈ। ਅਜਿਹੇ ਕਈ ਸਨਮਾਨਯੋਗ ਲੋਕਾਂ ਨਾਲ ਮੇਰੀ ਜਾਣ-ਪਛਾਣ ਹੈ ਤੇ ਮੈਂ ਉਨ੍ਹਾਂ ਨੂੰ ਇੱਜ਼ਤ ਅਤੇ ਪ੍ਰਸ਼ੰਸਾ ਨਾਲ ਦੇਖਦਾ ਹਾਂ।

ਕੁੱਝ ਕਾਰਨਾਂ ਦਾ ਸੰਬੰਧ ਸਿੱਧਾ ਮੇਰੇ ਉਦੇਸ਼ਾਂ ਨਾਲ ਜੁੜਿਆ ਹੈ ਜਿਵੇਂ ਸਭਿਆਚਾਰਕ ਮੋਰਚੇ ’ਤੇ ਸਿਰਫ਼ ਇੱਕ ਹੀ ਤਰ੍ਹਾਂ ਦੀ ਲੜਾਈ ਅੱਜ ਸੰਭਵ ਹੈ। ਦੋ ਸਭਿਆਚਾਰਾਂ ਦੇ ਸ਼ਾਂਤੀ ਨਾਲ ਮਿਲ ਕੇ ਰਹਿਣ ਦੀ ਲੜਾਈ, ਇਕ ਪਾਸੇ ਪੂਰਬ ਹੈ ਦੂਜੇ ਪਾਸੇ ਪੱਛਮ। ਮੈਂ ਚੰਗੀ ਤਰ੍ਹਾਂ ਜਾਣਦਾ ਹਾਂ ਕਿ ਦੋਵੇਂ ਸਭਿਆਚਾਰ ਆਹਮਣੇ-ਸਾਹਮਣੇ ਖੜ੍ਹੇ ਹਨ ਤੇ ਇੱਕ ਦੂਜੇ ਦੇ ਵਿਰੋਧੀ ਹਨ। ਇਹ ਝਗੜਾ ਵਿਅਕਤੀਆਂ ਜਾਂ ਸਭਿਆਚਾਰਾਂ ਦੇ ਵਿਚਕਾਰ ਹੈ ਤੇ ਸੰਸਥਾਵਾਂ ਦਾ ਇਸ ਵਿੱਚ ਕੋਈ ਦਖਲ ਨਹੀਂ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਮੇਰੀ ਸਾਰੀ ਹਮਦਰਦੀ ਸਮਾਜਵਾਦ ਨਾਲ ਹੈ ਅਤੇ ਇਸ ਨੂੰ ‘ਪੂਰਬੀ ਬਲਾਕ’ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਪਰ ਮੇਰਾ ਜਨਮ ਤੇ ਪਰਵਰਿਸ਼ ‘ਬੁਰਜੂਆ ਪਰਿਵਾਰ ਅਤੇ ਸਭਿਆਚਾਰ’ ਵਿੱਚ ਹੋਈ ਹੈ। ਇਹ ਸਭ ਹਾਲਾਤ ਮੈਨੂੰ ਇਸ ਗੱਲ ਦੀ ਇਜ਼ਾਜਤ ਦਿੰਦੇ ਨੇ ਕਿ ਮੈਂ ਦੋਨਾਂ ਸਭਿਆਚਾਰਾਂ ਨੂੰ ਨੇੜੇ ਲਿਆਉਣ ਦੀ ਕੋਸ਼ਿਸ਼ ਕਰ ਸਕਾਂ। ਫਿਰ ਵੀ ਮੈਂ ਉਮੀਦ ਕਰਦਾ ਹਾਂ ਕਿ ਜੋ ਵੀ ਸਭ ਤੋਂ ਵਧੀਆ ਹੋਵੇਗਾ ਉਹ ਜਿੱਤੇਗਾ, ਉਹ ਹੈ-ਸਮਾਜਵਾਦ।

ਇਸ ਲਈ ਮੈਂ ਅਜਿਹੇ ਸਨਮਾਨ ਨੂੰ ਸਵੀਕਾਰ ਨਹੀਂ ਕਰ ਸਕਦਾ, ਜੋ ਸਭਿਆਚਾਰਕ ਉੱਚ ਵਰਗ ਦੇ ਜ਼ਰੀਏ ਮੈਨੂੰ ਮਿਲ ਰਿਹਾ ਹੋਵੇ। ਉਹ ਚਾਹੇ ਪੱਛਮ ਦੇ ਬਦਲੇ ਪੂਰਬ ਵੱਲੋਂ ਹੀ ਕਿਉਂ ਨਾ ਦਿੱਤਾ ਗਿਆ ਹੋਵੇ। ਚਾਹੇ ਮੇਰੀਆਂ ਸੰਵੇਦਨਾਵਾਂ ਦੋਹਾਂ ਦੀ ਹੋਂਦ ਲਈ ਹੀ ਕਿਉਂ ਨਾ ਪੂਰੀ ਤਰ੍ਹਾਂ ਫ਼ਿਕਰਮੰਦ ਹੋਣ, ਜਦੋਂ ਕਿ ਮੇਰੀ ਸਾਰੀ ਹਮਦਰਦੀ ‘ਸਮਾਜਵਾਦ’ ਨਾਲ ਹੈ। ਜੇਕਰ ਕੋਈ ਮੈਨੂੰ ‘ਲੈਨਿਨ ਪੁਰਸਕਾਰ’ ਵੀ ਦਿੰਦਾ ਤਾਂ ਵੀ ਮੇਰੀ ਇਹੀ ਧਾਰਨਾ ਰਹਿੰਦੀ ਤੇ ਮੈਂ ਇਨਕਾਰ ਕਰਦਾ ਜਦੋਂ ਕਿ ਦੋਵੇਂ ਗੱਲਾਂ ਬਿਲਕੁਲ ਅਲਗ-ਅਲਗ ਹਨ।

ਮੈਂ ਇਸ ਗੱਲ ਨਾਲ ਵਾਕਫ਼ ਹਾਂ ਕਿ ਨੋਬੇਲ ਪੁਰਸਕਾਰ ਪੱਛਮੀ ਖੇਮੇ ਦਾ ਸਾਹਿਤਕ ਪੁਰਸਕਾਰ ਨਹੀਂ ਹੈ ਪਰ ਮੈਂ ਇਹ ਜਾਣਦਾ ਹਾਂ ਕਿ ਇਸ ਨੂੰ ਕੌਣ ਮਹੱਤਵਪੂਰਨ ਬਣਾ ਰਿਹਾ ਹੈ ਅਤੇ ਕਿਹੜੀਆਂ ‘ਵਾਰਦਾਤਾਂ’ ਸਵੀਡਿਸ ਅਕਾਦਮੀ ਦੇ ਕਾਰਜ ਖੇਤਰ ਤੋਂ ਬਾਹਰ ਹਨ ਤੇ ਇਸ ਨੂੰ ਲੈ ਕੇ ਵਾਪਰ ਰਹੀਆਂ ਹਨ। ਇਸ ਲਈ ਮੌਜੂਦਾ ਹਾਲਤਾਂ ਵਿੱਚ ਇਹ ਯਕੀਨੀ ਹੋ ਜਾਂਦਾ ਹੈ ਕਿ ਨੋਬੇਲ ਪੁਰਸਕਾਰ ਪੂਰਬ ਅਤੇ ਪੱਛਮ ਵਿੱਚ ਤਰੇੜ ਪੈਦਾ ਕਰਨ ਲਈ ਜਾਂ ਪੱਛਮ ਦੇ ਲੇਖਕਾਂ ਨੂੰ ਥਾਪੀ ਦੇਣ ਲਈ ਦਿੱਤਾ ਜਾ ਰਿਹਾ ਹੈ ਜਾਂ ਫਿਰ ਪੂਰਬ ਦੇ ਵਿਰੋਧੀ ਲੇਖਕਾਂ ਲਈ ਰਾਖਵਾਂ ਹੈ। ਜਿਵੇਂ ਇਹ ‘ਨੇਰੂਦਾ’ ਨੂੰ ਕਿਉ ਨਹੀਂ ਦਿੱਤਾ ਗਿਆ, ਜੋ ਦੱਖਣੀ ਅਮਰੀਕਾ ਦੇ ਮਹਾਨ ਕਵੀਆਂ ਵਿੱਚੋਂ ਇੱਕ ਹੈ। ਕੋਈ ਇਸ ’ਤੇ ਗੰਭੀਰਤਾ ਨਾਲ ਨਹੀਂ ਸੋਚੇਗਾ ਕਿ ਇਸ ਨੂੰ ‘ਲੂਈ ਆਰਮੋਨ’ ਨੂੰ ਕਿਉਂ ਨਹੀਂ ਦਿੱਤਾ ਜਾਣਾ ਚਾਹੀਦਾ ਜਦੋ ਕਿ ਉਹ ਇਸ ਦੇ ਹੱਕਦਾਰ ਹਨ। ਇਹ ਅਫਸੋਸਜਨਕ ਹੈ ਕਿ ਸੋਲਕੋਵ ਦੀ ਥਾਂ ਪਾਸਟਰਨੋਕ ਨੂੰ ਸਨਮਾਨਤ ਕੀਤਾ ਗਿਆ ਜੋ ਇਕੱਲੇ ਰੂਸੀ ਲੇਖਕ ਨੇ, ਜਿਨ੍ਹਾਂ ਦਾ ਕੰਮ ਵਿਦੇਸ਼ਾਂ ਵਿੱਚ ਸਨਮਾਨਤ ਹੋਇਆ, ਜਦੋਂ ਕਿ ਆਪਣੇ ਹੀ ਮੁਲਕ ਵਿੱਚ ਉਹ ਬੈਨ ਕਰ ਦਿੱਤਾ ਗਿਆ।

ਦੂਸਰੀ ਤਰ੍ਹਾਂ ਵੀ ਸੰਤੁਲਿਨ ਸਥਾਪਿਤ ਹੋ ਸਕਦਾ ਸੀ। ਅਲਜੀਰੀਆ ਦੇ ਮੁਕਤੀ ਸੰਗਰਾਮ ਵਿੱਚ ਜਦੋਂ ਅਸੀਂ ਸਾਰੇ ‘121 ਘੋਸ਼ਣਾ ਪੱਤਰ’ ’ਤੇ ਹਸਤਾਖਰ ਕਰ ਰਹੇ ਸੀ ਉਦੋਂ ਜੇਕਰ ਇਹ ਸਨਮਾਨ ਮੈਨੂੰ ਮਿਲਦਾ ਤਾਂ ਮੈਂ ਇਸ ਨੂੰ ਸਿਰ ਨਿਵਾ ਕੇ ਮਨਜ਼ੂਰ ਕਰ ਲੈਂਦਾ, ਕਿਉਂਕਿ ਉਹ ਮੇਰੇ ਪ੍ਰਤੀ ਸਨਮਾਨ ਨਾ ਹੋ ਕੇ ਪੂਰੇ ਮੁਕਤੀ ਸੰਗਰਾਮ ਪ੍ਰਤੀ ਸਨਮਾਨ ਹੁੰਦਾ, ਜੋ ਉਨ੍ਹਾਂ ਦਿਨਾਂ ਵਿੱਚ ਲੜਿਆ ਜਾ ਰਿਹਾ ਸੀ, ਪਰ ਚੀਜਾਂ ਇਸ ਦਿਸ਼ਾ ਵਿੱਚ, ਇਸ ਤਰ੍ਹਾਂ ਨਹੀਂ ਵਾਪਰੀਆਂ।

ਆਪਣੇ ਉਦੇਸ਼ਾਂ ’ਤੇ ਚਰਚਾ ਕਰਨ ਵਕਤ ਸਵੀਡਿਸ ਅਕਾਦਮੀ ਨੂੰ ਘੱਟ ਤੋਂ ਘੱਟ ਸ਼ਬਦਾਂ ਵਿੱਚ ਜ਼ਿਕਰ ਤਾਂ ਕਰਨਾ ਚਾਹੀਦਾ ਹੈ, ਜਿਸ ਨੂੰ ਅਸੀਂ ਆਜ਼ਾਦੀ ਕਹਿੰਦੇ ਹਾਂ। ਉਸ ਦੇ ਕਈ ਤਰਜਮੇ ਹਨ। ਪੱਛਮ ਵਿੱਚ ਇਸ ਦਾ ਅਰਥ ਆਮ ਨਿੱਜੀ ਆਜ਼ਾਦੀ ਤੱਕ ਸੀਮਤ ਹੈ, ਜੋ ਕਿ ਐਸੀ ਆਜ਼ਾਦੀ ਹੈ ਜਿਸ ਵਿੱਚ ਤੁਹਾਨੂੰ ਇਕ ਜੋੜੀ ਜੁੱਤੇ ਤੋਂ ਵੱਧ ਪਹਿਨਣ ਅਤੇ ਦੂਸਰੇ ਦੀ ਭੁੱਖ ਹੜੱਪ ਜਾਣ ਦਾ ਹੱਕ ਹੈ। ਤੇ ਮੈਨੂੰ ਜਾਪਿਆ ਕਿ ਸਨਮਾਨ ਨੂੰ ਇਨਕਾਰ ਕਰਨਾ ਘੱਟ ਖਤਰਨਾਕ ਹੈ, ਬਜਾਏ ਇਸ ਨੂੰ ਹਾਸਲ ਕਰਨ ਦੇ। ਜੇਕਰ ਮੈਂ ਮਨਜ਼ੂਰ ਕਰ ਲੈਂਦਾ, ਮੈਨੂੰ ਖ਼ੁਦ ਨੂੰ ਉਦੇਸ਼ਾਂ ਪ੍ਰਤੀ ਮੁੜ ਵਿਚਾਰਨ ਵਾਸਤੇ ਲਾਉਣਾ ਪੈਂਦਾ। “ਫਿਗਾਕੋ ਲਿਟਰੇਰੀਆ” ਵਿੱਚ ਛਪੇ ਲੇਖ ਮੁਤਾਬਕ ‘ਕਿਸੇ ਤਰ੍ਹਾਂ ਦੇ ਵਿਵਾਦਤ ਰਾਜਨੀਤਕ ਪਿਛੋਕੜ ਨਾਲ ਨਹੀਂ ਜੁੜਿਆ ਸੀ।’ ਲੇਖਕ ਦਾ ਮੰਤਵ ਅਕਾਦਮੀ ਦਾ ਮੰਤਵ ਨਹੀਂ ਹੈ ਤੇ ਮੈਂ ਇਹ ਜਾਣਦਾ ਸੀ ਕਿ ਸੱਜੇ ਪੱਖੀਆਂ ਨੇ ਮੇਰੇ ਨਾਂ ਦੀ ਮੰਜ਼ੂਰੀ ਲਈ ਕਿਵੇਂ ਹਾਮੀ ਭਰੀ। ਮੈਂ ਵਿਵਾਦਤ ਰਾਜਨੀਤਕ ਪਿਛੋਕੜ ਨੂੰ ਅੱਜ ਵੀ ਜ਼ਾਇਜ ਸਮਝਦਾ ਹਾਂ, ਮੈਂ ਇਸ ਗੱਲ ਲਈ ਵੀ ਤਿਆਰ ਹਾਂ ਕਿ ਪਿਛੋਕੜ ਵਿੱਚ ਮੇਰੇ ਕਾਮਰੇਡ ਦੋਸਤਾਂ ਵਿੱਚੋਂ ਕੋਈ ਗਲਤੀ ਹੋਈ ਹੈ ਤਾਂ ਮੈਂ ਬੇਝਿਜਕ ਕਬੂਲਣ ਨੂੰ ਤਿਆਰ ਹਾਂ।

ਅੰਤ ਵਿੱਚ ਮੈਂ ਇਸ ਵਿੱਚ ਮਿਲਣ ਵਾਲੀ ਰਾਸ਼ੀ ਦੇ ਸਵਾਲ ’ਤੇ ਗੱਲ ਕਰਾਂਗਾ। **ਬਾਕੀ ਪੰਨਾ 26 ’ਤੇ**

ਚੰਨ ਤਾਰੇ

ਅਵਨੀਤ ਕੌਰ

ਉਹ ਕਾਲਿਜ ਵਿੱਚ ਮੇਰਾ ਪਹਿਲਾ ਸਾਲ ਸੀ। ਖ਼ਾਲੀ ਪੀਰੀਅਡ ਮੈਂ ਲਾਇਬਰੇਰੀ ਜਾ ਬੈਠਦੀ। ਉੱਥੇ ਸੀਰਤ ਮੈਨੂੰ ਅਕਸਰ ਮਿਲਦੀ। ਹੱਥ ਵਿੱਚ ਪੁਸਤਕ, ਚਿਹਰੇ 'ਤੇ ਸਕੂਨ। ਪੁਸਤਕਾਂ ਪੜ੍ਹਨ ਦੀ ਰੁਚੀ ਨੇ ਉਸ ਨਾਲ ਬੋਲਾਂ ਦੀ ਸਾਂਝ ਬਣਾਈ। ਉਸ ਦੀਆਂ ਗੱਲਾਂ ਵਿੱਚ ਸਿਆਣਪ ਦਾ ਰੰਗ ਹੁੰਦਾ। ਉਹ ਅਕਸਰ ਹੀ ਤਰਕਸ਼ੀਲ ਅੰਕਲ ਦਾ ਜ਼ਿਕਰ ਕਰਦੀ। ਪੁੱਛਣ 'ਤੇ ਉਹ ਦਸਦੀ, ਸਾਡੇ ਆਪਣੇ ਹਨ ਬੱਸ। ਕੋਈ ਮੁਸ਼ਕਲ ਹੋਵੇ ਤਾਂ ਹੱਲ ਲਈ ਰਾਹ ਪਾ ਦਿੰਦੇ ਹਨ। ਆਹ ਪੁਸਤਕਾਂ ਨਾਲ ਦੋਸਤੀ ਦਾ ਗੁਣ ਉਹਨਾਂ ਦੀ ਹੀ ਦੇਣ ਹੈ। ਜੇ ਉਹ ਨਾ ਮਿਲਦੇ ਤਾਂ ਸ਼ਾਇਦ ਮੈਂ ਏਥੇ ਨਾ ਹੁੰਦੀ।

ਮੈਂ ਮਨ ਹੀ ਮਨ ਸੋਚਦੀ। ਅੱਜ ਦੇ ਮਤਲਬੀ ਜ਼ਮਾਨੇ ਵਿੱਚ ਸੀਰਤ ਕਿਹੜੇ ਅੰਕਲ ਦੀ ਗੱਲ ਕਰਦੀ ਹੈ। ਬਹੁਤੇ ਲ਼ੋਕ ਤਾਂ ਆਪਣੇ ਕੰਮ ਨਾਲ ਮਤਲਬ ਰੱਖਦੇ ਹਨ। ਆਪਣੇ ਲਈ ਜਿਉਂਦੇ ਹਨ। ਮਾਂ ਬਾਪ ਤੇ ਨੇੜਲੇ ਰਿਸ਼ਤੇਦਾਰਾਂ ਨੂੰ ਆਪਣੇ ਬਾਲ ਬੱਚਿਆਂ ਦਾ ਫਿਕਰ ਜਰੂਰ ਹੁੰਦਾ ਹੈ। ਸੀਰਤ ਨੂੰ ਹੋਰਾਂ ਦਾ ਭਲਾ ਸੋਚਣ ਵਾਲ਼ੇ ਅੰਕਲ ਕਿੱਧਰੋਂ ਲੱਭ ਗਏ ਭਲਾ ?

ਮੈਂ ਇੱਕ ਦੋ ਵਾਰ ਇਸ ਬਾਰੇ ਪੁੱਛਿਆ ਵੀ ਪਰ ਆਖਦੀ ਵਿਹਲੇ ਸਮੇਂ ਬਹਿ ਕੇ ਦੱਸਾਂਗੀ ਸਾਰੀ ਕਹਾਣੀ।

ਆਖਰ ਉਹ ਦਿਨ ਵੀ ਆ ਗਿਆ। ਉਸਨੇ ਆਪਣੀ ਗਾਥਾ ਸੁਣਾਉਣੀ ਸ਼ੁਰੂ ਕੀਤੀ। ਮੈਂ ਛੋਟੇ ਕਿਸਾਨ ਦੀ ਧੀ ਹਾਂ। ਸਾਡੀ ਗੁਜ਼ਰੇ ਜੋਗੀ ਜ਼ਮੀਨ ਹੈ। ਬਚਪਨ ਤੋਂ ਹੀ ਮੈਂ ਆਪਣੇ ਘਰ ਤੰਗੀਆਂ ਤੁਰਸ਼ੀਆਂ ਵੇਖਦੀ ਆ ਰਹੀ ਹਾਂ। ਪਾਪਾ ਖੇਤਾਂ ਵਿੱਚ ਸਖਤ ਮਿਹਨਤ ਕਰਦੇ ਹਨ। ਫ਼ਿਰ ਵੀ ਘਰ ਦੀਆਂ ਲੋੜਾਂ ਮਸਾਂ ਪੂਰੀਆਂ ਹੁੰਦੀਆਂ। ਕੋਈ ਖੁਸ਼ੀ ਦਾ ਮੌਕਾ ਆਉਂਦਾ ਤਾਂ ਸਾਨੂੰ ਭੈਣ ਭਰਾਵਾਂ ਨੂੰ ਚਾਅ ਚੜ੍ਹ ਜਾਂਦਾ। ਪਾਪਾ ਲਈ ਹੋਣ ਵਾਲੇ ਖ਼ਰਚ ਦੀ ਮੁਸ਼ਕਲ ਆ ਖੜ੍ਹਦੀ। ਉਹ ਲਗਾਤਾਰ ਸਿਰ ਚੜ੍ਹ ਰਹੇ ਕਰਜ਼ੇ ਤੋਂ ਪ੍ਰੇਸ਼ਾਨ ਰਹਿੰਦੇ। ਆਖਦੇ, ਜੇ ਜ਼ਮੀਨ ਵਿਕ ਗਈ ਤਾਂ ਜੀਵਾਂਗੇ ਕੀਹਦੇ ਆਸਰੇ ? ਮਾਂ ਪਾਪਾ ਨਾਲ ਸਹਿਮਤ ਤਾਂ ਹੁੰਦੀ ਪਰ ਨੱਕ ਨਮੂਜ ਦਾ ਵਧੇਰੇ ਖਿਆਲ ਰੱਖਦੀ।

ਇੱਕ ਸਾਲ ਖੇਤ ਵਿੱਚ ਫ਼ਸਲ ਘੱਟ ਹੋਈ। ਮਾਮੇ ਦੇ ਮੁੰਡੇ ਦਾ ਵਿਆਹ ਸਿਰ 'ਤੇ ਸੀ। ਮਾਂ ਵਿਆਹ ਵਿੱਚ ਗੱਜ ਵੱਜ ਕੇ ਜਾਣਾ ਲੋਚਦੀ ਸੀ। ਪਾਪਾ ਜੀ ਨੂੰ ਬੈਂਕ ਦੀ ਲਿਮਟ ਵਾਲੀ ਰਕਮ ਦੇ ਪੈਸੇ ਵਿਆਹ 'ਤੇ ਖ਼ਰਚ ਦਿੱਤੇ। ਮਾਂ ਨੇ ਆਪਣੇ ਪੇਕਿਆਂ ਘਰੇ ਆਪਣੀ ਸਰਦਾਰੀ ਤਾਂ ਵਿਖਾ ਦਿੱਤੀ ਪਰ ਘਰ ਦੀ ਬੇੜੀ ਡਾਵਾਂ ਡੋਲ ਹੋ ਗਈ। ਬੈਂਕ ਵਾਲੇ ਲਿਮਟ ਭਰਨ ਲਈ ਸਤਾਉਣ ਲੱਗੇ। ਆਰਥਿਕ ਤੰਗੀ ਕਾਰਣ ਘਰ ਦੇ ਮਾਹੌਲ ਵਿੱਚ ਤਲਖ਼ੀ ਆਉਣ ਲੱਗੀ। ਨੋਕ ਝੋਕ ਲੜਾਈ ਵਿੱਚ ਬਦਲਣ ਲੱਗੀ। ਪੈਸਿਆਂ ਦੀ ਤੰਗੀ ਕਰਕੇ ਵੱਡੀ ਭੈਣ ਨੂੰ ਪੜ੍ਹਾਈ ਵਿੱਚੇ ਛੱਡਣੀ ਪਈ। ਪਾਪਾ ਤੇ ਮਾਂ ਵਿਚਾਲੇ ਨਿੱਤ ਰੋਜ਼ ਹੁੰਦੀ ਬਹਿਸ ਝਗੜੇ ਵਿੱਚ ਤਬਦੀਲ ਹੋਣ ਲਗਦੀ। ਅਜਿਹੇ ਮਾਹੌਲ ਦੇ ਚਲਦਿਆਂ ਇੱਕ ਦਿਨ ਮਾਂ ਅਚਾਨਕ ਬੇਹੋਸ਼ ਹੋ ਗਈ। ਫ਼ਿਰ ਇਹ ਬੇਹੋਸ਼ੀ ਨਿੱਤ ਦਿਨ ਦੇ ਦੌਰਿਆਂ ਵਿੱਚ ਬਦਲ ਗਈ। ਡਾਕਟਰੀ ਇਲਾਜ ਕਰਵਾਇਆ। ਟੈਸਟਾਂ ਵਿੱਚ ਕੋਈ ਬਿਮਾਰੀ ਨਹੀਂ ਆਈ।

ਮਜਬੂਰੀ ਵੱਸ ਚੇਲਿਆਂ ਕੋਲ ਜਾਣਾ ਪਿਆ। ਅਸੀਂ ਮਾਂ ਦੇ ਇਲਾਜ ਲਈ ਚੌਂਕੀਆਂ 'ਤੇ ਰੁਲਣ ਲੱਗੇ। ਉਹ ਆਖਦੇ, ਇਸਨੂੰ ਵੱਡੇ ਵਡੇਰਿਆਂ ਦੀ ਔਹਰ ਹੈ। ਉਹ ਆਪਣੀ ਮਨਤਾ ਮੰਗਦੇ ਹਨ। ਵਡੇਰਿਆਂ ਦੀਆਂ ਮਨਤਾਵਾਂ ਪੂਰੀਆਂ ਕਰਦਿਆਂ ਪੈਸਾ ਪਾਣੀ ਵਾਂਗ ਵਹਿਣ ਲੱਗਾ। ਕਿਸੇ ਰਿਸ਼ਤੇਦਾਰ ਨੇ ਪੈਸੇ ਟਕੇ ਪੱਖੋਂ ਮੱਦਦ ਨਾ ਕੀਤੀ। ਮੁਸ਼ਕਲਾਂ ਸਿਰ ਆ ਚੜ੍ਹੀਆਂ। ਬੈਂਕ ਦੇ ਕਰਜ਼ੇ ਦੀਆਂ ਕਿਸ਼ਤਾਂ ਜੁੜਨ ਲੱਗੀਆਂ। ਇਸ ਔਖੇ ਸਮੇਂ ਪਾਪਾ ਜੀ ਨੇ ਸ਼ਰਾਬ ਦਾ ਸਹਾਰਾ ਤੱਕ ਲਿਆ। ਉਹ ਦੇਰ ਰਾਤ ਪੀ ਕੇ ਘਰ ਮੁੜਦੇ ਤਾਂ ਮਾਂ ਬੋਲਦੀ। ਮਾਂ ਦੀ ਹਾਲਤ ਸੁਧਰਨ ਦੀ ਬਜਾਏ ਵਿਗੜਦੀ ਗਈ। ਰਾਤ ਨੂੰ ਉੱਠ ਕੇ ਬੈਠ ਜਾਂਦੀ, ਰੋਣ ਲਗਦੀ। ਉਹਨਾਂ ਨੂੰ ਠੀਕ ਕਰਨ ਦੇ ਸਾਡੇ ਯਤਨ ਸਫਲ ਨਾ ਹੋਏ। ਕੋਈ ਰਾਹ ਨਹੀਂ ਸੀ ਨਜ਼ਰ ਆ ਰਿਹਾ। ਘਰ ਉਜੜਨ ਕਿਨਾਰੇ ਹੀ ਸੀ। ਪਾਪਾ ਨੂੰ ਪਿੰਡ ਦੇ ਇੱਕ ਭਲੇ ਬੰਦੇ ਨੇ ਤਰਕਸ਼ੀਲ ਕੇਂਦਰ ਦੀ ਦੱਸ ਪਾਈ। ਆਖਿਆ, ਉੱਥੇ ਗਏ ਤਾਂ ਠੀਕ ਹੋ ਕੇ ਪਰਤੋਗੇ।

ਛੁੱਟੀ ਵਾਲੇ ਦਿਨ ਉਹ ਤਿੰਨ ਜਣੇ ਸਾਡੇ ਘਰ ਆਏ। ਅਸੀਂ ਵੇਖ ਕੇ ਹੈਰਾਨ ਸਾਂ। ਉਹ ਸਾਡੇ ਵਰਗੇ ਹੀ ਸਨ, ਸਾਦ ਮੁਰਾਦੇ। ਮੈਂ ਸੋਚਿਆ, ਉਹ ਮਾਂ ਦਾ ਇਲਾਜ ਕਿਵੇਂ ਕਰਨਗੇ ? ਉਹਨਾਂ ਕੋਲ ਕੋਈ ਭੂਤ ਪ੍ਰੇਤ ਕੱਢਣ ਦਾ ਕੋਈ ਸਮਾਨ ਵਗੈਰਾ ਵੀ ਨਹੀਂ ਸੀ। ਚਾਹ ਪਾਣੀ ਪੀ ਉਹਨਾਂ ਸਾਰਿਆਂ ਨਾਲ ਗੱਲਬਾਤ ਚਲਾਈ। ਸਾਥੋਂ ਤਿੰਨੇ ਭੈਣ ਭਰਾਵਾਂ ਤੋਂ ਘਰੇ ਵਾਪਰੀ ਨਿੱਕੀ ਨਿੱਕੀ ਗੱਲ ਪੁੱਛੀ। ਮਾਂ ਤੇ ਪਾਪਾ ਜੀ ਨਾਲ ਕਈ ਘੰਟੇ

ਬੈਠੇ ਰਹੇ। ਹਰੇਕ ਦੀ ਗੱਲ ਨੂੰ ਧਿਆਨ ਨਾਲ ਸੁਣਦੇ। ਆਪਸ ਵਿੱਚ ਬੈਠ ਵਿਚਾਰਦੇ। ਸਾਰਿਆਂ ਤੋਂ ਪੁੱਛ ਪੜਤਾਲ ਕਰ ਉਹ ਘੰਟਾ ਭਰ ਆਪਸ ਵਿੱਚ ਚਰਚਾ ਕਰਦੇ ਰਹੇ।

ਫਿਰ ਮੈਨੂੰ ਤੇ ਪਾਪਾ ਨੂੰ ਕੋਲ ਬਿਠਾ ਕੇ ਮਾਂ ਨੂੰ ਨੀਂਦ ਲਈ ਕੁਝ ਸੁਝਾਅ ਦਿੱਤੇ। ਉਨ੍ਹਾਂ ਆਪਣੇ ਢੰਗ ਤਰੀਕੇ ਨਾਲ ਮਾਂ ਦੇ ਮਨ ਵਿੱਚ ਕੁਝ ਗੱਲਾਂ ਬਿਠਾਈਆਂ। ਜਾਂਦੇ ਵਕਤ ਚਾਹ ਪੀਂਦਿਆਂ ਸਾਨੂੰ ਸਾਰਿਆਂ ਨੂੰ ਇੱਕ ਦੂਸਰੇ ਨਾਲ ਸਹਿਯੋਗ ਕਰਨ ਲਈ ਆਖਿਆ। ਸਾਡੇ ਘਰ ਪਏ ਸਾਰੇ ਧਾਗੇ, ਤਵੀਤ, ਟੂਣੇ ਚੁੱਕ ਕੇ ਨਾਲ ਲੈ ਗਏ। ਪੜ੍ਹਨ ਲਈ ਪੁਸਤਕਾਂ ਦਾ ਸੈੱਟ ਤੇ ਮੈਗਜ਼ੀਨ ਦੇ ਗਏ। ਸਭ ਤੋਂ ਪਹਿਲਾਂ ਪਾਪਾ ਨੇ ਉਨ੍ਹਾਂ ਦੇ ਸੁਝਾਵਾਂ ’ਤੇ ਅਮਲ ਸ਼ੁਰੂ ਕੀਤਾ। ਉਹ ਸ਼ਰਾਬ ਤੋਂ ਦੂਰ ਹੋਣ ਲੱਗੇ। ਮਹੀਨੇ ਭਰ ਵਿੱਚ ਉਨ੍ਹਾਂ ਸ਼ਰਾਬ ਪੀਣੀ ਬੰਦ ਕਰ ਦਿੱਤੀ।

ਇਹ ਵੇਖ ਮਾਂ ਦਾ ਮਨ ਵੀ ਬਦਲਿਆ। ਉਨ੍ਹਾਂ ਆਪਣਾ ਵਰਤ ਵਿਹਾਰ ਬਦਲਣਾ ਸ਼ੁਰੂ ਕੀਤਾ। ਕੁਝ ਹੀ ਦਿਨਾਂ ਵਿੱਚ ਮਾਹੌਲ ਬਦਲਣ ਲੱਗਾ। ਦੋ ਕੁ ਮਹੀਨਿਆਂ ਵਿੱਚ ਖੁਸ਼ੀ ਘਰੇ ਦਸਤਕ ਦੇਣ ਲੱਗੀ। ਮਾਂ ਦੇ ਦੌਰੇ ਬੰਦ ਹੋ ਗਏ। ਰੋਣ ਧੋਣ ਵੀ ਨਾਲ ਹੀ ਮੁੱਕ ਗਿਆ। ਮਾਂ ਨੇ ਆਪਣਾ ਧਿਆਨ ਘਰ ਦੇ ਕੰਮਾਂ ਵੱਲ ਮੋੜ ਲਿਆ। ਦੁੱਧ ਦਾ ਕੰਮ ਸ਼ੁਰੂ ਕਰਨ ਲਈ ਪਾਪਾ ਦੋ ਮੱਝਾਂ ਹੋਰ ਖਰੀਦ ਲਿਆਏ। ਮਾਂ ਤੇ ਵੱਡੀ ਭੈਣ ਨੇ ਮੱਝਾਂ ਦੀ ਸਾਂਭ ਸੰਭਾਲ ਦਾ ਕੰਮ ਹੱਥ ਲੈ ਲਿਆ। ਅਸੀਂ ਸਾਰੇ ਮਿਲ ਕੇ ਕੰਮ ਕਰਦੇ। ਰਲ ਮਿਲ ਬਹਿੰਦੇ। ਘਰ ਦੀ ਸੁਧਰ ਰਹੀ ਹਾਲਤ ਤੋਂ ਰਾਹਤ ਮਹਿਸੂਸ ਕਰਦੇ। ਦੁੱਧ ਤੋਂ ਕਮਾਈ ਹੋਣ ਲੱਗੀ। ਖਰਚਿਆਂ ’ਤੇ ਕੰਟਰੋਲ ਹੋਇਆ ਤਾਂ ਸਾਲ ਵਿੱਚ ਹੀ ਘਰ ਪੈਰਾਂ ਸਿਰ ਹੋ ਗਿਆ।

ਪਾਪਾ ਅਕਸਰ ਆਖ਼ਦੇ, “ਆਪਾਂ ਤਰਕਸ਼ੀਲਾਂ ਅਨੁਸਾਰ ਚੱਲ ਕੇ ਹੀ ਸੁਖਾਲੇ ਹੋਏ ਹਾਂ। ਉਹਨਾਂ ਆਪਣੇ ਬਲਬੂਤੇ ਮੁਸ਼ਕਲਾਂ ਨਾਲ ਸਿੱਝਣ ਦਾ ਰਾਹ ਦੱਸਿਆ। ਉਨ੍ਹਾਂ ਸੁਝਾਅ ਦਿੱਤਾ, ਸੁਖ ਵਿੱਚ ਸੰਜਮ ਰੱਖਿਆ ਕਰੋ। ਦੁੱਖ ਵਿੱਚ ਹਿੰਮਤ ਨਾਲ ਰਹੋ। ਹਰ ਵਕਤ ਅਧਿਐਨ ਕਰਨ ਦੀ ਆਦਤ ਪਾਓ। ਉਨ੍ਹਾਂ ਦੇ ਸੁਝਾਵਾਂ ਤੇ ਆਪਣੀ ਮਿਹਨਤ, ਤਿਆਗ ਨਾਲ ਆਪਾਂ ਘਰ ਨੂੰ ਮੁੜ ਖੜ੍ਹਾ ਕੀਤਾ ਹੈ।” ਸੀਰਤ ਨੇ ਏਹਨਾਂ ਬੋਲਾਂ ਨਾਲ ਆਪਣੀ ਹੱਡ ਬੀਤੀ ਨੂੰ ਵਿਰਾਮ ਲਾਇਆ, ਉਨ੍ਹਾਂ ਤੋਂ ਮਿਲੀ ਪੜ੍ਹਨ, ਸੋਚਣ ਦੀ ਸਿੱਖਿਆ ਨੇ ਮੇਰੀ ਜ਼ਿੰਦਗੀ ਦਾ ਸਫਲਤਾ ਵਾਲਾ ਦਰ ਖੋਲ੍ਹਿਆ ਹੈ। ਹੁਣ ਅਸੀਂ ਖੁਸ਼ੀ ਤੇ ਸਕੂਨ ਵਾਲਾ ਚੰਗਾ ਜੀਵਨ ਜਿਉਂਦੇ ਹਾਂ। ਘਰ ਕਰਜ਼ੇ, ਝਗੜੇ ਤੇ ਭਰਮਾਂ ਤੋਂ ਮੁਕਤ ਹੋ ਗਿਆ ਹੈ। ਅਸੀਂ ਚੇਤਨਾ ਦਾ ਚਾਨਣ ਵੰਡਦੇ, ਸੁੱਤਿਆਂ ਨੂੰ ਜਗਾਉਂਦੇ ਤੇ ਭੁੱਲੇ ਭਟਕਿਆਂ ਨੂੰ ਰਾਹ ਪਾਉਂਦੇ ਕੇਂਦਰ ਵਾਲੇ ਤਰਕਸ਼ੀਲਾਂ ਦੀ ਦੇਣ ਕਿਵੇਂ ਭੁਲਾ ਸਕਦੇ ਹਾਂ, ਜਿੰਨ੍ਹਾਂ ਸਾਡੇ ਘਰ ਪਰਿਵਾਰ ਨੂੰ ਨਵੀਂ ਜ਼ਿੰਦਗੀ ਦਿੱਤੀ। ਮੇਰੀ ਨਜ਼ਰੇ ਹੋਰਾਂ ਲਈ ਜਿਉਣ ਵਾਲ਼ੇ, ਅਜਿਹੇ ਲੋਕ ਚੰਨ ਤਾਰਿਆਂ ਸਮਾਨ ਹਨ, ਜਿੰਨ੍ਹਾਂ ਦੇ ਅਮਲਾਂ ਦੀ ਰੌਸ਼ਨੀ ਹਨੇਰੇ ਘਰਾਂ ’ਤੇ ਚਾਨਣ ਦੀ ਦਸਤਕ ਦਿੰਦੀ ਹੈ।

15 ਏ, ਚੰਡੀਗੜ੍ਹ


ਚਾਨਣਾ ਮਿਟਾ ਦੇਣਾ ਸਦਾ ਲਈ ਹਨੇਰ ਵੀਰਿਆ।

ਗਿਆਨ ਦਾ ਮੰਦਰ ਛੱਡ
ਪੱਥਰ ਅਜਮਾਉਂਦਾ ਤੂੰ,
ਵਿੱਦਿਆ ਵਾਲਾ ਮੰਤਰ
ਕਿਉਂ ਨਾ ਧਿਆਉਂਦਾ ਤੂੰ,
ਫੜ੍ਹ ਚੇਤਨਾ ਦਾ ਪੱਲਾ
ਸੋਚ ਬਦਲੇਗੀ ਫੇਰ ਵੀਰਿਆ।
ਫੈਲੇ ਹੋਏ ਪਾਖੰਡਾਂ
ਤੇਰੀ ਸੋਚ ਲੁੱਟ ਲੈਣੀ,
ਪੀਰਾਂ ਦੇ ਚਿਰਾਗਾਂ
ਸਾਨੂੰ ਰੌਸ਼ਨੀ ਨਾ ਦੇਣੀ,
ਇੰਝ ਚੜ੍ਹਨੀ ਨਾ
ਸੁਰਖ ਸਵੇਰ ਵੀਰਿਆ।
ਚਾਨਣਾ ਮਿਟਾ ਦੇਣਾ
ਸਦਾ ਲਈ ਹਨੇਰ ਵੀਰਿਆ।
ਲੁੱਟ ਲੈਗੇ ਹੱਥੋਂ
ਸਾਡੇ ਕਿਰਤ ਦਾ ਮੁੱਲ,
ਹੱਕ ਦੀ ਆਵਾਜ਼
ਲਈ ਖੁੱਲ੍ਹਦੇ ਨਾ ਬੁੱਲ,
ਹੱਕ ਮੰਗਣੇ ਲਈ
ਕਾਹਤੋਂ ਲਾਈ ਦੇਰ ਵੀਰਿਆ।
ਚਾਨਣਾ ਮਿਟਾ ਦੇਣਾ
ਸਦਾ ਲਈ ਹਨੇਰ ਵੀਰਿਆ।
ਜੇ ਤੂੰ ਚਾਹੁੰਣਾ ਬੇੜੀਆਂ
ਗੁਲਾਮੀ ਦੀਆਂ ਕੱਟਣਾ,
ਛੱਡ ਟੇਵਿਆਂ ਤਵੀਤਾਂ
ਉੱਤੇ ਵਿਸ਼ਵਾਸ ਰੱਖਣਾ,
ਕਰ ਮਿਹਨਤਾਂ ਤੇ
ਬਣ ਜਾਹ ਦਲੇਰ ਵੀਰਿਆ।
ਚਾਨਣਾ ਮਿਟਾ ਦੇਣਾ
ਸਦਾ ਲਈ ਹਨੇਰ
ਵੀਰਿਆ।
ਡਰ ਮਜ਼ਬੂਰੀਆਂ ਤੂੰ
ਸਭ ਦਿਲੋਂ ਕੱਢ ਦੇ,
ਛੱਡ ਅੰਧਵਿਸ਼ਵਾਸ
ਜੂੜ ਲੇਖਾਂ ਵਾਲਾ ਵੱਢਦੇ,
ਛੱਡ ਕਿਸਮਤ ਵਾਲਾ
ਤੂੰ ਹੇਰ – ਫੇਰ ਵੀਰਿਆ।
ਚਾਨਣਾ ਮਿਟਾ ਦੇਣਾ
ਸਦਾ ਲਈ ਹਨੇਰ
ਵੀਰਿਆ।
ਵਿਦਿਆ ਦੀ ਦੇਵੀ
ਤੇਰਾ ਭਵਿੱਖ ਹੈ ਸੰਵਾਰਨਾ,
ਮੰਜ਼ਲ ਨੂੰ ਵਧ
ਨਹੀਂ ਦੁਨੀਆਂ ਤੋਂ ਹਾਰਨਾ,
ਰੂੜੀਵਾਦੀ ਰੀਤਾਂ ਵਾਲਾ
ਚੱਕ ਸਿਰੋਂ ਢੇਰ ਵੀਰਿਆ।
ਲੈਣਾ ਸੂਰਜਾਂ ਨੇ
ਕਾਲਖਾਂ ਨੂੰ ਘੇਰ ਵੀਰਿਆ।
ਚਾਨਣਾ ਮਿਟਾ ਦੇਣਾ
ਸਦਾ ਲਈ ਹਨੇਰ
ਵੀਰਿਆ।

ਜਸਵੰਤ ਗਿੱਲ ਸਮਾਲਸਰ
97804-51878

ਭੌਤਿਕ ਵਿਗਿਆਨੀ ਪੀਟਰ ਹਿਗਜ਼

- ਬੂਟਾ ਸਿੰਘ ਵਾਕਫ਼




ਪੀਟਰ ਹਿਗਜ਼ (Peter Higgs) ਇੱਕ ਮਸ਼ਹੂਰ ਭੌਤਿਕ ਵਿਗਿਆਨੀ ਸੀ। ਉਸ ਦਾ ਜਨਮ 29 ਮਈ 1929 ਨੂੰ ਨਿਊਕੈਸਲ ਓਨ ਟਾਈਨ ਇੰਗਲੈਂਡ (Newcastle upon Tyne, England) ਵਿਖੇ ਹੋਇਆ ਸੀ। ਉਸ ਦਾ ਨਾਂ ਧਰਤੀ ਦੀ ਸਤਾਹ ਦੇ ਹੇਠਾਂ ਭੌਤਿਕੀ ਕਣ ਵਿਗਿਆਨ ਦੀ ਖੋਜ ਲਈ ਕੀਤੇ ਗਏ ਤਜ਼ਰਬਿਆਂ ਲਈ ਦੁਨੀਆ ਸਾਹਮਣੇ ਆਇਆ। ਉਸ ਦੀ ਇਸ ਖੋਜ ਨੂੰ 'ਹਿਗਜ਼ ਮਕੈਨਿਜ਼ਮ' ਅਤੇ 'ਹਿਗਜ਼ ਬੋਸਾਨ', ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਸ ਨੂੰ 'ਰੱਬੀ ਕਣ' ਦਾ ਨਾਂ ਵੀ ਦਿੱਤਾ ਗਿਆ ਹੈ।


ਪੜ੍ਹਾਈ : ਬਚਪਨ ਵਿਚ ਦਮੇ ਦੀ ਬਿਮਾਰੀ, ਪਿਤਾ ਦੀ ਨੌਕਰੀ ਕਾਰਣ ਵਾਰ ਵਾਰ ਸਥਾਨ ਬਦਲੀ ਅਤੇ ਦੂਸਰੀ ਸੰਸਾਰ ਜੰਗ ਦੇ ਚਲਦਿਆਂ ਹਿਗਜ਼ ਨੇ ਸਕੂਲ ਦੀ ਪੜ੍ਹਾਈ ਜ਼ਿਆਦਾਤਰ ਘਰ ਰਹਿ ਕੇ ਹੀ ਪੂਰੀ ਕੀਤੀ। ਇਸ ਉਪਰੰਤ ਹਿਗਜ਼ ਨੇ ਆਪਣੀ ਅਕਾਦਮਿਕ ਪੜਾਈ ਐਡਿਨਬਰਗ ਯੂਨੀਵਰਸਿਟੀ ਵਿਚ ਸ਼ੁਰੂ ਕੀਤੀ, ਜਿੱਥੇ ਉਸ ਨੇ ਸਾਲ 1950 ਵਿਚ ਭੌਤਿਕ ਵਿਗਿਆਨ ਦੇ ਵਿਸ਼ੇ ਵਿਚ ਬੈਚਲਰ ਦੀ ਡਿਗਰੀ ਪ੍ਰਾਪਤ ਕੀਤੀ। ਉਸ ਨੇ ਕਿੰਗਜ਼ ਕਾਲਜ ਲੰਡਨ ਵਿਖੇ ਆਪਣੀ ਪੜਾਈ ਜਾਰੀ ਰੱਖੀ ਜਿੱਥੇ ਉਸ ਨੇ 1954 ਵਿਚ ਸਿਧਾਂਤਕ ਭੌਤਿਕ ਵਿਗਿਆਨ ਵਿਚ ਪੀ. ਐੱਚ. ਡੀ. (Ph.D in Theoretical Physics) ਦੀ ਡਿਗਰੀ ਹਾਸਲ ਕੀਤੀ। ਇਸ ਉਪਰੰਤ ਉਸ ਨੇ ਐਡਿਨਬਰਗ ਯੂਨੀਵਰਸਿਟੀ, ਐਡਵਾਂਸਡ ਸਟੱਡੀ ਇੰਸਟੀਚਿਊਨ ਪ੍ਰਿੰਸਟਨ, ਨਾਰਦਨ ਕੈਰੋਲੀਨਾ ਯੂਨੀਵਰਸਿਟੀ ਸਮੇਤ ਅਨੇਕਾਂ ਮੰਨੀਆਂ ਪ੍ਰਮੰਨੀਆਂ ਸੰਸਥਾਵਾਂ ਵਿਚ ਆਪਣਾ ਖੋਜ ਕਾਰਜ ਜਾਰੀ ਰੱਖਿਆ।



ਨੌਕਰੀ ਲਈ ਸੰਘਰਸ਼ ਅਤੇ ਖੋਜ ਕਾਰਜ : ਆਪਣੀ ਪੀ. ਐੱਚ. ਡੀ. ਦੀ ਡਿਗਰੀ ਪੂਰੀ ਕਰਨ ਉਪਰੰਤ ਹਿਗਜ਼ ਨੂੰ ਇੱਕ ਭੌਤਿਕ ਵਿਗਿਆਨੀ ਦੀ ਨੌਕਰੀ ਲੱਭਣ ਲਈ ਉਚੇਚਾ ਸੰਘਰਸ਼ ਕਰਨਾ ਪਿਆ। ਉਸ ਨੂੰ ਅਨੇਕਾਂ ਯੂਨੀਵਰਸਿਟੀਆਂ ਅਤੇ ਖੋਜ ਸੰਸਥਾਵਾਂ ਦੁਆਰਾ ਨੌਕਰੀ ਦੇਣ ਤੋਂ ਮਨਾ ਕਰ ਦਿੱਤਾ ਗਿਆ। ਉਹ ਫਿਰ ਵੀ ਨਿਰਾਸ਼ ਨਾ ਹੋਏ।ਅੰਤ 1960 ਵਿਚ ਹਿਗਜ਼ ਦੀ ਐਡਿਨਬਰਗ ਯੂਨੀਵਰਸਿਟੀ ਵਿਖੇ ਫੈਕਲਟੀ ਦੇ ਅਹੁਦੇ 'ਤੇ ਅਸਥਾਈ ਨਿਯੁਕਤੀ ਹੋਈ। ਇੱਥੇ ਕੰਮ ਕਰਦਿਆਂ ਉਸ ਨੇ ਆਪਣੇ ਜੀਵਨ ਦਾ ਅਹਿਮ ਸਮਾਂ ਭੌਤਿਕੀ ਕਣ ਵਿਗਿਆਨ (Particle Physics) ਦੀਆਂ ਬੁਨਿਆਦੀ ਵਿਧੀਆਂ ਦਾ ਅਧਿਐਨ ਕਰਨ ਵਿਚ ਲਗਾਇਆ। ਇਸ ਮਹਾਨ ਕਾਰਜ ਦੌਰਾਨ ਉਸ ਨੇ ਇੱਕ ਮਹੱਤਪਵਪੂਰਨ ਵਿਚਾਰ ਦੀ ਕਲਪਨਾ ਕੀਤੀ। ਇਸ ਵਿਚਾਰ ਨਾਲ ਉਸ ਨੇ ਸੰਸਾਰ ਪੱਧਰ ਤੱਕ ਪ੍ਰਸਿੱਧੀ ਹਾਸਲ ਕੀਤੀ। 1964 ਵਿਚ ਉਨਾਂ ਨੇ ਬਰੋਕਨ ਸਮਿੱਟਰੀ ਐਂਡ ਦ ਮਾਸ ਆਫ਼ ਗੇਜ਼ ਬੋਸਾਨ (Broken Symmetries and the Masses of Gauge Bosons) ਦੇ ਸਿਰਲੇਖ ਵਾਲਾ ਇੱਕ ਪੱਤਰ ਪ੍ਰਕਾਸ਼ਿਤ ਕੀਤਾ। ਇਸ ਪੱਤਰ ਰਾਹੀਂ ਉਨਾਂ ਨੇ ਇਹ ਦਾਅਵਾ ਕੀਤਾ ਕਿ ਉਸ ਨੇ ਇੱਕ ਨਵੇਂ ਉੱਪ ਪ੍ਰਮਾਣੂ ਕਣ ਦੀ ਹੋਂਦ ਦਾ ਪ੍ਰਸਤਾਵ ਪੇਸ਼ ਕੀਤਾ ਹੈ ਜਿਹੜਾ ਹੋਰਨਾਂ ਕਣਾਂ ਨੂੰ ਪੁੰਜ (mass) ਦਿੰਦਾ ਹੈ। ਉਹ ਅਕਸਰ ਕਹਿੰਦੇ ਸਨ ਕਿ ਉਨਾਂ ਆਪਣੇ ਸਮਿਆਂ ਦੌਰਾਨ ਕਦੇ ਵੀ ਕੋਈ ਈਮੇਲ, ਇੰਟਰਨੈੱਟ ਜਾਂ ਫਿਰ ਫੋਨ ਕਾਲ ਦੀ ਵਰਤੋਂ ਨਹੀਂ ਕੀਤੀ। ਅਜਿਹੇ ਮਾਹੌਲ ਵਿਚ ਉਨ੍ਹਾਂ ਕੋਲ ਕੰਮ ਕਰਨ ਲਈ ਕਿੰਨਾ ਸ਼ਾਂਤੀ ਭਰਪੂਰ ਵਾਤਾਵਰਣ ਸੀ, ਕਲਪਨਾ ਤੋਂ ਪਰੇ ਦੀ ਗੱਲ ਹੈ।




ਹਿਗਜ਼ ਫੀਲਡ : ਹਿਗਜ਼ ਦੁਆਰਾ ਪੇਸ਼ ਕੀਤੇ ਗਏ ਸਿਧਾਂਤ ਮੁਤਾਬਕ ਕਣ ਇੱਕ ਕਾਲਪਨਿਕ ਖੇਤਰ ਨਾਲ ਪ੍ਰਸਪਰ ਕਿਰਿਆ ਦੁਆਰਾ ਆਪਣੇ ਪੁੰਜ ਨੂੰ ਪ੍ਰਾਪਤ ਕਰਦੇ ਹਨ। ਇਹ ਵਰਤਾਰਾ ਪੂਰੇ ਬ੍ਰਹਿਮੰਡ ਵਿਚ ਫੈਲਿਆ ਹੋਇਆ ਹੈ। ਇਸ ਖੇਤਰ ਨੂੰ ਹੁਣ ਹਿਗਜ਼ ਫੀਲਡ ਵਜੋਂ ਜਾਣਿਆ ਜਾਂਦਾ ਹੈ। ਇਸ ਖੇਤਰ ਨਾਲ ਸਬੰਧਤ ਕਣ ਨੂੰ ਹਿਗਜ਼ ਬੋਸਾਨ (Higgs boson) ਜਾਂ ਰੱਬੀ ਕਣ (God particle) ਦਾ ਨਾਂ ਦਿੱਤਾ ਗਿਆ ਹੈ। ਹਿਗਜ਼ ਦੇ ਇਸ ਸਿਧਾਂਤ ਨੇ ਭੌਤਿਕੀ ਕਣ ਵਿਗਿਆਨ ਦੇ ਸਟੈਂਡਰਡ ਮਾਡਲ ਵਿਚ ਆ ਰਹੀ ਇੱਕ ਵੱਡੀ ਸਮੱਸਿਆ ਦਾ ਹੱਲ ਕਰ ਦਿੱਤਾ, ਜੋ ਪਹਿਲਾਂ ਇਹ ਸਮਝਾਉਣ ਵਿਚ ਅਸਮਰੱਥ



ਸੀ ਕਿ ਕਣ ਪੁੰਜ ਕਿਵੇਂ ਪ੍ਰਾਪਤ ਕਰਦੇ ਹਨ।

ਹਿਗਜ਼ ਦੇ ਸਿਧਾਂਤ ਨੂੰ ਮਾਨਤਾ : ਉਨਾਂ ਦੇ ਇਸ ਸਿਧਾਂਤ ਦੇ ਪ੍ਰਕਾਸ਼ਿਤ ਹੋਣ ਉਪਰੰਤ ਕਈ ਸਾਲਾਂ ਤੱਕ ਵੱਖ ਵੱਖ ਭੌਤਿਕ ਵਿਗਿਆਨੀਆਂ ਨੇ ਲਗਾਤਾਰ ਹਿਗਜ਼ ਬੋਸਾਨ ਦੀ ਹੋਂਦ ਸਬੰਧੀ ਪੁਸ਼ਟੀ ਕਰਨ ਲਈ ਅਨੇਕਾਂ ਪ੍ਰਯੋਗ ਕੀਤੇ। ਤਕਰੀਬਨ ਪੰਜ ਦਹਾਕਿਆਂ ਬਾਅਦ ਸਾਲ 2012 ਵਿਚ ਯੂਰਪੀਅਨ ਆਰਗੇਨਾਈਜੇਸ਼ਨ ਫਾਰ ਨਿਊਕਲੀਅਰ ਰਿਸਰਚ [European Organization for Nuclear Research (CERN)] ਨੇ ਹਿਗਜ਼ ਬੋਸਾਨ ਕਣ ਨਾਲ ਮਿਲਦੇ ਜੁਲਦੇ ਗੁਣਾਂ ਵਾਲੇ ਕਣ ਦੀ ਖੋਜ ਦਾ ਐਲਾਨ ਕੀਤਾ। ਹਿਗਜ਼ ਬੋਸਾਨ ਸਿਧਾਂਤ ਨਾਲ ਜੁੜੇ ਹੋਣ ਦੇ ਬਾਵਜੂਦ ਵੀ ਪੀਟਰ ਹਿਗਜ਼ ਨੂੰ ਇਸ ਦੇ ਖੋਜ ਕਾਰਜ ਵਿਚ ਸਿੱਧੇ ਤੌਰ ’ਤੇ ਸ਼ਾਮਿਲ ਨਹੀਂ ਕੀਤਾ ਗਿਆ। ਇਸ ਕਣ ਨੂੰ ਹਿਗਜ਼ ਦੇ ਸੇਵਾ ਮੁਕਤ ਹੋਣ ਭਾਵ 1996 ਤੋਂ



ਕਰੀਬ 16 ਸਾਲ ਬਾਅਦ 2012 ਵਿਚ ਲਾਰਜ ਹੈਡਰਨ ਕੋਲਾਈਡਰ ਮਸ਼ੀਨ (Large Hadron Collider (LHC) ਰਾਹੀਂ ਦੇਖਿਆ ਗਿਆ। ਫਿਰ ਵੀ ਹਿਗਜ਼ ਦੇ ਸਿਧਾਂਤਕ ਕਾਰਜ ਨੇ ਲਾਰਜ ਹੈਡਰਨ ਕੋਲਾਈਡਰ ਮਸ਼ੀਨ ਦੇ ਨਿਰਮਾਣ ਅਤੇ ਉਸ ਤੋਂ ਬਾਅਦ ਦੇ ਪ੍ਰਯੋਗਾਂ ਲਈ ਪ੍ਰੇਰਿਤ ਕਰਨ ਵਿਚ ਆਪਣੀ ਅਹਿਮ ਭੂਮਿਕਾ ਨਿਭਾਈ।

ਪੁਰਸਕਾਰ : ਇਸ ਮਹਾਨ ਖੋਜ ਕਾਰਣ ਪੀਟਰ ਹਿਗਜ਼ ਨੂੰ 2013 ਵਿਚ ਭੌਤਿਕ ਵਿਗਿਆਨ ਦੇ ਖੇਤਰ ਵਿਚ ਨੋਬਲ ਪੁਰਸਕਾਰ ਦੇ ਕੇ ਸਨਮਾਨਿਤ ਕੀਤਾ ਗਿਆ। ਜਿਸ ਸਮੇਂ ਇਸ ਪੁਰਸਕਾਰ ਦਾ ਐਲਾਨ ਕੀਤਾ ਗਿਆ, ਉਸ ਸਮੇਂ ਹਿਗਜ਼ ਕੋਲ ਮੋਬਾਇਲ ਫੋਨ ਵੀ ਨਹੀਂ ਸੀ। ਇਸ ਸਬੰਧੀ ਉਨ੍ਹਾਂ ਨੂੰ ਸੂਚਨਾ ਉਨ੍ਹਾਂ ਦੇ ਇੱਕ ਪੁਰਾਣੇ ਗੁਆਂਢੀ ਨੇ ਦਿੱਤੀ। ਇਸ ਸਨਮਾਨ ਨਾਲ ਉਨ੍ਹਾਂ ਦੇ ਖੋਜੇ ਸਿਧਾਂਤ ਨੂੰ ਪ੍ਰਮਾਣਿਕਤਾ ਮਿਲੀ। ਇਸ ਤਰ੍ਹਾਂ ਉਨਾਂ ਦੇ ਸਿਧਾਂਤ ਨੇ ਬ੍ਰਹਿਮੰਡ ਦੀ ਉਸਾਰੀ ਸਬੰਧੀ ਬੁਨਿਆਦੀ ਸਮਝ ਵਿਚ ਇੱਕ ਵੱਡੀ ਕ੍ਰਾਂਤੀ ਲਿਆਂਦੀ। ਪੀਟਰ ਹਿਗਜ਼ ਨੂੰ ਪ੍ਰਮਾਣੂ ਹਥਿਆਰਾਂ ਖਿਲਾਫ਼ ਆਪਣੀ ਸਰਗਰਮੀਆਂ ਲਈ ਵੀ ਜਾਣਿਆ ਜਾਂਦਾ ਹੈ। ਸ਼ਾਇਦ ਇਸੇ ਕਾਰਣ ਹਿਗਜ਼ ਨੇ ਬ੍ਰਿਟਿਸ਼ ਰਾਜਸ਼ਾਹੀ ਦੁਆਰਾ ਪੇਸ਼ ਕੀਤੇ ਗਏ ‘ਸਰ’ ਦੇ ਖਿਤਾਬ ਨੂੰ ਲੈਣ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਇਹ ਕਹਿੰਦਿਆਂ ਖਿਤਾਬ ਲੈਣ ਤੋਂ ਇਨਕਾਰ ਕੀਤਾ ਕਿ ਉਹ ਆਪਣੀਆਂ ਖੋਜਾਂ ਦੀ ਵਰਤੋਂ ਫੌਜੀ ਉਦੇਸ਼ਾਂ ਜਾਂ ਮਾਨਵਤਾ ਦੇ ਨੁਕਸਾਨ ਲਈ ਨਹੀਂ ਕਰਨਾ ਚਾਹੁੰਦੇ। ਅਜਿਹਾ ਕਰਕੇ ਉਨ੍ਹਾਂ ਨੇ ਆਪਣੇ ਖੋਜ



ਕਾਰਜ ਨੂੰ ਮਾਨਵ ਪੱਖੀ ਦਾਇਰੇ ਵਿਚ ਰੱਖ ਦਿੱਤਾ।

ਨਾਸਤਿਕ ਵਿਗਿਆਨੀ : ਹਿਗਜ਼ ਪੱਕੇ ਨਾਸਤਿਕ ਸਨ ਤੇ ਨਾਸਤਿਕਤਾ ਉਨ੍ਹਾਂ ਦੇ ਅੰਗ ਅੰਗ ਵਿਚ ਰਚੀ ਹੋਈ ਸੀ। ਉਨ੍ਹਾਂ ਨੇ ਆਪਣੇ ਦੁਆਰਾ ਖੋਜੇ ਗਏ ਕਣ ਦਾ ਨਾਂ ‘ਰੱਬੀ ਕਣ’ ਰੱਖੇ ਜਾਣ ਦਾ ਵਿਰੋਧ ਕੀਤਾ। ਇਸ ਸਬੰਧੀ ਹਿਗਜ਼ ਦਾ ਪ੍ਰਤੀਕਰਮ ਸੀ ਕਿ ਉਹ ਇੱਕ ਨਾਸਤਿਕ ਹੈ ਅਤੇ ਸਪੇਨ ਦੀ ਚਰਚ ਦੁਆਰਾ ਉਨਾਂ ਦੀ ਖੋਜ ਲਈ ਅਜਿਹਾ ਨਾਂ ਵਰਤਣਾ ਇੱਕ ਵੱਡੀ ਗਲਤੀ ਹੈ। ਉਨ੍ਹਾਂ ‘ਦ ਗਾਰਡੀਅਨ’ ਅਖ਼ਬਾਰ ਨੂੰ ਇੱਕ ਇੰਟਰਵਿਊ ਦਿੰਦਿਆਂ ਕਿਹਾ ਸੀ ਕਿ ਉਨ੍ਹਾਂ ਦੀ ਖੋਜ ਨੂੰ ਰੱਬੀ ਕਣ ਕਹਿਣਾ ਅਜਿਹੇ ਲੋਕਾਂ ਦੇ ਮਨਾਂ ਅੰਦਰ ਹੋਰ ਵੀ ਉਲਝਣਾਂ ਪੈਦਾ ਕਰੇਗੀ ਜਿਹੜੇ ਪਹਿਲਾਂ ਹੀ ਅੰਧਵਿਸ਼ਵਾਸ਼ਾਂ ਦੀ ਦਲਦਲ ਵਿਚ ਫਸੇ ਹੋਏ ਹਨ। ਅਜਿਹੇ ਲੋਕ ਜੇਕਰ ਇਸ ‘ਕਣ’ ਦੀ ਰਚਨਾ ਨੂੰ ਕੇਵਲ ਸੱਤ ਦਿਨ ਦੀ ਕਹਾਣੀ ਹੀ ਮੰਨਦੇ ਹਨ ਤਾਂ ਕੀ ਉਹ ਸੱਚਮੁੱਚ ਬੁੱਧੀਮਾਨ ਹਨ ?

ਹਿਗਜ਼ ਮਹਾਨ ਵਿਗਿਆਨੀ ਦੇ ਰੂਪ ਵਿਚ : ਕਰੀਬ 94 ਸਾਲ ਦੀ ਉਮਰ ਉਪਰੰਤ 8 ਅਪ੍ਰੈਲ 2024 ਨੂੰ ਇਹ ਮਹਾਨ ਵਿਗਿਆਨੀ ਸਾਡੇ ਤੋਂ ਸਦਾ ਲਈ ਵਿਛੜ ਗਿਆ। ਇਸ ਸਦੀ ਦੇ ਸਭ ਤੋਂ ਪ੍ਰਭਾਵਸ਼ਾਲੀ ਭੌਤਿਕ ਵਿਗਿਆਨੀਆਂ ਵਿਚੋਂ ਏਨੀ ਵੱਡੀ ਪ੍ਰਸਿੱਧੀ ਖੱਟਣ ਵਾਲੇ ਇਹ ਵਿਗਿਆਨੀ ਆਪਣੇ ਜਿਉਂਦੇ ਜੀਅ ਆਮ ਲੋਕਾਂ ਦੀਆਂ ਨਜ਼ਰਾਂ ਵਿਚ ਬੇਹੱਦ ਨਿਮਰ ਤੇ ਖੁਸ਼ਦਿਲ ਰਿਹਾ। ਉਨ੍ਹਾਂ ਨੂੰ ਇੱਕ ਨਿਮਰ, ਪ੍ਰਭਾਵਸ਼ਾਲੀ ਅਤੇ ਸਮਰਪਿਤ ਵਿਗਿਆਨੀ ਦਾ ਦਰਜਾ ਹਾਸਲ ਹੋਇਆ ਜਿਸ ਨੇ ਆਪਣਾ ਸਾਰਾ ਜੀਵਨ ਇੱਕੋ ਇੱਕ ਵਿਸ਼ੇਸ਼ ਖੋਜ ’ਤੇ ਕੇਂਦਰਤ ਕੀਤਾ ਤੇ ਸਫ਼ਲਤਾ ਹਾਸਲ ਕੀਤੀ। ਉਨ੍ਹਾਂ ਆਪਣੇ ਮਹਾਨ

ਖੋਜ ਸਿਧਾਂਤ ਰਾਹੀਂ ਸਿਧਾਂਤਕ ਭੌਤਿਕ ਵਿਗਿਆਨ (Theoretical Physics) ਦੇ ਖੇਤਰ ਵਿਚ ਡੂੰਘਾ ਯੋਗਦਾਨ ਪਾਇਆ ਅਤੇ ਬ੍ਰਹਿਮੰਡ ਬਾਰੇ ਸਾਡੀ ਸਮਝ ਉੱਪਰ ਇੱਕ ਅਮਿੱਟ ਛਾਪ ਛੱਡੀ। ਇਸ ਤਰ੍ਹਾਂ ਹਿਗਜ਼ ਵਿਗਿਆਨ ਦੇ ਖੇਤਰ ਵਿਚ ਹਮੇਸ਼ਾਂ ਇੱਕ ਸੱਚੇ ਪ੍ਰਕਾਸ਼ਮਾਨ ਵਜੋਂ ਜਾਣੇ ਜਾਂਦੇ ਰਹਿਣਗੇ।

ਹਿਗਜ਼ ਦੇ ਵਿਚਾਰ : ਪੀਟਰ ਹਿਗਜ਼ ਨੇ ਆਪਣੇ ਜੀਵਨ ਭਰ ਦੇ ਤਜ਼ਰਬਿਆਂ ਵਿਚੋਂ ਕੁਝ ਨਵੇਂ ਵਿਚਾਰਾਂ ਨੂੰ ਜਨਮ ਦਿੱਤਾ। ਉਨਾਂ ਦੇ ਕੁਝ ਪ੍ਰਭਾਵਸ਼ਾਲੀ ਵਿਚਾਰ ਇਸ ਪ੍ਰਕਾਰ ਹਨ :-

1. ਵਿਗਿਆਨ ਦਰੁਸਤ ਜਵਾਬ ਲੱਭਣ ਬਾਰੇ ਨਹੀਂ ਹੈ, ਸਗੋਂ ਇਹ ਸਹੀ ਸਵਾਲ ਪੁੱਛਣ ਬਾਰੇ ਹੈ।

2. ਸਵਿਕਾਰ ਕੀਤੀ ਗਈ ਬੁੱਧੀ ਨੂੰ ਚੁਣੌਤੀ ਦੇਣਾ ਅਤੇ ਹਰ ਉਸ ਚੀਜ, ਵਰਤਾਰੇ ਤੇ ਸਵਾਲ ਕਰਨਾ ਮਹੱਤਵਪੂਰਨ ਹੈ, ਜੋ ਅਸੀਂ ਸੋਚਦੇ ਹਾਂ, ਜੋ ਅਸੀਂ ਜਾਣਦੇ ਹਾਂ।

3. ਮੈਂ ਇੱਕ ਨਾਸਤਿਕ ਹਾਂ, ਪਰ ਮੇਰੇ ਅੰਦਰ ਬ੍ਰਹਿਮੰਡ ਬਾਰੇ ਇੱਕ ਗੈਰ ਕੁਦਰਤੀ ਪ੍ਰਸ਼ੰਸਾ ਹੈ। ਮੈਂ ਬ੍ਰਹਿਮੰਡ ਦੀ ਪ੍ਰਕਿਰਤੀ ਬਾਰੇ ਬੁਨਿਆਦੀ ਸਵਾਲਾਂ ਵਿਚ ਦਿਲਚਸਪੀ ਰੱਖਦਾ ਹਾਂ।

4. ਸਾਨੂੰ ਆਪਣੇ ਗਿਆਨ ਦੀਆਂ ਸੀਮਾਵਾਂ ਨੂੰ ਖੋਜਣਾ ਅਤੇ ਅੱਗੇ ਵਧਾਉਣਾ ਚਾਹੀਦਾ ਹੈ। ਸਥਾਪਿਤ ਸਿਧਾਂਤਾਂ ਅਤੇ ਵਿਚਾਰਾਂ ਨੂੰ ਚੁਣੌਤੀ ਦੇਣ ਤੋਂ ਕਦੇ ਡਰਨਾ ਨਹੀਂ ਚਾਹੀਦਾ।

5. ਬ੍ਰਹਿਮੰਡ ਹੈਰਾਨੀ ਅਤੇ ਸੁੰਦਰਤਾ ਨਾਲ ਭਰਿਆ ਹੋਇਆ ਹੈ। ਇਸ ਦੇ ਰਹੱਸਾਂ ਨੂੰ ਉਜਾਗਰ ਕਰਨਾ ਸਾਡਾ ਇੱਕ ਮਹੱਤਵਪੂਰਨ ਕੰਮ ਹੈ।

6. ਹਿਗਜ਼ ਬੋਸਾਨ ਦੀ ਖੋਜ ਘਾਹ ਦੇ ਢੇਰ ਵਿਚੋਂ ਸੂਈ ਲੱਭਣ ਦੇ ਸਮਾਨ ਸੀ ਪਰ ਆਖਿਰ ਅਸੀਂ ਇਹ ਲੱਭ ਹੀ ਲਿਆ।

7. ਵਿਗਿਆਨ ਸਾਡੇ ਆਲੇ ਦੁਆਲੇ ਦੇ ਸੰਸਾਰ ਨੂੰ ਸਮਝਣ ਲਈ ਇੱਕ ਅਦੁੱਤੀ ਸਾਧਨ ਹੈ।

8. ਗਿਆਨ ਅਤੇ ਸਮਝ ਦੀ ਇੱਛਾ ਹੀ ਵਿਗਿਆਨੀਆਂ ਨੂੰ ਬ੍ਰਹਿਮੰਡ ਦੇ ਰਹੱਸਾਂ ਨੂੰ ਉਜਾਗਰ ਕਰਨ ਲਈ ਪ੍ਰੇਰਿਤ ਕਰਦੀ ਹੈ।

9. ਜਗਿਆਸਾ, ਵਿਗਿਆਨਕ ਖੋਜਾਂ ਲਈ ਬਾਲਣ ਦਾ ਕੰਮ ਕਰਦੀ ਹੈ।

10. ਬ੍ਰਹਿਮੰਡ ਬਾਰੇ ਸਾਡੀ ਸਮਝ ਲਗਾਤਾਰ ਵਿਕਸਿਤ ਹੋ ਰਹੀ ਹੈ ਅਤੇ ਇਹੋ ਗੱਲ ਵਿਗਿਆਨ ਨੂੰ ਹੋਰ ਵੀ ਦਿਲਚਸਪ ਬਣਾ ਰਹੀ ਹੈ।

11. ਬ੍ਰਹਿਮੰਡ ਦੇ ਭੇਦ ਖੋਲ੍ਹਣ ਅਤੇ ਸਾਡੀ ਹੋਂਦ ਦੇ ਸਭ ਤੋਂ ਵੱਡੇ ਅਤੇ ਮਹੱਤਵਪੂਰਨ ਸਵਾਲਾਂ ਦੇ ਜਵਾਬ ਦੇਣ ਦੀ ਸਮਰੱਥਾ ਸਿਰਫ਼ ਵਿਗਿਆਨ ਕੋਲ ਹੀ ਹੈ।

12. ਵਿਗਿਆਨ ਕੋਲ ਜੀਵਨ ਨੂੰ ਬਦਲਣ ਅਤੇ ਭਵਿੱਖ ਨੂੰ ਸੁਚੱਜਾ ਆਕਾਰ ਦੇਣ ਦੀ ਸ਼ਕਤੀ ਹੈ।

9876224461

ਪਹਿਲੀ ਵਾਰ ਮਨੁੱਖ ਨੂੰ ਸੂਰ ਦੀ ਕਿਡਨੀ ਟਰਾਂਸਪਲਾਂਟ

ਮਰੀਜ਼ ਨੂੰ ਹਸਪਤਾਲ ਤੋਂ ਮਿਲੀ ਛੁੱਟੀ

ਬੋਸਟਨ—ਸੂਰ ਤੋਂ 'ਜੈਨੇਟਿਕਲੀ ਮੌਡੀਫਾਈਡ ਕਿਡਨੀ ਟਰਾਂਸਪਲਾਂਟ' ਕਰਨ ਵਾਲੇ ਪਹਿਲੇ ਵਿਅਕਤੀ ਨੂੰ ਹਸਪਤਾਲ ਤੋਂ ਛੁੱਟੀ ਦੇ ਦਿੱਤੀ ਗਈ ਹੈ। 62 ਸਾਲਾਂ ਵਿਅਕਤੀ ਨੂੰ ਮੈਸੇਚਿਉਸੇਟਸ ਜਨਰਲ ਹਸਪਤਾਲ (ਐੱਮ. ਜੀ. ਐੱਚ.) 'ਚ ਦੋ ਹਫ਼ਤਿਆਂ ਦੇ ਇਲਾਜ ਤੋਂ ਬਾਅਦ ਘਰ ਭੇਜ ਦਿੱਤਾ ਗਿਆ। ਜਿਕਰਯੋਗ ਹੈ ਕਿ ਜੈਨੇਟਿਕ ਤੌਰ 'ਤੇ ਸੋਧੇ ਹੋਏ ਸੂਰਾਂ ਦੇ ਅੰਗਾਂ ਦੇ ਟਰਾਂਸਪਲਾਂਟ ਅਤੀਤ 'ਚ ਅਸਫਲ ਰਹੇ ਹਨ ਪਰ ਇਸ ਪ੍ਰਕਿਰਿਆ ਦੀ ਹੁਣ ਤੱਕ ਦੀ ਸਫਲਤਾ ਨੂੰ ਵਿਗਿਆਨੀਆਂ ਨੇ ਟਰਾਂਸਪਲਾਂਟੇਸ਼ਨ ਦੇ ਖੇਤਰ 'ਚ ਇਤਿਹਾਸਕ ਮੀਲ ਪੱਥਰ ਵਜੋਂ ਸਥਾਪਿਤ ਕੀਤਾ ਹੈ। ਅਮਰੀਕਾ ਦੇ ਬੋਸਟਨ ਸ਼ਹਿਰ ਸਥਿਤ ਹਾਰਵਰਡ ਮੈਡੀਕਲ ਸਕੂਲ, ਜਿਸ ਅਧੀਨ ਉਕਤ ਹਸਪਤਾਲ ਆਉਂਦਾ ਹੈ, ਅਨੁਸਾਰ ਮਰੀਜ਼ ਰਿਚਰਡ ਰਿਕ ਸਲੇਮੈਨ ਅੰਤਮ ਪੜਾਅ ਦੇ ਗੁਰਦੇ ਦੀ ਬਿਮਾਰੀ ਨਾਲ ਜੂਝ ਰਿਹਾ ਸੀ ਅਤੇ ਉਸ ਨੂੰ ਇਕ ਕਿਡਨੀ ਟ੍ਰਾਂਸਪਲਾਂਟ ਦੀ ਲੋੜ ਸੀ। 16 ਮਾਰਚ ਨੂੰ ਡਾਕਟਰਾਂ ਦੀ ਇਕ ਟੀਮ ਨੇ ਚਾਰ ਘੰਟੇ ਦੀ ਲੰਬੀ ਸਰਜਰੀ ਦੌਰਾਨ ਉਸ ਦੇ ਸਰੀਰ 'ਚ ਜੈਨੇਟਿਕ ਤੌਰ 'ਤੇ ਸੋਧੇ ਸੂਰ ਦੇ ਗੁਰਦੇ ਨੂੰ ਸਫਲਤਾਪੂਰਵਕ ਟ੍ਰਾਂਸਪਲਾਂਟ ਕੀਤਾ ਸੀ। ਹਸਪਤਾਲ ਅਨੁਸਾਰ ਸਲੇਮੈਨ ਦੀ ਕਿਡਨੀ ਹੁਣ ਚੰਗੀ ਤਰ੍ਹਾਂ ਕੰਮ ਕਰ ਰਹੀ ਹੈ ਅਤੇ ਹੁਣ ਉਸ ਨੂੰ ਡਾਇਲਿਸਿਸ ਦੀ ਲੋੜ ਨਹੀਂ ਹੈ। (ਅਜੀਤ 10/4/2024)

ਸੋਧ

"ਤਰਕਸ਼ੀਲ" ਮਾਰਚ-ਅਪ੍ਰੈਲ 2024 ਦੇ ਅੰਕ ਵਿਚ 'ਚੰਦਰਮਾ ਦੀ ਸਤਹ 'ਤੇ ਜੀਵਨ ਕਿਉਂ ਨਹੀਂ' ਲੇਖ ਵਿਚ ਤਾਪਮਾਨ ਵਾਲੇ ਪੈਰੇ ਹੇਠ ਚੰਦਰਮਾ ਦਾ ਰਾਤ ਸਮੇਂ ਤਾਪਮਾਨ 387 ਡਿਗਰੀ ਫਾਰਨਹਾਈਟ (233 ਡਿਗਰੀ ਸੈਲਸੀਅਸ) ਦੀ ਥਾਂ ਤੇ −387 ਡਿਗਰੀ ਫਾਰਨਹਾਈਟ (−197 ਡਿਗਰੀ ਸੈਲਸੀਅਸ) ਪੜ੍ਹਿਆ ਜਾਵੇ। . ..
ਸੰਪਾਦਕ

ਧਰਮ ਅਤੇ ਸਿਆਸਤ ਬਣੇ ਕਮਾਈ ਦਾ ਧੰਦਾ



- ਜਸਵੰਤ ਜੀਰਖ

ਅੱਜ ਜੇ ਧਰਮ ਅਤੇ ਸਿਆਸਤ ਦੀ ਗੱਲ ਕੀਤੀ ਜਾਵੇ ਤਾਂ ਸਪਸਟ ਵੇਖਿਆ ਜਾ ਸਕਦਾ ਹੈ ਕਿ ਇਹ ਦੋਵੇਂ ਹੀ ਮਨੁੱਖ ਨੂੰ ਲਾਲਚ ਵਿੱਚ ਫਸਾ ਕੇ ਆਪਣਾ-ਆਪਣਾ ਧੰਦਾ ਚਲਾਉਣ ਲਈ ਵਰਤ ਰਹੇ ਹਨ। ਇਹਨਾਂ ਦੋਵਾਂ ਨੇ ਹੀ ਮਨੁੱਖਤਾ ਦਾ ਜੀਵਨ ਪੱਧਰ ਉੱਚਾ ਚੁੱਕਣ ਦੀ ਬਜਾਏ, ਝੂਠੇ ਲਾਲਚ ਉਭਾਰਕੇ ਉਸਨੂੰ ਆਪਣੀ ਚੁੰਗਲ ਵਿੱਚ ਫਸਾਇਆ ਹੈ। ਜੇ ਧਰਮ ਦੀ ਗੱਲ ਕਰਦੇ ਹਾਂ ਤਾਂ ਧਰਮ ਨੂੰ ਫਰਜ ਸਮਝਣ ਦੀ ਬਜਾਏ ਇਸ ਨੂੰ ਧੰਦੇ ਵਜੋਂ ਵਰਤਿਆ ਜਾ ਰਿਹਾ ਹੈ। ਮਨੁੱਖ ਦੀ ਜਿੰਦਗੀ ਵਿੱਚ ਕੋਈ ਦੁੱਖ ਮੁਸੀਬਤ ਨਾ ਆਵੇ ਜਾਂ ਆਈ ਮੁਸੀਬਤ ਦੇ ਖਾਤਮੇ ਲਈ ਉਪਾਅ ਵਜੋਂ ਤਰ੍ਹਾਂ ਤਰ੍ਹਾਂ ਦੇ ਪੂਜਾ ਪਾਠ ਕਰਵਾਉਣ ਬਦਲੇ ਵੱਡੇ ਖਰਚ ਹਰ ਧਰਮ ਵਿੱਚ ਵਸੂਲੇ ਜਾਂਦੇ ਹਨ। ਭਾਵੇ ਆਮ ਜ਼ਿੰਦਗੀ ਵਿੱਚ ਮਨੁੱਖ ਨੂੰ ਇਮਾਨਦਾਰ, ਸੱਚਾ ਸੁੱਚਾ ਅਤੇ ਆਪਣੀ ਕਿਰਤ ਕਮਾਈ ਦਾ ਕੁੱਝ ਹਿੱਸਾ ਦਾਨ ਪੁੰਨ ਕਰਨ ਵਾਲਾ ਜੀਵਨ ਜਿਉਣ ਵਰਗੇ ਉਪਦੇਸ਼ ਤਾਂ ਧਰਮਾਂ ਦੇ ਪ੍ਰਚਾਰਕਾਂ ਵੱਲੋਂ ਦਿੱਤੇ ਜਾ ਰਹੇ ਹਨ, ਪਰ ਜਦੋਂ ਅਜਿਹੀ ਜ਼ਿੰਦਗੀ ਜਿਉਣ ਦੇ ਲਾਭ ਮਰਨ ਤੋਂ ਬਾਅਦ ਮਿਲਣ ਦੇ ਵਿਖਿਆਨ ਕੀਤੇ ਜਾਂਦੇ ਹਨ ਤਾਂ ਸ਼ੰਕੇ ਖੜ੍ਹੇ ਹੋਣੇ ਜਰੂਰੀ ਹਨ। ਜੇ ਚੰਗੇ ਮਾੜੇ ਕੰਮਾਂ ਦਾ ਫਲ ਮੌਤ ਬਾਅਦ 'ਅਗਲੇ ਜਨਮ' ਵਿੱਚ ਮਿਲਣਾ ਹੈ, ਤਾਂ ਇਸ ਦਾ ਉਹਨਾਂ ਕੋਲ ਵਿਗਿਆਨਕ ਤੌਰ 'ਤੇ ਕੋਈ ਸਬੂਤ ਨਹੀਂ, ਸਿਰਫ ਆਪੇ ਬਣਾਈਆਂ ਸਾਖੀਆਂ ਉੱਪਰ ਯਕੀਨ ਕਰਨ ਦੀ ਵਕਾਲਤ ਕੀਤੀ ਜਾਂਦੀ ਹੈ। ਮਰਨ ਉਪਰੰਤ 'ਸਵਰਗ' ਦੀ ਪ੍ਰਾਪਤੀ, ਜਨਮ ਮਰਨ ਤੋਂ 'ਮੁਕਤੀ' ਜਾਂ ਕੀਤੇ ਗਏ ਦਾਨ ਪੁੰਨ ਦੇ ਫਲ ਵਜੋਂ 'ਅਗਲੇ ਜਨਮ' ਵਿੱਚ ਵੱਡੇ ਧਨ ਪਦਾਰਥ ਮਿਲਣ ਦੇ ਲਾਲਚ ਰਾਹੀਂ ਮਨੁੱਖ ਨੂੰ ਬਚਪਨ ਤੋਂ ਹੀ ਆਪਣੇ ਦਿਮਾਗ ਦੀ ਵਰਤੋਂ ਕੀਤੇ ਬਿਨ੍ਹਾਂ ਅਜਿਹੀਆਂ ਸਾਖੀਆਂ 'ਤੇ ਯਕੀਨ ਕਰਨ ਦਾ ਆਦੀ ਬਣਾਇਆ ਗਿਆ ਹੈ। ਧਰਮਾਂ ਅਨੁਸਾਰ ਕੋਈ ਕਹਿੰਦਾ ਹੈ ਕਿ ਸਵਰਗ ਵਿੱਚ ਹੂਰਾਂ ਮਿਲਣਗੀਆਂ, ਕੋਈ ਕਹਿੰਦਾ ਉੱਥੇ ਦੁੱਧ ਘੀ ਦੀਆਂ ਨਦੀਆਂ ਵਹਿੰਦੀਆਂ ਹਨ ਅਤੇ ਕੋਈ ਉੱਥੇ ਸੁੰਦਰ ਬਾਗ ਬਗੀਚੇ ਲੱਗੇ ਹੋਣ ਦੀ ਗੱਲ ਕਰਦਾ ਹੈ ਆਦਿ ਆਦਿ। ਭਾਵ ਕਿ ਮੌਜੂਦਾ ਜ਼ਿੰਦਗੀ ਵਿੱਚ ਹੱਡ ਭੰਨਵੀਂ ਮਿਹਨਤ ਕਰਨ ਦੇ ਬਾਵਜੂਦ ਵੀ ਜੇ ਮਨੁੱਖ ਜਿਉਣ ਯੋਗ ਚੰਗੀਆਂ ਸਹੂਲਤਾਂ ਤੋਂ ਵਾਂਝਾ ਰਹਿੰਦਾ ਹੈ, ਤਾਂ ਉਹਨਾਂ ਦੀ ਪੂਰਤੀ ਅਗਲੇ ਜਨਮ ਜਾਂ ਸਵਰਗ ਵਿੱਚ ਕਰਵਾਉਣ ਦੇ ਢੰਗ ਹਰ ਧਰਮ ਵੱਲੋਂ ਦੱਸੇ ਜਾਂਦੇ ਹਨ। ਪਰ ਮੌਜੂਦਾ ਜਨਮ ਜਾਂ ਇਸੇ ਜ਼ਿੰਦਗੀ ਵਿੱਚ ਅਜਿਹੇ ਸਵਰਗ ਦੀ ਪ੍ਰਾਪਤੀ ਕਰਨ ਬਾਰੇ ਕੋਈ ਵੀ ਧਰਮ ਨਹੀਂ ਬੋਲਦਾ। ਇਸ ਜਨਮ ਨੂੰ ਪਿਛਲੇ ਜਨਮ ਦੇ ਕੀਤੇ ਚੰਗੇ ਮਾੜੇ ਕੰਮਾਂ ਦਾ ਭੁਗਤਾਨ ਕਹਿੰਦਿਆਂ ਮੌਜੂਦਾ ਜ਼ਿੰਦਗੀ ਨੂੰ ਇੱਕ ਸੁਪਨਾ ਅਤੇ ਪਾਣੀ ਦਾ ਬੁਲਬੁਲਾ ਕਹਿ ਕੇ ਨਿਕਾਰ ਦਿੱਤਾ ਜਾਂਦਾ ਹੈ ਅਤੇ ਅਗਲੇ ਜਨਮ ਵਿੱਚ ਖੁਸ਼ਹਾਲ ਜ਼ਿੰਦਗੀ ਜਿਉਣ ਦਾ ਲਾਲਚ ਦੇ ਕੇ ਹੁਣ ਤੋਂ ਹੀ ਵੱਧ ਤੋਂ ਵੱਧ ਦਾਨ ਕਰਨ ਲਈ ਉਕਸਾਇਆ ਜਾਂਦਾ ਹੈ।

ਜਦੋਂ ਅਜਿਹੀਆਂ ਦਾਅਵੇਦਾਰੀਆਂ ਕਰਨ ਵਾਲੇ 'ਮਹਾਂ ਪੁਰਸ਼ਾਂ' ਦੇ ਖ਼ੁਦ ਦੀ ਜ਼ਿੰਦਗੀ ਜਿਉਣ ਦੇ ਢੰਗਾਂ ਨੂੰ ਵੇਖਦੇ ਹਾਂ, ਤਾਂ ਉਹਨਾਂ ਵੱਲੋਂ ਦਿੱਤੇ ਜਾਂਦੇ ਉਪਦੇਸ ਬਹੁਤ ਹਾਸੋਹੀਣੇ ਜਾਪਣ ਲੱਗ ਜਾਂਦੇ ਹਨ। ਉਹਨਾਂ ਵੱਲੋਂ ਕੀਤੇ ਜਾਂਦੇ ਦਾਅਵੇ ਝੂਠੇ ਅਤੇ ਦਿਸ਼ਾ ਹੀਣ ਲੱਗਣ ਲੱਗਦੇ ਹਨ। ਕਿਉਂਕਿ ਇਹਨਾਂ ਵੱਲੋਂ ਦਿੱਤੇ ਜਾਂਦੇ ਉਪਦੇਸ਼ਾਂ ਨੂੰ ਵਾਚਦਿਆਂ ਇਸ ਤਰ੍ਹਾਂ ਲੱਗਦਾ ਹੈ ਜਿਵੇਂ ਉਹ ਧਰਮ ਦੇ ਨਾਂ ਹੇਠ ਸਮਾਜ ਨੂੰ ਸਵਰਗਾਂ ਦੀ ਟਿਕਟ ਅਤੇ ਮੁਕਤੀ ਦਿਵਾਉਣ ਦੇ ਲਾਲਚ ਦੇ ਕੇ, ਆਪਣੇ ਪ੍ਰਵਚਨਾਂ ਨੂੰ ਮਨਵਾਉਣ ਲਈ ਰਿਸਵਤ ਦੇ ਰਹੇ ਹੋਣ। ਅਣਭੋਲ ਸਮਾਜ ਇਸੇ ਲਾਲਚ ਵਿੱਚ ਆ ਕੇ ਉਹਨਾਂ ਵੱਲੋਂ ਕੀਤੇ ਜਾ ਰਹੇ ਪ੍ਰਵਚਨਾਂ ਨੂੰ ਸੱਚ ਮੰਨਕੇ ਸਾਰੀ ਜ਼ਿੰਦਗੀ ਇਸ ਜਨਮ ਨੂੰ ਇੱਕ ਸੁਪਨਾ ਅਤੇ ਪਾਣੀ ਦਾ ਬੁਲਬਲਾ ਸਮਝਕੇ, ਕੋਹਲੂ ਦੇ ਬੈਲ ਵਾਂਗ ਇਕੋ ਘੇਰੇ ਦੇ ਦੁਆਲੇ ਘੁੰਮੀ ਜਾ ਰਿਹਾ ਹੈ। ਇਸ ਰਹੱਸ਼ ਨੂੰ ਸਮਝੇ ਬਿਨ੍ਹਾਂ ਕੋਈ ਵੀ ਸਮਾਜਿਕ ਪ੍ਰਾਣੀ ਆਪਣੀ ਇਸ ਜਨਮ ਵਾਲੀ ਜ਼ਿੰਦਗੀ ਸੁਧਾਰਨ ਦੀ ਬਜਾਏ 'ਪ੍ਰਲੋਕ' ਸੁਧਾਰਨ ਦੇ ਚੱਕਰ ਵਿੱਚ ਦਿਨ ਕਟੀ ਕਰਨ ਤੋਂ ਅੱਗੇ ਨਹੀਂ ਵਧ ਸਕੇਗਾ। ਭਾਵੇਂ ਅੱਜ ਤੱਕ ਕੋਈ ਵੀ ਅਜਿਹਾ ਸਬੂਤ ਕਿਧਰੇ ਵੇਖਣ ਵਿੱਚ ਨਹੀਂ ਆਇਆ, ਜਿਸ ਰਾਹੀਂ ਕਿਸੇ ਨੇ ਅਖੌਤੀ ਸਵਰਗ ਦਾ ਨਿਰੀਖਣ ਕਰਨ ਦੀ ਖੋਜ ਦੇ ਹਵਾਲੇ ਨਾਲ ਕੋਈ ਵਿਗਿਆਨਕ ਦਾਅਵਾ ਕੀਤਾ ਹੋਵੇ। ਪਰ ਜੇਕਰ ਸਮਾਜ ਨੂੰ ਅਜਿਹੇ ਗੁੰਮਰਾਹ ਕੁੰਨ ਪ੍ਰਚਾਰ ਨੂੰ ਰੱਦ ਕਰਕੇ ਕੋਈ ਇਸੇ ਜਨਮ ਨੂੰ ਸਵਰਗ ਬਣਾਉਣ ਦੀ ਪ੍ਰੇਰਣਾ ਨਾਲ ਧਰਮਾਂ ਦੇ ਝੂਠ ਬਾਰੇ ਆਪਣੇ ਵਿਚਾਰ ਪ੍ਰਗਟਾਉਂਦਾ ਹੈ ਤਾਂ ਧਰਮਾਂ ਦੇ ਠੇਕੇਦਾਰ ਆਪਣੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਣ ਦੀ ਦੁਹਾਈ ਪਾ ਕੇ ਉਸ ਖਿਲਾਫ਼ 295 ਏ ਦਾ ਪਰਚਾ ਦਰਜ ਕਰਵਾਉਣ ਲਈ ਅੱਗੇ ਆ ਜਾਂਦੇ ਹਨ। ਇਹਨਾਂ ਦੀ ਭਾਵਨਾ ਨੂੰ ਠੇਸ ਇਸ ਕਰਕੇ ਨਹੀਂ ਪੁੱਜਦੀ ਕਿ

ਇਹਨਾਂ ਦੀ ਕੋਈ ਧਾਰਮਿਕ ਭਾਵਨਾ ਹੁੰਦੀ ਹੈ, ਸਗੋਂ ਇਸ ਕਰਕੇ ਪੁੱਜਦੀ ਹੈ ਕਿ ਲੋਕਾਂ ਨੂੰ ਇਹਨਾਂ ਵੱਲੋਂ ਫੈਲਾਏ ਜਾਂਦੇ ਕੂੜ ਪ੍ਰਚਾਰ ਦੀ ਅਸਲੀਅਤ ਬਾਰੇ ਸਮਝ ਨਾ ਆ ਜਾਵੇ। ਸੋ ਇਸ ਤਰ੍ਹਾਂ ਹਰ ਧਰਮ ਵਿੱਚ ਬਿਨ੍ਹਾਂ ਕਿਸੇ ਰੋਕ ਟੋਕ ਤੋਂ ਲੋਕਾਂ ਨੂੰ ਮੂਰਖ ਬਣਾਕੇ ਉਹਨਾਂ ਵੱਲੋਂ ਕੀਤੇ ਦਾਨ ਪੁੰਨ ਅਤੇ ਚੜ੍ਹਾਵਿਆਂ ਦੇ ਬਲਬੂਤੇ ਹਰ ਧਰਮ ਵਿੱਚ ਪਲ ਰਿਹਾ ਪੁਜਾਰੀ ਵਰਗ ਲੋਕਾਂ ਦੀ ਅਗਿਆਨਤਾ ਕਾਰਣ ਮਾਲੋਮਾਲ ਹੋ ਕੇ, ਆਪ ਇਸੇ ਜਨਮ ਵਿੱਚ 'ਸਵਰਗ' ਭੋਗ ਰਿਹਾ ਹੈ, ਜੋ ਕਿ ਹੋਰਾਂ ਨੂੰ ਮਰਨ ਉਪਰੰਤ ਸਵਰਗ ਦੀ ਆਸ ਰੱਖਣ ਲਈ ਪ੍ਰੇਰਦਾ ਹੈ। ਲੋਕਾਂ ਦੀ ਕਿਰਤ 'ਤੇ ਪਲਣ ਵਾਲੇ ਇਹ 'ਮਹਾਂ ਪੁਰਸ਼' ਆਪਣੀ ਸਵਰਗਮਈ ਜ਼ਿੰਦਗੀ ਵਿੱਚ ਰੰਗ ਰਲੀਆਂ ਭੋਗਦੇ ਹੋਏ ਅਕਸਰ ਹੀ ਅਜਿਹੇ ਕਾਰਨਾਮੇਂ ਕਰ ਬਹਿੰਦੇ ਹਨ ਜਿਹਨਾਂ ਕਾਰਣ ਕਈਆਂ ਨੂੰ ਜੇਲ੍ਹ ਦੀ ਹਵਾ ਖਾਂਦੇ ਵੀ ਵੇਖਿਆ ਜਾ ਸਕਦਾ ਹੈ। ਇਹਨਾਂ ਲਈ ਜੇਲ੍ਹ ਵਿੱਚ ਵੀ ਸਿਆਸੀ ਤੇ ਸਰਕਾਰੀ ਸਰਪ੍ਰਸਤੀ ਇਸ ਕਰਕੇ ਬਣੀ ਰਹਿੰਦੀ ਹੈ ਤਾਂ ਕਿ ਇਹਨਾਂ ਦੇ 'ਭਗਤਾਂ' ਦੀਆਂ ਵੋਟਾਂ ਪ੍ਰਾਪਤ ਹੁੰਦੀਆਂ ਰਹਿਣ।

ਇਸ ਬਾਰੇ ਸਾਡੇ ਦੇਸ਼ ਦਾ ਰਾਜ ਪ੍ਰਬੰਧ ਚਲਾਉਣ ਵਾਲੀਆਂ ਸਿਆਸੀ ਪਾਰਟੀਆਂ ਦਾ ਵਰਤਾਰਾ ਪ੍ਰਤੱਖ ਵੇਖਿਆ ਜਾ ਸਕਦਾ ਹੈ ਕਿ ਕਿਵੇਂ ਬਲਾਤਕਾਰੀ ਤੇ ਕਾਤਲ ਬਾਬਿਆਂ ਦਾ ਪ੍ਰਭਾਵ ਲੋਕਾਂ ਵਿੱਚ ਬਰਕਰਾਰ ਰੱਖਿਆ ਜਾ ਰਿਹਾ ਹੈ। ਇਹਨਾਂ ਵੱਲੋਂ ਵੀ ਧਰਮਾਂ ਦੀ ਤਰ੍ਹਾਂ ਹੀ ਝੂਠੀਆਂ ਮਾਨਤਾਵਾਂ ਮੰਨਣ ਦੇ ਬਦਲ ਵਿੱਚ ਦਿੱਤੇ ਝੂਠੇ ਲਾਲਚਾਂ ਦੀ ਤਰ੍ਹਾਂ ਹੀ ਲੋਕਾਂ ਨੂੰ ਝੂਠੇ ਸਬਜ ਬਾਗ ਵਿਖਾ ਕੇ ਵੋਟਾਂ ਲੈਣ ਲਈ ਉਹਨਾਂ ਨੂੰ ਆਪਣੀ ਰਾਜ ਸੱਤਾ ਦੀ ਪ੍ਰਾਪਤੀ ਲਈ ਵਰਤਿਆ ਜਾ ਰਿਹਾ ਹੈ। ਇਸ ਤਰ੍ਹਾਂ ਝੂਠ ਦਾ ਬੋਲ ਬਾਲਾ ਧਰਮ ਅਤੇ ਸਿਆਸਤ ਵਿੱਚ ਆਪਸੀ ਮਿਲੀ ਭੁਗਤ ਨਾਲ ਨਿਰੰਤਰ ਚੱਲ ਰਿਹਾ ਹੈ। ਇਸੇ ਕਰਕੇ ਧਰਮਾਂ ਵਿੱਚ ਪ੍ਰਚੱਲਤ ਗੈਰ ਵਿਗਿਆਨਕ ਧਾਰਨਾਵਾਂ ਨੂੰ ਖਤਮ ਕਰਨ ਅਤੇ ਧਰਮ ਨਿਰਪੱਖਤਾ ਦਾ ਸੰਵਿਧਾਨਕ ਪੱਖ ਲਾਗੂ ਕਰਨ ਲਈ ਕੋਈ ਵੀ ਸਰਕਾਰ ਆਪਣੀ ਜ਼ਿੰਮੇਵਾਰੀ ਨਹੀਂ ਨਿਭਾਅ ਰਹੀ। ਧਰਮ ਨਿਰਪੱਖਤਾ ਜੋ ਕਿ ਮਨੁੱਖ ਨੂੰ ਧਰਮ ਦੀ ਆਜ਼ਾਦੀ ਅਤੇ ਧਰਮ ਤੋਂ ਆਜ਼ਾਦੀ ਨੂੰ ਮਾਨਤਾ ਦਿੰਦੀ ਹੈ, ਫਿਰਕਾਪ੍ਰਸਤ ਸਿਆਸਤਦਾਨਾਂ ਵੱਲੋਂ ਸੰਵਿਧਾਨਕ ਅਤੇ ਇਨਸਾਨੀ ਕਦਰਾਂ ਕੀਮਤਾਂ ਦੀ ਥਾਂ ਧਰਮਾਂ ਦੇ ਵਖਰੇਵਿਆਂ ਨੂੰ ਵਰਤਕੇ ਸਮਾਜ ਵਿੱਚ ਆਪਸੀ ਨਫ਼ਰਤ ਵਧਾਈ ਜਾ ਰਹੀ ਹੈ। ਵਿਸੇਸ ਤੌਰ 'ਤੇ ਹਿੰਦੂ ਰਾਸਟਰ ਬਣਾਉਣ ਦੀ ਵਿਚਾਰਧਾਰਾ ਰਾਹੀਂ ਸੰਵਿਧਾਨ ਵਿਰੋਧੀ ਕਾਰਗੁਜਾਰੀ ਕੀਤੀ ਜਾ ਰਹੀ ਹੈ। ਦੇਸ ਵਿੱਚ ਸੱਤ੍ਹਾ ਦੇ ਜੋਰ ਇਨਸਾਨੀਅਤ ਵਿਰੋਧੀ ਅਜਿਹੇ ਹਾਲਾਤ ਪੈਦਾ ਕਰਕੇ, ਜਿੱਥੇ ਆਪਣੀਆਂ ਨਿਕਾਮੀਆਂ ਨੂੰ ਛੁਪਾਇਆ ਜਾ ਰਿਹਾ ਉੱਥੇ ਲੋਕਾਂ ਨੂੰ ਧਰਮਾਂ ਦੇ ਅੰਧਵਿਸ਼ਵਾਸੀ ਅਤੇ ਗੈਰ ਵਿਗਿਆਨਕ ਦਾਅਵਿਆਂ ਨੂੰ ਹੀ ਠੀਕ ਮੰਨਦੇ ਰਹਿਣ ਲਈ ਅਧਾਰ ਮਹੱਈਆ ਕੀਤਾ ਜਾ ਰਿਹਾ ਹੈ। ਇਸ ਤਰ੍ਹਾਂ ਇਹਨਾਂ ਨੇ ਧਰਮਾਂ ਵਿੱਚ ਪ੍ਰਚੱਲਤ ਅੰਧਵਿਸ਼ਵਾਸਾਂ ਨੂੰ ਖਤਮ ਕਰਨ ਦੀ ਬਜਾਏ ਉਹਨਾਂ ਨੂੰ ਉਤਸਾਹਿਤ ਕਰਨ ਲਈ ਵੱਧ ਅਤੇ ਲੋਕ ਸਮੱਸਿਆਵਾਂ ਹੱਲ ਕਰਨ ਲਈ ਨਾ ਮਾਤਰ ਹੀ ਕਾਰਗੁਜਾਰੀ ਨਿਭਾਈ ਹੈ। ਧਰਮਾਂ ਵਿੱਚ ਚੱਲ ਰਹੀਆਂ ਗੈਰ ਵਿਗਿਆਨਕ ਮਾਨਤਾਵਾਂ ਨੂੰ ਉਜਾਗਰ ਕਰਨ ਵਾਲੇ ਬੁੱਧੀਜੀਵੀ ਤਬਕੇ ਖਿਲਾਫ, ਧਾਰਮਿਕ ਕੱਟੜ ਪੰਥੀਆਂ ਵੱਲੋਂ 295 ਏ ਵਰਗੇ ਕੇਸ ਦਰਜ ਕਰਨਾ ਵੀ ਸਰਕਾਰਾਂ ਦੀ ਧਰਮਾਂ ਦੀਆਂ ਗੈਰਵਿਗਿਆਨਿਕ ਧਾਰਨਾਵਾਂ ਨੂੰ ਬਰਕਰਾਰ ਰੱਖਣ ਦੀ ਸਾਂਝ ਦਾ ਹੀ ਪ੍ਰਤੀਕ ਹੈ। ਕਿਉਂਕਿ ਇਹ ਰਾਜਨੇਤਾ ਅਤੇ ਧਰਮ ਦੇ ਨਾਂ 'ਤੇ ਗੁੰਮਰਾਹ ਕਰਨ ਵਾਲੇ ਆਗੂ ਦੋਵੇਂ ਹੀ ਲੋਕਾਂ ਨੂੰ ਅਸਲ ਗਿਆਨ ਦੇਣ ਤੋਂ ਵਾਂਝੇ ਰੱਖਕੇ ਆਪਣੀ ਸਲਤਨਤ ਇੱਕ ਦੂਜੇ ਦਾ ਸਹਿਯੋਗੀ ਬਣਕੇ ਚਲਾ ਰਹੇ ਹਨ। ਦੂਜੇ ਪਾਸੇ ਸਮਾਜ ਨੂੰ ਚੇਤਨ ਕਰਨ ਵਾਲੇ ਕਿੰਨੇ ਹੀ ਗਿਆਨਵਾਨ ਕਾਰਕੁੰਨਾਂ ਨੂੰ ਮਨਘੜਤ ਕੇਸਾਂ ਵਿੱਚ ਬਿਨਾਂ ਕੇਸ ਚਲਾਏ ਹੀ ਕਈ ਕਈ ਸਾਲਾਂ ਤੋਂ ਜੇਲ੍ਹੀਂ ਡੱਕਿਆ ਹੋਇਆ ਹੈ।

ਇੱਕ ਸਮਾਂ ਸੀ ਜਦੋਂ ਧਰਮ ਵੱਲੋਂ ਦੇਸ਼ ਦੇ ਰਾਜੇ ਨੂੰ 'ਰੱਬ' ਵੱਲੋ ਭੇਜੇ ਦੂਤ ਵਜੋਂ ਪ੍ਰਚਾਰਿਆ ਜਾਂਦਾ ਸੀ, ਜਿਸ ਕਰਕੇ ਰਾਜੇ ਦੇ ਮੂੰਹ 'ਚੋਂ ਨਿਕਲੇ ਸ਼ਬਦਾਂ ਨੂੰ 'ਰੱਬੀ ਹੁਕਮ' ਕਹਿ ਕੇ ਲੋਕਾਂ ਉੱਪਰ ਲਾਗੂ ਕੀਤਾ ਜਾਂਦਾ ਸੀ, ਪਰ ਅੱਜ ਵਿਗਿਆਨ ਦੀ ਤਰੱਕੀ ਕਾਰਣ ਵਿਕਸਤ ਹੋਏ ਗਿਆਨ ਨੇ ਅਜਿਹੀਆਂ ਮਾਨਤਾਵਾਂ ਨੂੰ ਭਾਵੇਂ ਰੱਦ ਕਰਨ ਵਿੱਚ ਸਫਲਤਾ ਪ੍ਰਾਪਤ ਕਰ ਲਈ ਹੈ, ਪਰ ਰਾਜੇ ਦੀ ਥਾਂ ਵਿਕਸਤ ਹੋਈ ਰਾਜ ਕਰਤਾ ਸ਼੍ਰੇਣੀ ਅੱਜ ਵੀ ਆਪਣੇ ਲੋਕ ਵਿਰੋਧੀ ਅਤੇ ਗੈਰ ਜਮਹੂਰੀ ਬੇਹੂਦਾ ਫੈਸਲੇ ਲੋਕਾਂ ਉੱਪਰ ਠੋਸਣ ਨੂੰ ਆਪਣਾ ਅਧਿਕਾਰ ਸਮਝਦੀ ਆ ਰਹੀ ਹੈ। ਕਿਸਾਨੀ ਅੰਦੋਲਨ ਨੂੰ ਇਸ ਵਰਤਾਰੇ ਦੇ ਪ੍ਰਤੱਖ ਸਬੂਤ ਵਜੋਂ ਵੇਖਿਆ ਜਾ ਸਕਦਾ ਹੈ। ਹੋਰ ਵੀ ਅਨੇਕਾਂ ਉਦਾਹਰਣਾਂ ਦਿੱਤੀਆਂ ਜਾ ਸਕਦੀਆਂ ਹਨ ਜਿਹਨਾਂ ਰਾਹੀਂ ਲੋਕਾਂ ਉੱਪਰ ਠੋਸੇ ਗਏ ਗਲਤ ਫੈਸਲਿਆਂ ਦੀ ਪੁਸਟੀ ਹੁੰਦੀ ਹੈ। ਹੁਣ ਰਾਜ ਸੱਤਾ ਦੇ ਜ਼ੋਰ ਇਸ ਸ਼੍ਰੇਣੀ ਵੱਲੋਂ ਪੁਰਾਣੀ ਸੰਸਕ੍ਰਿਤੀ ਨੂੰ ਧਰਮ ਦੇ ਪਰਦੇ ਹੇਠ ਸਮਾਜ ਵਿੱਚ ਲਾਗੂ ਕਰਨ ਲਈ ਪੱਬਾਂ ਭਾਰ ਹੋ ਕੇ ਜ਼ੋਰ ਅਜਮਾਈ ਕੀਤੀ ਜਾ ਰਹੀ ਹੈ, ਜਿਸ ਕਰਕੇ ਰਾਜਿਆਂ ਦੀ ਤਰ੍ਹਾਂ ਰਾਜ ਕਰਨ ਦੇ ਨਿਸ਼ਾਨ (ਸੰਗੋਲ) ਦੀ ਵਰਤੋਂ ਨਾਲ ਜਮਹੂਰੀਅਤ ਨੂੰ ਦਰ ਕਿਨਾਰ ਕੀਤਾ ਜਾ ਰਿਹਾ ਹੈ। ਇਸ ਕੰਮ ਲਈ ਵੀ ਧਰਮ ਨੂੰ

ਅੱਗੇ ਰੱਖਿਆ ਜਾ ਰਿਹਾ ਹੈ। ਦੇਸ਼ ਦੇ ਪ੍ਰਧਾਨ ਮੰਤਰੀ ਵੱਲੋਂ ਸੰਵਿਧਾਨਕ ਮਰਿਆਦਾਵਾਂ ਦੀ ਪਾਲਣਾ ਕਰਨ ਬਾਰੇ ਸੌਂਹ ਚੁੱਕਣ ਦੇ ਬਾਵਜੂਦ ਵੀ ਸ਼ਰੇਆਮ ਇੱਕ ਵਿਸ਼ੇਸ ਧਰਮ ਦੇ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਵੋਟਾਂ ਵਿੱਚ ਤਬਦੀਲ ਕਰਨ ਲਈ ਘੋਰ ਉਲੰਘਣਾ ਕੀਤੀ ਜਾ ਰਹੀ ਹੈ। ਮੰਦਰਾਂ ਦੇ ਨਾਂ ਹੇਠ ਦੇਸ਼ ਵਿੱਚ ਹੀ ਨਹੀਂ ਸਗੋਂ ਦੇਸ਼ ਤੋਂ ਬਾਹਰ ਆਬੂ ਧਾਬੀ ਵਿਚ ਜਾ ਕੇ ਵੀ ਮੰਦਰ ਉਦਘਾਟਨ ਸਮਾਰੋਹ ਵਿੱਚ ਭਾਗ ਲੈਂਦਿਆਂ ਸੱਤਾ ਦੀ ਦੁਰਵਰਤੋਂ ਕੀਤੀ ਗਈ ਹੈ। ਜਦੋਂ ਕਿ ਸੰਵਿਧਾਨ ਕਿਸੇ ਵੀ ਧਰਮ ਵਿੱਚ ਇਸ ਤਰ੍ਹਾਂ ਸਰਕਾਰੀ ਦਖਲ ਅਤੇ ਸਰਕਾਰੀ ਖਜ਼ਾਨੇ ਦੀ ਵਰਤੋਂ ਕਰਨ ਦੀ ਆਗਿਆ ਨਹੀਂ ਦਿੰਦਾ। ਅੱਜ ਕਿਸੇ ਵੀ ਸਿਆਸੀ ਪਾਰਟੀ ਕੋਲ ਦੇਸ਼ ਨੂੰ ਵਿਕਾਸ ਦੇ ਰਸਤੇ ਤੋਰਨ ਦਾ ਕੋਈ ਏਜੰਡਾ ਨਹੀਂ, ਸਗੋਂ ਧਰਮਾਂ, ਜਾਤਾਂ ਆਦਿ ਦੇ ਨਾਂ ’ਤੇ ਵੰਡਣ ਦੀ ਰਾਜਨੀਤੀ ਰਾਹੀਂ ਅੰਗਰੇਜਾਂ ਨੂੰ ਵੀ ਮਾਤ ਪਾਇਆ ਜਾ ਰਿਹਾ ਹੈ। ਇੱਥੋਂ ਤੱਕ ਕਿ ਦੇਸ ਦੀ ਅਜਾਦੀ ਲਈ ਕੁਰਬਾਨ ਹੋਏ ਗ਼ਦਰੀ ਸ਼ਹੀਦਾਂ ਅਤੇ ਭਗਤ ਸਿੰਘ ਵਰਗੇ ਲੋਕ ਨਾਇਕਾਂ ਦੀਆਂ ਕੁਰਬਾਨੀਆਂ ਨੂੰ ਵੀ ਆਪਣੇ ਰਾਜਸੀ ਹਿੱਤਾਂ ਲਈ ਵਰਤਿਆ ਜਾ ਰਿਹਾ ਹੈ। ਦੇਸ਼ ਨੂੰ ਈਸਟ ਇੰਡੀਆ ਕੰਪਨੀ ਦੀ ਲੁੱਟ ਤੋਂ ਮੁਕਤ ਕਰਵਾਉਣ ਲਈ ਇਹਨਾਂ ਵੱਲੋਂ ਦਿੱਤੀਆਂ ਕੁਰਬਾਨੀਆਂ ਨੂੰ ਭੁਲਾ ਕੇ, ਅੱਜ ਫਿਰ ਦੇਸ਼ ਦੀ ਅਜਿਹੀਆਂ ਹੀ ਵੱਡੀਆਂ ਕੰਪਨੀਆਂ/ਕਾਰਪੋਰੇਟਾਂ ਰਾਹੀਂ ਲੁੱਟ ਕਰਵਾਉਣ ਲਈ ਸਿਆਸਤਦਾਨਾਂ ਵੱਲੋਂ ਦੇਸ਼ ਵਿਰੋਧੀ ਨੀਤੀਆਂ ਬਣਾਈਆਂ ਜਾ ਰਹੀਆਂ ਹਨ। ਲੋਕਾਂ ਦੀਆਂ ਵੋਟਾਂ ਲੈ ਕੇ ਸੱਤਾ ’ਤੇ ਬਰਾਜਮਾਨ ਅਤੇ ਸੱਤਾ ਵਿਹੂਣੇ ਲੀਡਰ ਆਪਣੇ ਨਿੱਜ ਲਈ ਪਾਰਟੀਆਂ ਬਦਲਣ ਵੇਲੇ ਕਿਵੇਂ ਲੋਕਾਂ ਦੇ ਅੱਖੀਂ ਘੱਟਾ ਪਾ ਰਹੇ ਹਨ, ਸਾਰਾ ਦੇਸ਼ ਵੇਖ ਰਿਹਾ ਹੈ। ਸਾਰੀਆਂ ਪਾਰਟੀਆਂ ਵਿੱਚ ਆਪਣਾ ਰਾਜ ਸਥਾਪਿਤ ਕਰਨ ਲਈ ਕਿਵੇਂ ਇੱਕ ਦੂਜੀ ਪਾਰਟੀ ਦੇ ਵਿਧਾਇਕ, ਐਮ.ਪੀ. ਆਦਿ ਨੂੰ ਧਮਕਾ ਕੇ ਜਾਂ ਖਰੀਦੋ ਫਰੋਖਤ ਕਰਨ ਦੀ ਦੌੜ ਚੱਲ ਰਹੀ ਹੈ ਵੀ ਕੋਈ ਲੁਕੀ ਛਿਪੀ ਗੱਲ ਨਹੀਂ ਰਹੀ। ਕਿਵੇਂ ਰਾਜ ਸੱਤਾ ’ਤੇ ਬਣੇ ਰਹਿਣ ਲਈ ਸਰਕਾਰੀ ਏਜੰਸੀਆਂ ਦੀ ਦੁਰ ਵਰਤੋਂ ਕਰਕੇ ਵੱਡੀਆਂ ਕਾਰੋਬਾਰੀ ਕੰਪਨੀਆਂ ਪਾਸੋਂ ਡਰਾ ਧਮਕਾ ਕੇ ਹਜ਼ਾਰਾਂ ਕਰੋੜ ਰੁਪਏ ਦੇ ਫੰਡ ਬਟੋਰੇ ਗਏ, ਜਿਸ ਨੂੰ ਸੁਪਰੀਮ ਕੋਰਟ ਨੇ ਗੈਰ ਕਾਨੂੰਨੀ ਕਰਾਰ ਦੇ ਕੇ ਸਿਆਸਤਦਾਨਾਂ ਦਾ ਭ੍ਰਿਸ਼ਟ ਚੇਹਰਾ ਬੇ ਨਿਕਾਬ ਕੀਤਾ ਹੈ, ਵੀ ਸਭ ਦੇ ਸਾਹਮਣੇ ਹੈ। ਦੂਜੇ ਪਾਸੇ ਦੇਸ਼ ਵਿੱਚ ਬੇਰੋਜਗਾਰੀ, ਭ੍ਰਿਸ਼ਟਾਚਾਰ, ਮਹਿੰਗਾਈ ਤੇ ਭੁੱਖਮਰੀ ਸਿੱਖਰ ’ਤੇ ਹੈ। ਸਰਕਾਰ 80 ਕ੍ਰੋੜ ਤੋਂ ਵੀ ਵੱਧ ਲੋਕਾਂ ਨੂੰ ਮੁਫ਼ਤ ਰਾਸ਼ਣ ਦੇਣ ਨੂੰ ਬੜੀ ਬੇਸ਼ਰਮੀ ਨਾਲ ਵੋਟਾਂ ਪ੍ਰਾਪਤ ਲਈ ਆਪਣੀ ਪ੍ਰਾਪਤੀ ਤਾਂ ਦੱਸ ਰਹੀ ਹੈ, ਪਰ ਉਹਨਾਂ ਲਈ ਰੋਜਗਾਰ ਦੇ ਪ੍ਰਬੰਧ ਕਰਨ ਪੱਖੋਂ ਚੁੱਪ ਹੈ। ਧਰਮ ਸਥਾਨਾਂ ਦੇ ਬਾਹਰ ਭਿਖਾਰੀਆਂ ਦੀਆਂ ਭੀੜਾਂ ਵੀ ਕਿਸੇ ਤੋਂ ਲੁਕੀਆਂ ਛਿਪੀਆਂ ਨਹੀਂ। ਇਹ ਗੱਲ ਵੀ ਚਿੱਟੇ ਦਿਨ ਵਾਂਗ ਸਪਸਟ ਹੋ ਚੁੱਕੀ ਹੈ ਕਿ ਧਰਮਾਂ ਅਤੇ ਸਿਆਸਤਦਾਨਾਂ ਦਾ ਆਪਸੀ ਕਿੰਨਾ ਗੂਹੜਾ ਸਬੰਧ ਹੈ ਜੋ ਕਿ ਇੱਕ ਦੂਜੇ ਦੇ ਸਹਿਯੋਗ ਨਾਲ ਲੋਕਾਂ ਨੂੰ ਮੂਰਖ ਬਣਾਉਣ ਲਈ ਆਪਣੀ ਸਾਂਝ ਬਰਕਰਾਰ ਰੱਖਦੇ ਹਨ।

ਇਹਨਾਂ ਹਾਲਾਤਾਂ ਵਿੱਚ ਦੇਸ਼ ਨੂੰ ਅਜਿਹੇ ਦੌਰ ’ਚੋਂ ਮੁਕਤ ਕਰਵਾਉਣ ਲਈ ਲੋਕਾਂ ਦੀ ਕੀ ਜ਼ਿੰਮੇਵਾਰੀ ਬਣਦੀ ਹੈ, ਦਾ ਮੁੱਦਾ ਬਹੁਤ ਧਿਆਨ ਦੀ ਮੰਗ ਕਰਦਾ ਹੈ। ਜਿਹੜੇ ਦੇਸ਼ ਵਾਸੀ ਅਜਿਹੀਆਂ ਸਿਆਸੀ ਪਾਰਟੀਆਂ ਅਤੇ ਧਰਮਾਂ ਦੇ ਵਖਰੇਵਿਆਂ ਵਿੱਚ ਉਲਝ ਕੇ ਇੱਕ ਦੂਜੇ ਦਾ ਖ਼ੂਨ ਵਹਾਉਣ ਤੱਕ ਚਲੇ ਜਾਂਦੇ ਹਨ, ਉਹਨਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਸਿਆਸੀ ਪਾਰਟੀਆਂ ਨੇ ਹਮੇਸ਼ਾ ਧਰਮ ਦੀ ਵਰਤੋਂ ਕਰਦਿਆਂ ਸਮਾਜ ਵਿੱਚ ਵੰਡੀਆਂ ਪਾ ਕੇ ਆਪਣੇ ਨਿੱਜੀ ਹਿੱਤਾਂ ਦੀ ਹੀ ਪੂਰਤੀ ਕੀਤੀ ਹੈ। ਦੇਸ਼ ਦੇ ਅਸਲ ਮੁੱਢਲੇ ਮੁੱਦੇ ਜਿਹਨਾਂ ਵਿੱਚ ਸਿੱਖਿਆ, ਬੇਰੋਜਗਾਰੀ, ਸਿਹਤ, ਗਰੀਬੀ, ਮਹਿੰਗਾਈ ਆਦਿ ਗਿਣਨ ਯੋਗ ਹਨ, ਵਿੱਚੋਂ ਕੋਈ ਵੀ ਕਿਸੇ ਦੇ ਏਜੰਡੇ ’ਤੇ ਨਹੀਂ। ਸਿਰਫ਼ ਵੋਟਾਂ ਵੇਲੇ ਵਾਅਦੇ ਕਰ ਲਏ ਜਾਂਦੇ ਹਨ, ਪਰ ਰਾਜ ਗੱਦੀਆਂ ਸਾਂਭ ਲੈਣ ਬਾਅਦ ਜੋ ਕੁੱਝ ਲੋਕਾਂ ਨਾਲ ਵਾਪਰਦਾ ਹੈ, ਬਾਰੇ ਚਰਚਾ ਦੀ ਲੋੜ ਨਹੀਂ, ਸਭ ਜਾਣਦੇ ਹਨ। ਇਸ ਦੌਰ ਵਿੱਚ ਅਜਿਹੇ ਦੇਸ਼ ਵਿਰੋਧੀ ਰਾਜ ਪ੍ਰਬੰਧ ਲਈ ਜ਼ਿੰਮੇਵਾਰ ਸਿਆਸੀ ਪਾਰਟੀਆਂ ਅਤੇ ਧਰਮਾਂ ਦੀ ਮਿਲੀ ਭੁਗਤ ਨਾਲ ਖੇਡੀ ਜਾ ਰਹੀ ਖੇਡ ਨੂੰ ਸਮਝਣਾ ਬੇਹੱਦ ਜਰੂਰੀ ਹੈ। ਹਰ ਪਾਰਟੀ ਅਤੇ ਧਰਮਾਂ ਦੇ ਲੋਕਾਂ ਦੀਆਂ ਜੀਵਨ ਸਮੱਸਿਆਵਾਂ ਇੱਕੋ ਹਨ, ਇਸ ਕਰਕੇ ਲੋਕਾਂ ਨੂੰ ਸਿਆਸੀ ਪਾਰਟੀਆਂ ਅਤੇ ਧਰਮਾਂ ਦੀ ਰਾਜਨੀਤੀ ਵਿੱਚੋਂ ਉੱਪਰ ਉੱਠਕੇ ਆਪਸੀ ਭਾਈਚਾਰਕ ਅਤੇ ਜੱਥੇਬੰਦਕ ਸਾਂਝ ਬਣਾਕੇ ਇਹਨਾਂ ਨੂੰ ਚਣੌਤੀ ਦੇਣੀ ਪਏਗੀ। ਇਸ ਲਈ ਅੱਜ ਵੋਟਾਂ ਦੇ ਦੌਰ ਵਿੱਚ ਹਰ ਇਕ ਵੋਟਰ ਨੂੰ ਇਹ ਗੀਤ “ਤੁਸੀਂ ਘੇਰ-ਘੇਰ ਪੁੱਛੋ ਵੋਟਾਂ ਪਾਉਣ ਵਾਲਿਓ, ਥੋਡਾ ਕਿਉਂ ਹੈ ਮੰਦਾ ਹਾਲ” ਆਪਣੀ ਜੁਬਾਨ ’ਤੇ ਲਿਆ ਕੇ ਹਰ ਸਿਆਸੀ ਆਗੂ ਤੋਂ ਸਵਾਲ ਪੁੱਛਣ ਦੀ ਲੋੜ ਹੈ। ਜੇ ਇਸੇ ਜ਼ਿੰਦਗੀ ਵਿੱਚ ਇਸੇ ਧਰਤੀ ਨੂੰ ਸਵਰਗ ਬਣਾਉਣਾ ਚਾਹੁੰਦੇ ਹੋ ਤਾਂ ਦੇਸ਼ ਦੀ ਲੁੱਟ ਕਰਨ ਵਾਲੀ ਹਰ ਧਾਰਮਿਕ ਤੇ ਸਿਆਸੀ ਤਾਕਤ ਨੂੰ ਵੰਗਾਰਨ ਲਈ ਆਪਣੀ ਜੱਥੇਬੰਦਕ ਤਾਕਤ ਨੂੰ ਪੱਕਾ ਕਰਦਿਆਂ ਅੱਗੇ ਆਉਣਾ ਪਏਗਾ।

ਲੁਧਿਆਣਾ (98151-69825)

ਯੂ. ਕਲਾਨਾਥਨ ਜੀ ਨਹੀਂ ਰਹੇ : ਸੰਘਰਸ਼ੀ ਜੀਵਨ ਨੂੰ ਸਲਾਮ

ਭਾਰਤ ਵਿੱਚ ਤਰਕਸ਼ੀਲ ਲਹਿਰ ਦੇ ਪ੍ਰਮੁੱਖ ਆਗੂ, ਫੈਡਰੇਸ਼ਨ ਆਫ਼ ਇੰਡੀਅਨ ਰੈਸ਼ਨਲਿਸਟ ਐਸੋਸੀਏਸ਼ਨ (F.I.R.A.) ਦੇ ਸਰਪ੍ਰਸਤ ਅਤੇ ਸਾਬਕਾ ਮੁੱਖ ਸਕੱਤਰ ਕੇਰਲ ਦੇ ਰਹਿਣ ਵਾਲੇ ਯੂ. ਕਲਾਨਾਥਨ ਜੀ ਦੀ 84 ਸਾਲ ਦੀ ਉਮਰ ਵਿੱਚ 6 ਮਾਰਚ 2024 ਨੂੰ ਮੌਤ ਹੋ ਗਈ। ਯੂ. ਕਲਾਨਾਥਨ ਜੀ ਆਪਣੇ ਮਹਾਨ ਕਾਰਜਾਂ ਅਤੇ F.I.R.A. ਦੇ ਪ੍ਰਚਾਰ-ਪ੍ਰਸਾਰ ਵਿੱਚ ਪਾਏ ਯੋਗਦਾਨ ਦੇ ਲਈ ਹਮੇਸ਼ਾ ਯਾਦ ਕੀਤੇ ਜਾਂਦੇ ਰਹਿਣਗੇ। ਉਹਨਾਂ ਦਾ ਮ੍ਰਿਤਕ ਸਰੀਰ 7 ਮਾਰਚ 2024 ਨੂੰ ਖੋਜ ਕਾਰਜਾਂ ਲਈ ਮੈਡੀਕਲ ਕਾਲਜ ਨੂੰ ਪ੍ਰਦਾਨ ਕੀਤਾ ਗਿਆ।



ਇੱਕ ਸਕੂਲ ਦੇ ਸਾਇੰਸ ਅਧਿਆਪਕ ਦੇ ਰੂਪ ਵਿੱਚ ਉਹਨਾਂ ਨੇ ਆਪਣੇ ਫਰਜ਼ਾਂ ਨੂੰ ਪ੍ਰਤੀਬਧਤਾ, ਇਮਾਨਦਾਰੀ ਨਾਲ ਨਿਭਾਉਣ ਦੇ ਨਾਲ-ਨਾਲ ਆਪਣਾ ਜੀਵਨ ਵਿਗਿਆਨਕ ਚੇਤਨਾ ਅਤੇ ਤਰਕਸ਼ੀਲਤਾ ਦੇ ਪ੍ਰਚਾਰ-ਪ੍ਰਸਾਰ ਲਈ ਸਮਰਪਿਤ ਕੀਤਾ। ਕੇਰਲ ਰਾਜ ਵਿੱਚ "ਯੁਕਤੀਵਾਦੀ ਸੰਗਮ" (ਇੱਕ ਤਰਕਸ਼ੀਲ ਸੰਗਠਨ) ਦੀਆਂ ਸਰਗਰਮੀਆਂ ਵਿੱਚ ਹਮੇਸ਼ਾ ਕ੍ਰਿਆਸ਼ੀਲ ਰਹਿਣ ਦੇ ਨਾਲ-ਨਾਲ ਉਹ F.I.R.A. ਲਈ ਲਗਾਤਾਰ ਕੰਮ ਕਰਦੇ ਰਹੇ। ਉਹਨਾਂ ਨੇ ਮਲਿਆਲਮ ਵਿੱਚ ਛਪਦੇ ਤਰਕਸ਼ੀਲ ਮੈਗਜ਼ੀਨ "ਯੁਕਤੀਵਾਦੀ" ਨੂੰ ਲਗਾਤਾਰ ਵਿਕਾਸ ਦੇ ਰਾਹ 'ਤੇ ਤੋਰਿਆ। ਧਰਮ ਨੂੰ ਰਾਜਨੀਤੀ ਤੋਂ ਵੱਖ ਕਰਨ ਦੇ ਬਿਲ ਦਾ ਖਰੜਾ ਉਹਨਾਂ ਨੇ ਤਿਆਰ ਕੀਤਾ ਅਤੇ ਇਸ ਨੂੰ ਪਾਰਲੀਮੈਂਟ ਵਿਚ ਪੇਸ਼ ਕਰਵਾਉਣ ਲਈ F.I.R.A. ਨਾਲ ਜੁੜੀਆਂ ਸਾਰੀਆਂ ਜਥੇਬੰਦੀਆਂ ਨੂੰ ਇਕੱਠਾ ਕਰਕੇ ਦਿੱਲੀ ਜੰਤਰ-ਮੰਤਰ 'ਤੇ ਧਰਨਾ ਦਿੱਤਾ। F.I.R.A. ਦੇ ਮੁੱਖ ਸਕੱਤਰ ਦੇ ਰੂਪ ਵਿੱਚ ਆਪਣੇ ਕਾਰਜਕਾਲ ਦੇ ਸਮੇਂ ਉਹਨਾਂ ਨੇ ਬਹੁਤ ਇਮਾਨਦਾਰੀ ਨਾਲ ਜ਼ਿੰਮੇਵਾਰੀਆਂ ਨੂੰ ਨਿਭਾਇਆ ਅਤੇ ਵੱਖ-ਵੱਖ ਸਰਗਰਮੀਆਂ ਨੂੰ ਸਰਗਰਮੀ ਨਾਲ ਜਾਰੀ ਰੱਖਿਆ। ਉਹਨਾਂ ਨੇ ਸੰਗਠਨਾਤਮਕ ਤੌਰ 'ਤੇ UGC (ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ) 'ਤੇ ਹਮੇਸ਼ਾ ਧਰਮ ਨਿਰਪੇਖ ਰੂਪ ਵਿੱਚ ਕੰਮ ਕਰਨ ਲਈ ਦਬਾਅ ਬਣਾਇਆ ਅਤੇ ਨਾਲ ਹੀ ਕੌਮੀ ਪੱਧਰ 'ਤੇ ਅੰਧ-ਵਿਸ਼ਵਾਸ਼ਾਂ ਦੇ ਖਿਲਾਫ਼ ਕਾਨੂੰਨ ਬਨਾਉਣ ਦੀ ਮੰਗ F.I.R.A. ਦੇ ਬੈਨਰ ਹੇਠ ਰੱਖੀ।

ਉਹ 1984 ਤੱਕ C.P.I. (M) ਦੇ ਮੈਂਬਰ ਰਹੇ। ਇਸ ਤੋਂ ਬਾਅਦ ਉਹ ਆਪਣੀ ਮੌਤ ਤੀਕ ਖੱਬੇ ਪੱਖੀ ਦ੍ਰਿਸ਼ਟੀਕੋਣ ਵਾਲੇ ਇੱਕ ਆਜ਼ਾਦਾਨਾ ਚਿੰਤਕ ਦੇ ਤੌਰ 'ਤੇ ਵਿਚਰੇ। ਉਹ ਦਸ ਸਾਲ ਗਰਾਮ ਪੰਚਾਇਤ ਦੇ ਮੁਖੀ ਵੀ ਰਹੇ। ਬਹੁਤ ਸਾਰੇ ਸਮਾਜਿਕ ਅੰਦੋਲਨਾਂ ਵਿੱਚ ਉਹਨਾਂ ਦੀ ਪ੍ਰਮੁੱਖ ਆਗੂਆਨਾ ਹੈਸੀਅਤ ਰਹੀ। ਆਪਣੇ ਇਲਾਕੇ ਵਿੱਚ ਉਹ ਆਮ ਜਨਤਾ ਵਿੱਚ ਵੱਡੇ ਪੱਧਰ 'ਤੇ ਹਰਮਨ ਪਿਆਰੇ ਸਨ। ਦੁਖੀ, ਪੀੜਤ ਜਨਤਾ ਨਾਲ ਉਹਨਾਂ ਦੀਆਂ ਵਿਅਕਤੀਗਤ ਅਤੇ ਸਮੂਹਿਕ ਦਿੱਕਤਾਂ ਵਿੱਚ ਖੜ੍ਹਨਾ ਅਤੇ ਉਹਨਾਂ ਦੇ ਹੱਕਾਂ ਦੀ ਪੈਰਵੀ ਕਰਨਾ ਉਹਨਾਂ ਦਾ ਰੋਜ਼ਾਨਾ ਦਾ ਕੰਮ ਸੀ।

ਮਲਿਆਲਮ ਭਾਸ਼ਾ ਅਤੇ ਸਾਹਿਤ ਨੂੰ ਉਹਨਾਂ ਦੀ ਦੇਣ ਨੂੰ ਮੁੱਖ ਰੱਖਦਿਆਂ 2019 ਵਿੱਚ ਉਹਨਾਂ ਨੂੰ ਕੇਰਲਾ ਸਾਹਿਤ ਅਕਾਦਮੀ ਪੁਰਸਕਾਰ ਮਿਲਿਆ। ਉਹਨਾਂ ਦੀਆਂ ਪ੍ਰਮੁੱਖ ਕਿਤਾਬਾਂ ਹਨ :

1. ਕੀ ਆਤਮਾ ਦੀ ਹੋਂਦ ਸੱਚਾਈ ਹੈ ਜਾਂ ਮਿੱਥ ?
2. ਧਰਮ : ਸਮਾਜਿਕ ਵਿਕਾਸ ਦਾ ਦੁਸ਼ਮਣ
3. ਇਸਲਾਮ ਅਤੇ ਤਰਕਸ਼ੀਲਤਾ
4. ਧਰਮ ਨਿਰਪੇਖਤਾ ਅਤੇ ਇਕਸਾਰ ਸਿਵਲ ਕੋਡ ਆਦਿ

ਉਹਨਾਂ ਦੀ ਜੀਵਨ ਸਾਥਣ ਐਮ. ਕੇ. ਸ਼ਭੰਨਾ ਅਤੇ ਪੁੱਤਰ ਸ਼ਮੀਰ ਨੇ ਹਮੇਸ਼ਾ ਉਹਨਾਂ ਦਾ ਵਿਚਾਰਧਾਰਕ ਸਾਥ ਦਿੱਤਾ ਹੈ।

ਉਹ ਲਗਾਤਾਰ ਨਿਡਰ ਹੋ ਕੇ ਕੰਮ ਕਰਦੇ ਰਹੇ। ਇੱਥੋਂ ਤੱਕ ਕਿ ਕੁਝ ਵਿਰੋਧੀ ਤਾਕਤਾਂ ਵਲੋਂ ਇੱਕ ਵਾਰ ਉਹਨਾਂ ਦੇ ਘਰ 'ਤੇ ਹਮਲਾ ਵੀ ਕੀਤਾ ਗਿਆ ਸੀ, ਪਰ ਉਹ ਡੋਲੇ ਨਹੀਂ। ਤਰਕਸ਼ੀਲ ਸੁਸਾਇਟੀ ਪੰਜਾਬ ਉਹਨਾਂ ਦੇ ਪਰਿਵਾਰਿਕ ਮੈਂਬਰਾਂ ਨਾਲ ਹਮਦਰਦੀ ਪ੍ਰਗਟਾਉਂਦਿਆਂ ਆਪਣੇ ਸਨਮਾਨ ਦਾ ਪ੍ਰਗਟਾਵਾ ਕਰਦੀ ਹੈ ਅਤੇ ਉਹਨਾਂ ਦੀ ਤਰਕਸ਼ੀਲ ਲਹਿਰ ਨੂੰ ਦੇਣ ਨੂੰ ਸਲਾਮ ਕਰਦੀ ਹੈ। ਉਹ ਕਾਲੀਕਟ ਯੂਨੀਵਰਸਿਟੀ ਦੇ ਸੈਨੇਟ ਮੈਂਬਰ, ਬਲਾਕ ਵਿਕਾਸ ਕਮੇਟੀ ਦੇ ਉਪ ਪ੍ਰਧਾਨ, ਪਰਾਪਨਗੜੀ ਹਸਪਤਾਲ ਦੇ ਡਾਇਰੈਕਟਰ, ਕਲਾ ਸਾਹਿਤ ਸੰਗਮ ਦੇ ਜ਼ਿਲ੍ਹਾ ਆਗੂ ਆਦਿ ਵੀ ਰਹੇ ਸਨ।

ਹਰਚੰਦ ਭਿੰਡਰ (70874 25755)

ਨਿਰਮਲ ਸਿੰਘ ਸੰਘਾ : ਜੀਵਨ ਘਾਲਣਾ ਨੂੰ ਸਲਾਮ

ਨਿੱਤ ਨਵੇਂ ਉਤਸ਼ਾਹ ਨਾਲ ਮੰਜ਼ਿਲ ਦਾ ਰਾਹ ਫੜ੍ਹਦੇ। ਔਕੜਾਂ ਵਿੱਚ ਵੀ ਆਸਾਂ ਦੇ ਦੀਵੇ ਜਗਾ ਕੇ ਰਖਦੇ। ਹਰ ਪਹੁ ਫੁਟਾਲਾ ਉਨ੍ਹਾਂ ਲਈ ਨਵੀਆਂ ਉਮੰਗਾਂ ਦਾ ਪ੍ਰਤੀਕ ਹੁੰਦਾ। ਹਮੇਸ਼ਾ ਕੁਝ ਨਵਾਂ, ਅਨੂਠਾ ਕਰਨ ਲਈ ਤੱਤਪਰ ਰਹਿੰਦੇ। ਬੁਲੰਦ ਇਰਾਦਿਆਂ ਨਾਲ ਹੋਰਨਾਂ ਦੇ ਭਲੇ ਦੀ ਅਲਖ ਜਗਾਈ ਰਖਦੇ। ਜ਼ਿੰਦਗੀ ਨੂੰ ਸੁਖਾਲਾ ਕਰਨ ਤੇ ਸਭਨਾਂ ਦੀ ਖੁਸ਼ੀ ਲਈ ਨਵੇਂ ਰਾਹ ਤਲਾਸ਼ਦੇ। ਅਜਿਹੀ ਹੀ ਬੁਲੰਦ ਸ਼ਖਸ਼ੀਅਤ ਦਾ ਮਾਲਕ ਸੀ ਪਿੰਡ ਸੰਘੇ ਖਾਲਸਾ (ਜਲੰਧਰ) ਦਾ ਇੰਗਲੈਂਡ ਵਸਦਾ ਪੁੱਤਰ ਨਿਰਮਲ ਸਿੰਘ ਸੰਘਾ। ਆਪਣੇ ਪਿੰਡ ਦੀ ਮਿੱਟੀ ਨਾਲ ਜੁੜਿਆ। ਸਮਾਜ ਨੂੰ ਸਾਵਾਂ ਸੁਖਾਵਾਂ ਵੇਖਣਾ ਲੋਚਦਾ।



ਪਹਿਲਾਂ ਪਹਿਲ ਆਪਣੇ ਦੋ ਹੋਰ ਸੰਗੀਆਂ ਸਤਿਨਾਮ ਸਿੰਘ ਰੰਧਾਵਾ ਤੇ ਸੰਤੋਖ ਸਿੰਘ ਸੰਘਾ ਨਾਲ ਮਿਲ ਕੇ ਪਿੰਡ ਦੇ ਬਾਹਰਵਾਰ ਬੋਹੜ ਹੇਠ ਲਗਦੇ ਪ੍ਰਾਇਮਰੀ ਸਕੂਲ ਦੀ ਕਾਇਆ ਕਲਪ ਕਰਨ ਦੀ ਵਿਉਂਤ ਬਣਾਈ। ਪਿੰਡ ਵਿੱਚ ਵਿਦੇਸ਼ ਵਸਦੇ ਪਰਿਵਾਰ ਦੇ ਖਾਲੀ ਪਏ ਘਰ ਨੂੰ ਸਕੂਲ ਵਿੱਚ ਬਦਲਣ ਲਈ ਕੋਸ਼ਿਸ਼ਾਂ ਸ਼ੁਰੂ ਕੀਤੀਆਂ। ਪਰਿਵਾਰ ਮੁਖੀ ਨੂੰ ਮਿਲ ਘਰ ਸਕੂਲ ਲਈ ਦਾਨ ਕਰਵਾਇਆ। ਉਨ੍ਹਾਂ ਗਿਆਨ ਦੀ ਅਹਿਮੀਅਤ ਨੂੰ ਧਿਆਨ ਵਿੱਚ ਰਖਦਿਆਂ ਇੱਕ ਲੱਖ ਰੁਪਿਆ ਸਹਾਇਤਾ ਵੀ ਨਾਲ ਦਿੱਤੀ। ਸਕੂਲ ਪਿੰਡ ਵਿੱਚ ਆਇਆ। ਪਿੰਡ ਦੇ ਬੱਚਿਆਂ ਤੇ ਮਾਪਿਆਂ ਨੂੰ ਸਹੂਲਤ ਮਿਲੀ।

ਨਿਰਮਲ ਸੰਘਾ ਨੇ ਆਪਣੇ ਦੋਹਾਂ ਸਨੇਹੀਆਂ ਨਾਲ ਮਿਲ ਪਿੰਡ ਵਿਚ ਖੇਡ ਦਾ ਮੈਦਾਨ ਬਣਾਇਆ। ਨੌਜੁਆਨਾਂ ਨੂੰ ਖੇਡਣ ਲਈ ਪ੍ਰੇਰਿਤ ਕੀਤਾ। ਨੌਜੁਆਨਾਂ ਨੂੰ ਨਸ਼ਿਆਂ ਤੋਂ ਬਚਾਉਣ ਤੇ ਜੀਵਨ ਸੇਧ ਦੇਣ ਲਈ ਸਲਾਨਾ ਖੇਡ ਮੇਲਾ ਕਰਵਾਉਣਾ ਆਰੰਭ ਕੀਤਾ। ਇੱਕ ਖੇਡ ਪ੍ਰਮੋਟਰ ਵਜੋਂ ਪਿੰਡ ਹੀ ਨਹੀਂ ਇਲਾਕੇ ਦੇ ਅਨੇਕਾਂ ਨੌਜੁਆਨਾਂ ਨੂੰ ਸਫਲਤਾ ਦੇ ਰਾਹ ਤੋਰਿਆ। ਆਪਣੇ ਪਿੰਡ ਦੀਆਂ ਗਲੀਆਂ ਨਾਲੀਆਂ ਪੱਕੀਆਂ ਕਰਨ ਦੀ ਵਿਉਂਤ ਬਣਾ ਕੇ ਉਦਘਾਟਨ ਲਈ ਪੰਜਾਬੀ ਸਾਹਿਤ ਜਗਤ ਦੇ ਪੰਜ ਨਾਮਵਰ ਲੇਖਕਾਂ ਸੁਰਜੀਤ ਪਾਤਰ, ਵਰਿਆਮ ਸੰਧੂ, ਬਲਵੀਰ ਪ੍ਰਵਾਨਾ ਨੂੰ ਬੁਲਾਇਆ।

ਆਪਣੀ ਬੇਟੀ ਦੇ ਵਿਆਹ ਵੇਲ਼ੇ ਪਿੰਡ ਦੇ ਵਿਕਾਸ ਲਈ ਤਿੰਨਾਂ ਸੰਗੀਆਂ ਨੇ ਤਿੰਨ ਲੱਖ ਰੁਪਏ ਦਾ ਸਾਂਝਾ ਫੰਡ ਕਾਇਮ ਕੀਤਾ। ਜਿਸ ਉਪਰੰਤ ਓਵਰਸੀਜ਼ ਵੈਲਫੇਅਰ ਸੁਸਾਇਟੀ ਦਾ ਗਠਨ ਕੀਤਾ। ਇਸ ਸਾਂਝੇ ਫੰਡ ਵਿੱਚ ਪਿੰਡ ਵਾਸੀਆਂ ਨੇ ਵੀ ਭਰਵਾਂ ਯੋਗਦਾਨ ਪਾਇਆ। ਇਹ ਫੰਡ ਪਿੰਡ ਦੀ ਭਲਾਈ ਦੇ ਨਾਲ ਨਾਲ ਲੋੜਵੰਦਾਂ ਦੀ ਸਹਾਇਤਾ ਲਈ ਵੀ ਦਿੱਤਾ ਜਾਂਦਾ। ਪਿੰਡ ਵਿੱਚ ਲੋੜਵੰਦਾਂ ਦੀ ਮੱਦਦ ਲਈ ਪਿੰਡ ਦੀਆਂ ਧੀਆਂ ਦੇ ਵਿਆਹ ਵੇਲ਼ੇ ਆਰਥਿਕ ਸਹਾਇਤਾ ਦੇਣ ਦੀ ਪਿਰਤ ਤੋਰੀ। ਜਿਹੜੀ ਹੁਣ ਤੱਕ ਵੀ ਜਾਰੀ ਹੈ।

ਪਿੰਡ ਦਾ ਛੱਪੜ ਪੂਰਨ ਦਾ ਵੱਡਾ ਕਾਰਜ ਹੱਥ ਲਿਆ। ਵਿਦੇਸ਼ ਵਸਦੇ ਪਿੰਡ ਵਾਸੀ ਵੀ ਨਾਲ ਆਏ। ਪਿੰਡ ਨੂੰ ਮਾਡਲ ਪਿੰਡ ਬਣਾਉਣ ਦਾ ਸੁਪਨਾ ਸਾਕਾਰ ਕਰਨ ਲਈ ਨਵਾਂ ਸੀਵਰੇਜ ਸਿਸਟਮ ਬਣਾਇਆ। ਸੀਵਰੇਜ ਦੇ ਪਾਣੀ ਦੀ ਮੁੜ ਵਰਤੋਂ ਲਈ ਟਰੀਟਮੈਂਟ ਪਲਾਂਟ ਲਗਾਇਆ। ਮਹਿੰਗੀਆਂ ਮਸ਼ੀਨਾਂ ਲਿਆ ਕੇ ਸੀਵਰੇਜ ਦੇ ਪਾਣੀ ਨੂੰ ਸਾਫ਼ ਕਰਕੇ ਖ਼ੇਤਾਂ ਲਈ ਮੁੜ ਵਰਤੋਂ ਦੇ ਯੋਗ ਬਣਾਇਆ। ਮੀਂਹ ਦੇ ਪਾਣੀ ਨੂੰ ਪਿੰਡ ਦੇ ਚੁਫੇਰੇ ਪਾਈਪਾਂ ਪਾ ਕੇ ਮੁੜ ਧਰਤੀ ਵਿੱਚ ਭੇਜਣ ਦਾ ਪ੍ਰਬੰਧ ਕੀਤਾ। ਉਹ ਆਪਣੇ ਇਲਾਕੇ ਦੇ ਹੁਸ਼ਿਆਰ ਵਿਦਿਆਰਥੀਆਂ ਦਾ ਸਨਮਾਨ ਕਰਦੇ। ਵਿਦਿਆਰਥੀਆਂ ਦੇ ਮੁਕਾਬਲੇ ਕਰਵਾਉਂਦੇ। ਹੌਂਸਲਾ ਅਫਜ਼ਾਈ ਕਰਦੇ, ਇਨਾਮ ਦਿੰਦੇ।

ਆਪਣੇ ਇੱਕ ਸਨੇਹੀ ਪਿਆਰਾ ਸਿੰਘ ਦੀ ਮੌਤ ਉਪਰੰਤ ਉਨ੍ਹਾਂ ਦੇ ਪਰਿਵਾਰ ਨਾਲ ਮਿਲ ਕੇ ਪਿੰਡ ਸੰਘੇ ਖਾਲਸਾ ਦੇ ਬਾਹਰਵਾਰ ਤਿੰਨ ਪਿੰਡਾਂ ਵਿਚਕਾਰ ਜਿੰਮ ਬਣਵਾਇਆ।

ਲੇਖਕਾਂ, ਤਰਕਸ਼ੀਲਾਂ ਤੇ ਦੇਸ਼ ਭਗਤਾਂ ਦਾ ਕਦਰਦਾਨ ਸੀ- ਨਿਰਮਲ ਸਿੰਘ ਸੰਘਾ। ਤਰਕਸ਼ੀਲ ਭਵਨ ਦੀ ਉਸਾਰੀ ਵੇਲ਼ੇ ਸਾਥੀ ਭਗਵੰਤ ਯੂ.ਕੇ. ਵੱਲੋਂ ਸੈਮੀਨਾਰ ਹਾਲ ਭੇਜੇ ਸਾਊਂਡ ਪਰੂਫ ਸਿਸਟਮ ਨੂੰ ਫਿੱਟ ਕਰਵਾਉਣ ਦਾ ਸਾਰਾ ਖਰਚਾ ਆਪਣੇ ਸਿਰ ਓਟਿਆ। ਆਪਣੇ ਪਿੰਡ ਵਿਗਿਆਨਕ ਚੇਤਨਾ ਦੇ ਪ੍ਰਚਾਰ ਪਸਾਰ ਲਈ ਤਰਕਸ਼ੀਲ ਨਾਟਕ ਮੇਲੇ ਕਰਵਾਉਣ ਦੀ ਪਹਿਲ ਕਦਮੀ ਕੀਤੀ। ਦੇਸ਼ ਭਗਤ ਹਾਲ ਵਿੱਚ ਲਗਦੇ ਗ਼ਦਰੀ ਬਾਬਿਆਂ ਦੇ ਮੇਲੇ ਵਿੱਚ ਲਗਾਤਾਰ ਸਹਾਇਤਾ ਭੇਜਦੇ। ਇਸ ਕਰਮਯੋਗੀ ਦੀ ਜੀਵਨ ਘਾਲਣਾ ਹਮੇਸ਼ਾ ਪ੍ਰੇਰਨਾ ਸ੍ਰੋਤ ਰਹੇਗੀ। **-ਰਾਮ ਸਵਰਨ ਲੱਖੇਵਾਲੀ (95010 06626)**

ਪ੍ਰਾਪਤ ਆਰਥਿਕ ਸਹਾਇਤਾ

ਸੂਬਾ ਕਮੇਟੀ

ਜਰਨੈਲ ਕ੍ਰਾਂਤੀ 3000
(10 ਅਪ੍ਰੈਲ ਨੂੰ 85 ਵੇਂ ਜਨਮ ਦਿਨ 'ਤੇ)

ਮੈਗਜ਼ੀਨ ''ਤਰਕਸ਼ੀਲ''

1.ਸੁਖਦੇਵ ਫਗਵਾੜਾ (ਜੀਵਨ ਸਾਥਣ ਸਰੀਰ ਪ੍ਰਦਾਨੀ ਹਰਬੰਸ ਕੌਰ ਜੀ ਦੇ ਸਤਿਕਾਰ ਸਮਾਗਮ 'ਤੇ) 5000
2. ਮੂਲ ਰਾਜ (ਇਕਾਈ ਬਠਿੰਡਾ) 500

ਕ੍ਰਿਸ਼ਨ ਬਰਗਾੜੀ ਯਾਦਗਾਰੀ ਸਮਾਗਮ

ਜਰਨੈਲ ਕ੍ਰਾਂਤੀ 10000

ਜ਼ੋਨ

1. **ਚੰਡੀਗੜ੍ਹ :**
ਜਰਨੈਲ ਕ੍ਰਾਂਤੀ 1000

2. **ਜਲੰਧਰ :**
1. ਇਕਾਈ ਸ਼ਾਹਕੋਟ ਵੱਲੋਂ 10000
2. ਸੁਖਦੇਵ ਫਗਵਾੜਾ (ਜੀਵਨ ਸਾਥਣ ਹਰਬੰਸ ਕੌਰ ਦੇ ਸਤਿਕਾਰ ਸਮਾਗਮ 'ਤੇ) 3000

3. **ਨਵਾਂ ਸ਼ਹਿਰ :**
ਪੰਕਜ ਕੁਮਾਰੀ ਅਤੇ ਬਲਜੀਤ ਸਿੰਘ 10000
(ਮਰਹੂਮ ਸਰੀਰ ਪ੍ਰਦਾਨੀ ਮੁਕੰਦ ਲਾਲ ਜੀ ਦੇ ਧੀ ਅਤੇ ਜਵਾਈ)

ਇਕਾਈਆਂ

1. **ਇਕਾਈ ਫਗਵਾੜਾ :**
ਸੁਖਦੇਵ ਫਗਵਾੜਾ 5000

2. **ਇਕਾਈ ਧਾਰੀਵਾਲ ਭੋਜਾ :**
ਮਾਸਟਰ ਸਤਿੰਦਰ ਸਿੰਘ ਭੈਣੀ ਖਾਦਰ 1000

3. **ਇਕਾਈ ਮੋਹਾਲੀ :**
1. ਜਰਨੈਲ ਕ੍ਰਾਂਤੀ 1000
2. ਕੰਵਲਦੀਪ ਸਿੰਘ ਫਰੀਦਕੋਟ 2000

4. **ਇਕਾਈ ਰੋਪੜ :**
1. ਗੁਰਦੀਪ ਸਿੰਘ ਖੇੜੀ, ਸਲਾਬਤਪੁਰ (ਰੋਪੜ) 5000
2. ਪ੍ਰਿੰਸੀਪਲ ਰਾਮਪਾਲ ਕਟਾਰੀਆ 1000

5. **ਇਕਾਈ ਬਠਿੰਡਾ :**
1. ਪਿੰਡ ਲੁੰਢੇ ਵਾਲਾ (ਮੁਕਤਸਰ) 1000
(ਜਗਸੀਰ ਜੀਦਾ ਰਾਹੀਂ ਤਰਕਸ਼ੀਲ ਪ੍ਰੋਗਰਾਮ ਮੌਕੇ)
2. ਗੁਰਦੀਪ ਸਿੰਘ (ਪੰਚ) ਕੋਟ ਭਾਈ 1100
(ਬੇਟੇ ਅਰਸ਼ਦੀਪ ਦੇ ਵਿਆਹ ਦੀ ਖੁਸ਼ੀ ਵਿੱਚ)

6. **ਇਕਾਈ ਛਾਜਲੀ :**
ਸੰਸਾਰੀ ਸਿੰਘ ਖੋਖਰ ਕਲਾਂ 1000
(ਪੁੱਤਰ ਕਰਮਜੀਤ ਸਿੰਘ ਦੇ ਜਸਵਿੰਦਰ ਕੌਰ ਨਾਲ ਵਿਆਹ ਦੀ ਖੁਸ਼ੀ ਵਿੱਚ)

7. **ਇਕਾਈ ਨਵਾਂ ਸ਼ਹਿਰ :**
1.ਸਰੀਰ ਪ੍ਰਦਾਨੀ ਮੁਕੰਦ ਲਾਲ ਜੀ ਦੇ ਪਰਿਵਾਰ ਵੱਲੋਂ 5000
2.ਡਾ. ਅਵਤਾਰ ਬਾਲੀ (ਸੂਬਾ ਜਨਰਲ ਸਕੱਤਰ) 1100
(ਨਿਊ ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਪੰਜਾਬ)

ਸੋਧ:

ਸਰੀਰ ਪ੍ਰਦਾਨੀ ਵੀਰ ਸਿੰਘ ਜੀ ਦੀ ਯਾਦ ਵਿਚ 3000
(ਤਰਕਸ਼ੀਲ ਆਗੂ ਦਲਜੀਤ ਸਿੰਘ ਦਾਰਾਪੁਰ ਅਤੇ ਪਰਿਵਾਰ ਵੱਲੋਂ) (ਅੰਕ ਮਾਰਚ-ਅਪ੍ਰੈਲ ਵਿੱਚ 1000 ਛਪ ਗਿਆ ਸੀ)

ਮਹਤੱਵਪੂਰਨ ਦਿਨ

1 ਮਈ – ਅੰਤਰ ਰਾਸ਼ਟਰੀ ਮਜ਼ਦੂਰ ਦਿਵਸ
3 ਮਈ – ਪ੍ਰੈਸ ਆਜ਼ਾਦੀ ਦਿਵਸ
5 ਮਈ – ਜਨਮ ਦਿਨ ਪ੍ਰਸਿੱਧ ਦਾਰਸ਼ਨਿਕ ਕਾਰਲ ਮਾਰਕਸ (1818)
6 ਮਈ – ਮਨੋਵਿਗਿਆਨ ਦੇ ਪਿਤਾਮਾ ਸਿਗਮੰਡ ਫਰਾਇਡ ਦਾ ਜਨਮ (1856)
10 ਮਈ – ਤਾਰਾ ਵਿਗਿਆਨ ਦਿਵਸ
10 ਮਈ – ਮੇਰਠ ਵਿੱਚ 1857 ਦੇ ਗ਼ਦਰ ਦੀ ਸ਼ੁਰੂਆਤ
11 ਮਈ – ਕੌਮੀ ਤਕਨਾਲੋਜੀ ਦਿਵਸ
13 ਮਈ– ਕਾਮਾਗਾਟਾ ਮਾਰੂ ਜਹਾਜ ਵੈਨਕੂਵਰ ਪੁੱਜਾ (1914)
15 ਮਈ – ਅੰਤਰਰਾਸ਼ਟਰੀ ਪਰਿਵਾਰ ਦਿਵਸ
17 ਮਈ – ਚੇਚਕ ਦੇ ਟੀਕੇ ਦੀ ਖੋਜ ਕਰਨ ਵਾਲੇ ਐਡਵਰਡ ਜੈਨਰ ਦਾ ਜਨਮ (1749)
21 ਮਈ – ਸਭਿਆਚਾਰਕ ਵਿਭਿੰਨਤਾ ਦਿਵਸ
22 ਮਈ – ਜੈਵ-ਵਿਭਿੰਨਤਾ ਦਿਵਸ
24 ਮਈ – ਜਨਮ ਸ਼ਹੀਦ ਕਰਤਾਰ ਸਿੰਘ ਸਰਾਭਾ (1896)
25 ਮਈ – ਲੋਕ ਪੱਖੀ ਸਭਿਆਚਾਰ ਦੇ ਪ੍ਰਸਾਰ ਲਈ ਇਪਟਾ (Indian People's Associaton Theatre) ਦੀ ਸਥਾਪਨਾ ਕੀਤੀ ਗਈ। (1943)
26 ਮਈ – ਗੋਆ ਦੀ ਆਜ਼ਾਦੀ ਲਈ ਕੀਤੇ ਮਾਰਚ ਦੌਰਾਨ ਕਰਨੈਲ ਸਿੰਘ ਈਸੜੂ ਦੀ ਸ਼ਹੀਦੀ (1955)
30 ਮਈ – ਰਾਬਿੰਦਰ ਨਾਥ ਟੈਗੋਰ ਨੇ ਜਲ੍ਹਿਆਂਵਾਲਾ ਕਾਂਡ ਦੇ ਕਤਲੇਆਮ ਖਿਲਾਫ਼ ਬ੍ਰਿਟਿਸ਼ ਸ਼ਾਸਕਾਂ

ਦਾ ਸਰ ਦਾ ਖਿਤਾਬ ਤਿਆਗਿਆ (1919)

30 ਮਈ – ਜਨਮ ਦਿਨ ਪੰਜਾਬੀ ਸਾਹਿਤ ਦੇ ਬਾਬਾ ਬੋਹੜ ਸੰਤ ਸਿੰਘ ਸੇਖੋਂ (1908)

31 ਮਈ – ਤੰਬਾਕੂ ਰਹਿਤ ਦਿਵਸ

01 ਜੂਨ – ਛੂਆਛਾਤ ਵਿਰੋਧੀ ਕਾਨੂੰਨ ਲਾਗੂ ਹੋਇਆ (1955)

03 ਜੂਨ – ਸ਼ਹੀਦ ਭਗਤ ਸਿੰਘ ਦੇ ਚਾਚਾ, ਪਗੜੀ ਸੰਭਾਲ ਜੱਟਾ ਲਹਿਰ ਦੇ ਆਗੂ ਅਜੀਤ ਸਿੰਘ ਨੂੰ ਗ੍ਰਿਫ਼ਤਾਰ ਕਰਕੇ ਮਾਂਡਲੇ ਜੇਲ੍ਹ ਭੇਜਿਆ ਗਿਆ (1907)

05 ਜੂਨ – ਵਿਸ਼ਵ ਵਾਤਾਵਰਣ ਦਿਵਸ

07 ਜੂਨ – ਭਾਰਤ ਦਾ ਦੂਸਰਾ ਉਪਗ੍ਰਹਿ 'ਭਾਸਕਰ' ਪੁਲਾੜ ਵਿੱਚ ਛੱਡਿਆ ਗਿਆ (1979)

09 ਜੂਨ – ਰੇਲਗੱਡੀ ਦੇ ਈਜਾਦਕਾਰ ਜਾਰਜ ਸਟੀਫਨਸਨ ਦਾ ਜਨਮ (1781)

11 ਜੂਨ – ਕਾਕੋਰੀ ਸ਼ਹੀਦ ਰਾਮ ਪ੍ਰਸ਼ਾਦ ਬਿਸਮਿਲ ਦਾ ਜਨਮ (1897)

12 ਜੂਨ – ਵਿਸ਼ਵ ਬਾਲ ਮਜ਼ਦੂਰੀ ਵਿਰੋਧੀ ਦਿਵਸ

14 ਜੂਨ – ਵਿਸ਼ਵ ਖ਼ੂਨਦਾਨ ਦਿਵਸ

14 ਜੂਨ – ਜਨਮ ਦੱਖਣੀ ਅਮਰੀਕਾ ਦੇ ਇਨਕਲਾਬੀ ਅਰਨੈਸਟੋ ਚੀ ਗੁਵੇਰਾ (1928)

15 ਜੂਨ – ਲੋਕ ਨਾਟਕਕਾਰ ਅਜਮੇਰ ਔਲਖ ਦਾ ਦਿਹਾਂਤ (2017)

17 ਜੂਨ – ਅਮਰੀਕਾ ਦੀ ਸੁਪਰੀਮ ਕੋਰਟ ਨੇ ਸਕੂਲਾਂ ਵਿੱਚ ਪ੍ਰਾਰਥਨਾ ਅਤੇ ਬਾਈਬਲ ਦੀ ਲਾਜ਼ਮੀ ਪੜ੍ਹਾਈ ਨੂੰ ਰੱਦ ਕੀਤਾ (1963)

21 ਜੂਨ – ਵਿਸ਼ਵ ਸੰਗੀਤ ਦਿਵਸ

22 ਜੂਨ – ਚਾਪੇਕਰ ਭਰਾਵਾਂ ਨੇ ਅੰਗਰੇਜ਼ ਕਮਿਸ਼ਨਰ W.C. Rand ਨੂੰ ਕਤਲ ਕੀਤਾ (1897)

26 ਜੂਨ – ਵਿਸ਼ਵ ਨਸ਼ਾ ਵਿਰੋਧੀ ਦਿਵਸ

29 ਜੂਨ – ਕੌਮੀ ਅੰਕੜਾ ਦਿਵਸ

ਪ੍ਰਤੀ ਲਿਟਰ ਬੋਤਲਬੰਦ ਪਾਣੀ ਵਿੱਚ ਢਾਈ ਲੱਖ ਦੇ ਕਰੀਬ ਨੈਨੋਪਲਾਸਟਿਕ

– ਮਨੁੱਖੀ ਸਿਹਤ ਲਈ ਬੇਹੱਦ ਖ਼ਤਰਨਾਕ ਹਨ ਨੈਨੋਪਲਾਸਿਟਕ

– ਨਵੇਂ ਅਧਿਐਨ 'ਚ ਹੋਇਆ ਖ਼ੁਲਾਸਾ

ਨਿਊਯਾਰਕ, ਜਨਵਰੀ ਵਿੱਚ ਇੱਕ ਅਧਿਐਨ 'ਚ ਖ਼ੁਲਾਸਾ ਹੋਇਆ ਹੈ ਕਿ ਬੋਤਲਬੰਦ ਪਾਣੀ 'ਚ ਹਜ਼ਾਰਾਂ ਪਛਾਣੇ ਜਾਣ ਯੋਗ ਤੱਤਾਂ ਦੇ ਨਾਲ-ਨਾਲ ਪਹਿਲਾਂ ਤੋਂ ਹੀ ਅਜਿਹੇ ਨਾ ਪਛਾਣੇ ਯੋਗ ਢਾਈ ਲੱਖ ਦੇ ਕਰੀਬ ਨੈਨੋਪਲਾਸਟਿਕ ਹੁੰਦੇ ਹਨ ਜੋ ਮਨੁੱਖੀ ਸਿਹਤ ਲਈ ਬਹੁਤ ਖ਼ਤਰਨਾਕ ਹਨ। ਇਨ੍ਹਾਂ ਨੈਨੋਪਲਾਸਟਿਕਾਂ ਦੀ ਗਿਣਤੀ ਪਿਛਲੇ ਅਨੁਮਾਨਾਂ ਨਾਲੋਂ 10 ਤੋਂ ਸੌ ਗੁਣਾ ਵੱਧ ਹੈ। ਹਾਲ ਹੀ ਦੇ ਸਾਲਾਂ 'ਚ ਇਸ ਗੱਲ ਨੂੰ ਲੈ ਕੇ ਚਿੰਤਾ ਵਧ ਰਹੀ ਹੈ ਕਿ ਮਾਈਕ੍ਰੋਪਲਾਸਿਟਕ ਵਜੋਂ ਜਾਣੇ ਜਾਣ ਵਾਲੇ ਛੋਟੇ ਕਣ ਮੂਲ ਰੂਪ 'ਚ ਧਰਤੀ 'ਤੇ ਹਰ ਥਾਂ, ਧਰੁਵੀ ਬਰਫ ਤੋਂ ਲੈ ਕੇ ਮਿੱਟੀ ਤੱਕ, ਪੀਣ ਵਾਲੇ ਪਾਣੀ ਅਤੇ ਭੋਜਨ ਵਿਚ ਦਿਖਾਈ ਦੇ ਰਹੇ ਹਨ। ਜਨਰਲ ਪ੍ਰੋਸੀਡਿੰਗਜ਼ ਆਫ ਦਿ ਨੈਸ਼ਨਲ ਅਕੈਡਮੀ ਆਫ਼ ਸਾਇੰਸਿਜ਼ 'ਚ ਪ੍ਰਕਾਸ਼ਿਤ ਅਧਿਐਨ 'ਚ ਖੋਜਕਾਰਾਂ ਨੇ ਨੈਨੋਪਲਾਸਟਿਕ 'ਤੇ ਧਿਆਨ ਕੇਂਦਰਿਤ ਕੀਤਾ। ਮਾਈਕ੍ਰੋਪਾਲਸਿਟਕ ਦੇ ਕਣ ਹੋਰ ਵੀ ਜ਼ਿਆਦਾ ਟੁੱਟ ਗਏ ਹਨ। ਪਹਿਲੀ ਵਾਰ ਅਮਰੀਕਾ 'ਚ ਕੋਲੰਬੀਆ ਯੂਨੀਵਰਸਿਟੀ ਦੀ ਟੀਮ ਨੇ ਨਵੀਂ ਸੋਧੀ ਹੋਈ ਤਕਨੀਕ ਦੀ ਵਰਤੋਂ ਕਰਕੇ ਬੋਤਲਬੰਦ ਪਾਣੀ 'ਚ ਇਨ੍ਹਾਂ ਸੂਖਮ ਕਣਾਂ ਨੂੰ ਗਿਣਿਆ ਤੇ ਪਛਾਣ ਕੀਤੀ ਹੈ। ਉਨ੍ਹਾਂ ਪਾਇਆ ਕਿ ਔਸਤਨ ਇੱਕ ਲੀਟਰ ਪਾਣੀ 'ਚ ਤਕਰੀਬਨ 2.40 ਲੱਖ ਪਤਾ ਲਾਉਣ ਯੋਗ ਪਲਾਸਟਿਕ ਦੇ ਟੁੱਕੜੇ ਹੁੰਦੇ ਹਨ ਜੋ ਪਿਛਲੇ ਅਨੁਮਾਨਾਂ ਤੋਂ 10 ਤੋਂ 100 ਗੁਣਾ ਵੱਧ ਹਨ ਤੇ ਇਹ ਮੁੱਖ ਤੌਰ 'ਤੇ ਵੱਡੇ ਆਕਾਰ 'ਤੇ ਆਧਾਰਿਤ ਸਨ। ਮਾਈਕ੍ਰੋਪਲਾਸਟਿਕ ਦੇ ਉਲਟ ਨੈਨੋਪਲਾਸਟਿਕਸ ਇੰਨੇ ਛੋਟੇ ਹੁੰਦੇ ਹਨ ਕਿ ਉਹ ਅੰਤੜੀਆਂ ਤੇ ਫੇਫੜਿਆਂ 'ਚੋਂ ਸਿੱਧੇ ਖ਼ੂਨ ਵਿਚ ਰਲ ਜਾਂਦੇ ਹਨ ਤੇ ਉਥੋਂ ਦਿਲ ਦੇ ਦਿਮਾਗ ਸਮੇਤ ਹੋਰ ਅੰਗਾਂ ਤੱਕ ਜਾ ਸਕਦੇ ਹਨ। ਉਹ ਸਰੀਰ ਦੇ ਇਕੱਲੇ-ਇਕੱਲੇ ਸੈੱਲ 'ਤੇ ਹਮਲਾ ਕਰ ਸਕਦੇ ਹਨ। ਨਾੜਾਂ ਰਾਹੀਂ ਹੋ ਕੇ ਅਣਜਨਮੇ ਬੱਚੇ ਦੇ ਸਰੀਰ 'ਚ ਵੀ ਦਾਖਲ ਹੋ ਸਕਦੇ ਹਨ।

ਸ਼ੋਕ ਮਤਾ

ਤਰਕਸ਼ੀਲ ਸੁਸਾਇਟੀ ਪੰਜਾਬ ਦੇ ਜ਼ੋਨ ਨਵਾਂ ਸ਼ਹਿਰ ਦੇ ਆਗੂ ਸਰੀਰ ਪ੍ਰਦਾਨੀ ਮੁਕੰਦ ਲਾਲ ਜੀ, ਜ਼ੋਨ ਜਲੰਧਰ ਦੇ ਆਗੂ ਸੁਖਦੇਵ ਫਗਵਾੜਾ ਜੀ ਦੀ ਜੀਵਨ ਸਾਥਣ ਸਰੀਰ ਪ੍ਰਦਾਨੀ ਹਰਬੰਸ ਕੌਰ ਜੀ, ਤਰਕਸ਼ੀਲ ਆਗੂ ਕਮਲਜੀਤ ਕੌਰ ਕੁੱਲੇਵਾਲ ਦੇ ਸਤਿਕਾਰਤ ਮਾਤਾ ਮਹਿੰਦਰ ਕੌਰ ਜੀ, ਇਕਾਈ ਦਿੜਬਾ ਦੇ ਆਗੂ ਹਰਮੇਸ਼ ਸਿੰਘ ਮੇਸ਼ੀ ਦੇ ਸਤਿਕਾਰਤ ਮਾਤਾ ਜੀ ਦੇ ਦਰਦਨਾਕ ਵਿਛੋੜੇ 'ਤੇ ਦੁੱਖ ਦਾ ਪ੍ਰਗਟਾਵਾ ਕਰਦੇ ਹੋਏ ਪੀੜਤ ਪਰਿਵਾਰਾਂ ਨਾਲ ਹਮਦਰਦੀ ਪ੍ਰਗਟਾਉਂਦੀ ਹੈ।

ਸੂਬਾਈ ਸਾਲਾਨਾ ਇਕੱਤਰਤਾ ਦੀ ਰਿਪੋਰਟ

ਸੁਮੀਤ ਸਿੰਘ

ਤਰਕਸ਼ੀਲ ਸੁਸਾਇਟੀ ਪੰਜਾਬ ਦੀ ਦੋ ਰੋਜ਼ਾ ਸੂਬਾਈ ਸਾਲਾਨਾ ਇਕੱਤਰਤਾ 6 ਅਤੇ 7 ਅਪ੍ਰੈਲ 2024 ਨੂੰ ਤਰਕਸ਼ੀਲ ਭਵਨ ਬਰਨਾਲਾ ਵਿਖੇ ਹੋਈ ਜਿਸ ਵਿੱਚ ਪੰਜਾਬ ਦੇ ਦਸ ਜ਼ੋਨਾਂ ਅਤੇ ਲਗਭਗ 62 ਇਕਾਈਆਂ ਦੇ 126 ਡੈਲੀਗੇਟਾਂ ਅਤੇ ਦਰਸ਼ਕ ਮੈਂਬਰਾਂ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਤਰਕਸ਼ੀਲ ਲਹਿਰ ਨੂੰ ਜਥੇਬੰਦਕ ਪੱਧਰ 'ਤੇ ਹੋਰ ਮਜ਼ਬੂਤ ਤੇ ਵਿਸ਼ਾਲ ਕਰਨ, ਮਿਆਰੀ ਅਤੇ ਸਸਤਾ ਤਰਕਸ਼ੀਲ ਸਾਹਿਤ ਵੱਡੇ ਪੱਧਰ 'ਤੇ ਸਮਾਜ ਦੇ ਹਰ ਵਰਗ ਦੇ ਲੋਕਾਂ ਤੱਕ ਪਹੁੰਚਾਉਣ, ਇਕ ਲੋਕ ਪੱਖੀ ਸਿਹਤਮੰਦ ਸੱਭਿਆਚਾਰਕ ਬਦਲ ਪੇਸ਼ ਕਰਨ, ਤਰਕਸ਼ੀਲ ਕਾਰਕੁੰਨਾਂ ਵਿੱਚ ਸਮਰਪਣ, ਚਿੰਤਨ ਤੇ ਸਵੈ ਚਿੰਤਨ ਦੀ ਭਾਵਨਾ ਵਿਕਸਤ ਕਰਨ ਅਤੇ ਸਮਾਜ ਵਿਚ ਵੱਧ ਰਹੇ ਮਾਨਸਿਕ ਰੋਗਾਂ ਦੇ ਕਾਰਣ ਤੇ ਇਲਾਜ ਸਬੰਧੀ ਪੰਜ ਸੈਸ਼ਨਾਂ ਦੌਰਾਨ ਵਿਸਥਾਰ ਵਿਚ ਗੰਭੀਰ ਵਿਚਾਰ ਵਟਾਂਦਰਾ ਕੀਤਾ ਗਿਆ।

ਇਕੱਤਰਤਾ ਦੇ ਪਹਿਲੇ ਦਿਨ ਦੇ ਪਹਿਲੇ ਸੈਸ਼ਨ 'ਜਥੇਬੰਦੀ ਦੀ ਮਜ਼ਬੂਤੀ ਕਿਵੇਂ ਹੋਵੇ?' ਦੌਰਾਨ ਵੱਖ ਵੱਖ ਜ਼ੋਨਾਂ ਅਤੇ ਇਲਾਕਿਆਂ ਦੇ ਬੁਲਾਰਿਆਂ ਨੇ ਕਿਹਾ ਕਿ ਜਥੇਬੰਦੀ ਦੀ ਮਜ਼ਬੂਤੀ ਲਈ ਜਿੱਥੇ ਤਰਕਸ਼ੀਲ ਜ਼ੋਨ ਅਤੇ ਇਕਾਈਆਂ ਦੀਆਂ ਨਿਯਮਤ ਮੀਟਿੰਗਾਂ ਅਤੇ ਮੈਂਬਰਾਂ ਦੀ ਹਾਜ਼ਰੀ ਯਕੀਨੀ ਬਣਾਈ ਜਾਣੀ ਚਾਹੀਦੀ ਹੈ ਉੱਥੇ ਹੀ ਮੈਂਬਰਾਂ ਦੀ ਕਾਰਜ ਸਮਰੱਥਾ ਵਧਾਉਣ ਲਈ ਜ਼ੋਨ ਅਤੇ ਇਕਾਈ ਪੱਧਰ 'ਤੇ ਵੱਖ-ਵੱਖ ਵਿਸ਼ਿਆਂ ਸਬੰਧੀ ਸਿਖਲਾਈ ਕੈਂਪ ਲਗਾਏ ਜਾਣ ਦੀ ਵੀ ਅਹਿਮ ਲੋੜ ਹੈ। ਇਸਦੇ ਇਲਾਵਾ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਨਾਲ ਸਬੰਧਿਤ ਸਕੂਲਾਂ ਦੇ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਤਰਕਸ਼ੀਲ ਸੁਸਾਇਟੀ ਵੱਲੋਂ ਆਯੋਜਿਤ ਕੀਤੇ ਜਾਂਦੇ ਸੈਮੀਨਾਰਾਂ ਅਤੇ ਸਟੱਡੀ ਸਰਕਲ ਦਾ ਹਿੱਸਾ ਬਣਾ ਕੇ ਉਨ੍ਹਾਂ ਨਾਲ ਵਿਚਾਰ ਵਟਾਂਦਰਾ ਕੀਤਾ ਜਾਣਾ ਚਾਹੀਦਾ ਹੈ। ਇਸ ਸੈਸ਼ਨ ਦੀ ਪ੍ਰਧਾਨਗੀ ਸੋਸ਼ਲ ਮੀਡੀਆ ਵਿਭਾਗ ਦੇ ਮੁਖੀ ਸੰਦੀਪ ਧਾਰੀਵਾਲ ਭੋਜਾ, ਜ਼ੋਨ ਨਵਾਂ ਸ਼ਹਿਰ ਦੇ ਜਥੇਬੰਦਕ ਮੁਖੀ ਸਤਪਾਲ ਸਲੋਹ ਅਤੇ ਪ੍ਰਿੰਸੀਪਲ ਗੁਰਮੀਤ ਖਰੜ ਨੇ ਕੀਤੀ ਜਦਕਿ ਸਟੇਜ ਦਾ ਸੰਚਾਲਨ ਸੂਬਾਈ ਜਥੇਬੰਦਕ ਮੁਖੀ ਮਾਸਟਰ ਰਾਜਿੰਦਰ ਭਦੌੜ ਨੇ ਕੀਤਾ। ਬੇਸ਼ੱਕ ਪਹਿਲਾ ਸੈਸ਼ਨ ਤੈਅ ਕੀਤੇ ਸਮੇਂ ਅਨੁਸਾਰ ਦੁਪਹਿਰ 12 ਵਜੇ ਸ਼ੁਰੂ ਹੋ ਗਿਆ ਸੀ, ਪਰ ਡੈਲੀਗੇਟਾਂ ਵੱਲੋਂ ਵਿਖਾਏ ਉਤਸ਼ਾਹ ਅਤੇ ਗੰਭੀਰ ਵਿਚਾਰ ਵਟਾਂਦਰੇ ਕਾਰਣ ਇਹ ਡੇਢ ਘੰਟਾ ਦੇਰ ਨਾਲ ਸਮਾਪਤ ਹੋਇਆ।

ਦੂਜੇ ਸੈਸ਼ਨ 'ਲੋਕਾਂ ਵਿਚ ਮਿਆਰੀ ਤੇ ਸਸਤਾ ਸਾਹਿਤ ਕਿਵੇਂ ਲਿਜਾਇਆ ਜਾਵੇ' ਦੌਰਾਨ ਵੱਖ-ਵੱਖ ਬੁਲਾਰਿਆਂ ਨੇ ਕਿਹਾ ਕਿ ਲੋਕਾਂ ਵਿਚ ਤਰਕਸ਼ੀਲ ਸਾਹਿਤ ਪੜ੍ਹਨ ਦੀ ਰੁਚੀ ਪੈਦਾ ਕਰਨ ਲਈ ਸਾਨੂੰ ਤਰਕਸ਼ੀਲ ਸਾਹਿਤ ਵੈਨ ਨੂੰ ਸਕੂਲਾਂ ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਲਿਜਾਣ ਦੇ ਇਲਾਵਾ ਪੰਜਾਬ ਵਿੱਚ ਲੱਗਦੇ ਪੁਸਤਕ ਮੇਲਿਆਂ ਵਿਚ ਸ਼ਮੂਲੀਅਤ ਕਰਨ ਦੀ ਵੀ ਵੱਡੀ ਲੋੜ ਹੈ। "ਤਰਕਸ਼ੀਲ" ਮੈਗਜ਼ੀਨ ਸੁਸਾਇਟੀ ਦੀ ਵਿਗਿਆਨਕ ਵਿਚਾਰਧਾਰਾ ਦਾ ਮੁੱਖ ਬੁਲਾਰਾ ਹੋਣ ਦੇ ਨਾਤੇ ਸਮੂਹ ਮੈਂਬਰਾਂ ਵੱਲੋਂ ਇਸ ਨੂੰ ਹਰ ਪਿੰਡ, ਕਸਬੇ ਦੀ ਲਾਇਬ੍ਰੇਰੀ, ਦਫ਼ਤਰਾਂ, ਘਰਾਂ ਅਤੇ ਕਾਰਖਾਨਿਆਂ ਤੱਕ ਪਹੁੰਚਾਉਣ ਲਈ ਵਿਸ਼ੇਸ਼ ਯਤਨ ਜੁਟਾਉਣੇ ਚਾਹੀਦੇ ਹਨ। ਉਨ੍ਹਾਂ ਨੇ ਬੌਧਿਕ ਸਮਰੱਥਾ ਵਧਾਉਣ ਲਈ ਵਿਗਿਆਨਕ ਅਤੇ ਇਨਕਲਾਬੀ ਸਾਹਿਤ ਦਾ ਅਧਿਐਨ ਕਰਨ ਦੀ ਲੋੜ ਉੱਤੇ ਜ਼ੋਰ ਦਿੱਤਾ। ਇਸ ਸੈਸ਼ਨ ਦੀ ਪ੍ਰਧਾਨਗੀ ਸੂਬਾਈ ਸਾਹਿਤ ਵਿਭਾਗ ਦੇ ਮੁਖੀ ਹੇਮ ਰਾਜ ਸਟੈਨੋ, ਜ਼ੋਨ ਜਲੰਧਰ ਦੇ ਜਥੇਬੰਦਕ ਮੁਖੀ ਸੁਰਜੀਤ ਟਿੱਬਾ ਅਤੇ ਮਾਨਸਾ ਜ਼ੋਨ ਦੇ ਜਥੇਬੰਦਕ ਮੁਖੀ ਮਾਸਟਰ ਲੱਖਾ ਸਿੰਘ ਨੇ ਕੀਤੀ ਜਦਕਿ ਸਟੇਜ ਦੀ ਕਾਰਵਾਈ "ਤਰਕਸ਼ੀਲ" ਮੈਗਜ਼ੀਨ ਦੇ ਮੁੱਖ ਸੰਪਾਦਕ ਬਲਬੀਰ ਲੌਂਗੋਵਾਲ ਨੇ ਚਲਾਈ।

ਤੀਸਰੇ ਸੈਸ਼ਨ 'ਰਸਮੋਂ ਰਿਵਾਜ ਅਤੇ ਸਭਿਆਚਾਰਕ ਬਦਲ' ਵਿਚ ਬੁਲਾਰਿਆਂ ਨੇ ਕਿਹਾ ਕਿ ਬੇਸ਼ੱਕ ਭਾਰਤੀ ਸਮਾਜ ਵਿਚ ਸਦੀਆਂ ਤੋਂ ਪੁਜਾਰੀ ਵਰਗ ਵੱਲੋਂ ਪਾਏ ਡਰਾਵਿਆਂ ਦੇ ਨਤੀਜੇ ਵਜੋਂ ਰੀਤੀ ਰਿਵਾਜਾਂ, ਰਸਮਾਂ, ਤਿਉਹਾਰਾਂ ਦੀ ਵੱਖ-ਵੱਖ ਖਿੱਤਿਆਂ ਵਿਚ ਸਮਾਜਿਕ ਅਤੇ ਸੱਭਿਆਚਾਰਕ ਤੌਰ 'ਤੇ ਕੋਈ ਭੂਮਿਕਾ ਰਹੀ ਹੈ ਪਰ ਮੌਜੂਦਾ ਵਿਗਿਆਨਕ ਚੇਤਨਾ ਦੇ ਯੁੱਗ ਵਿਚ ਬਹੁਤ ਸਾਰੇ ਅਜਿਹੇ ਖਰਚੀਲੇ ਅਤੇ ਵੇਲਾ ਵਿਹਾ ਚੁੱਕੀਆਂ ਰੂੜ੍ਹੀਵਾਦੀ ਰਸਮਾਂ ਰਿਵਾਜ ਹਨ, ਜਿਨ੍ਹਾਂ ਦੀ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਮਨੁੱਖ ਅਤੇ ਸਮਾਜ ਲਈ ਕੋਈ ਸਾਰਥਿਕਤਾ ਨਹੀਂ ਹੈ ਅਤੇ ਸਾਨੂੰ ਇਨ੍ਹਾਂ ਨੂੰ ਆਪਣੇ ਪਰਿਵਾਰਕ ਸਮਾਗਮਾਂ 'ਚੋਂ ਖ਼ਤਮ ਕਰਨ ਦੀ ਲੋੜ ਹੈ। ਅਜਿਹਾ ਯਕੀਨੀ ਬਣਾਉਣ ਲਈ ਸਾਨੂੰ ਜੀਵਨ ਦੇ ਵੱਖ-ਵੱਖ ਪੜਾਵਾਂ ਜਨਮ, ਵਿਆਹ, ਮੌਤ ਅਤੇ ਹੋਰਨਾਂ ਅਹਿਮ ਮੌਕਿਆਂ 'ਤੇ ਲੋਕ ਪੱਖੀ ਸਮਾਜਿਕ ਅਤੇ ਸੱਭਿਆਚਾਰਕ ਬਦਲ ਪੇਸ਼ ਕਰਨ ਲਈ ਠੋਸ ਪਹਿਲਕਦਮੀਆਂ ਕਰਨ ਦੀ ਲੋੜ ਹੈ। ਪਿਛਲੇ ਕਈ ਦਹਾਕਿਆਂ ਤੋਂ ਤਰਕਸ਼ੀਲ ਕਾਰਕੁਨਾਂ ਵੱਲੋਂ ਮਰਨ ਉਪਰੰਤ ਸਰੀਰ ਪ੍ਰਦਾਨ, ਅੱਖਾਂ ਪ੍ਰਦਾਨ ਅਤੇ ਅੰਗ ਪ੍ਰਦਾਨ ਕਰਨ ਦੀ ਮੁਹਿੰਮ ਨੇ ਸਮਾਜ

ਵਿਚ ਚੇਤਨਤਾ ਅਤੇ ਲੋਕ ਪੱਖੀ ਸਮਾਜਿਕ ਤਬਦੀਲੀ ਲਿਆਉਣ ਵਿੱਚ ਵੱਡੀ ਸਫਲਤਾ ਹਾਸਲ ਕੀਤੀ ਹੈ। ਇਸ ਸੈਸ਼ਨ ਦੀ ਪ੍ਰਧਾਨਗੀ ਸੂਬਾਈ ਮੀਡੀਆ ਵਿਭਾਗ ਦੇ ਮੁਖੀ ਸੁਮੀਤ ਅੰਮ੍ਰਿਤਸਰ, ਜ਼ੋਨ ਅੰਮ੍ਰਿਤਸਰ ਦੇ ਜੱਥੇਬੰਦਕ ਮੁਖੀ ਰਾਜਵੰਤ ਬਾਗੜੀਆ ਅਤੇ ਲੁਧਿਆਣਾ ਜ਼ੋਨ ਦੇ ਆਗੂ ਰਾਜਿੰਦਰ ਜੰਡਿਆਲੀ ਨੇ ਕੀਤੀ ਜਦਕਿ ਸਟੇਜ ਦਾ ਸੰਚਾਲਨ ਸੂਬਾਈ ਸੱਭਿਆਚਾਰਕ ਵਿਭਾਗ ਦੇ ਮੁਖੀ ਜੋਗਿੰਦਰ ਕੁੱਲੇਵਾਲ ਨੇ ਕੀਤਾ।

ਦੂਜੇ ਦਿਨ 7 ਅਪਰੈਲ ਨੂੰ ਚੌਥੇ ਸੈਸ਼ਨ 'ਸਮਰਪਣ, ਚਿੰਤਨ ਅਤੇ ਸਵੈ ਚਿੰਤਨ' ਵਿੱਚ ਤਰਕਸ਼ੀਲ ਕਾਰਕੁਨਾਂ ਵਿਚ ਅਧਿਐਨ, ਚਿੰਤਨ ਅਤੇ ਸਮਰਪਣ ਦੀ ਭਾਵਨਾ ਵਿਕਸਤ ਕਰਨ ਦੀ ਲੋੜ ਉੱਤੇ ਜ਼ੋਰ ਦਿੱਤਾ ਗਿਆ। ਬੁਲਾਰਿਆਂ ਨੇ ਕਿਹਾ ਕਿ ਵਿਗਿਆਨਕ ਚੇਤਨਾ ਦੇ ਪ੍ਰਚਾਰ ਪ੍ਰਸਾਰ ਵਿੱਚ ਹੋਰ ਵਾਧੇ ਲਈ ਤਰਕਸ਼ੀਲ ਕਾਰਕੁਨਾਂ ਨੂੰ ਆਪਣੇ ਵਿੱਚ ਸ਼ਹੀਦ ਭਗਤ ਸਿੰਘ ਵਾਂਗ ਅਧਿਐਨ, ਸਮਰਪਣ ਅਤੇ ਚਿੰਤਨ ਦੀ ਭਾਵਨਾ ਪੈਦਾ ਕਰਨ ਦੀ ਲੋੜ ਹੈ। ਇਸ ਲਈ ਵਿਗਿਆਨਕ ਸਾਹਿਤ ਦੇ ਇਲਾਵਾ ਵਿਰੋਧੀ ਵਿਚਾਰਧਾਰਾ ਦੇ ਸਾਹਿਤ ਦਾ ਡੂੰਘਾਈ ਨਾਲ ਅਧਿਐਨ ਕਰਨ ਦੀ ਵੀ ਬੇਹੱਦ ਲੋੜ ਹੈ ਤਾਂ ਜੋ ਵਿਚਾਰਧਾਰਕ ਵਿਰੋਧੀਆਂ ਵੱਲੋਂ ਫੈਲਾਏ ਜਾਂਦੇ ਗੁੰਮਰਾਹਕੁੰਨ ਫਿਰਕੂ ਅਤੇ ਅੰਧ ਵਿਸ਼ਵਾਸੀ ਪ੍ਰਚਾਰ ਦਾ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਟਾਕਰਾ ਕੀਤਾ ਜਾ ਸਕੇ। ਇਸਦੇ ਨਾਲ ਹੀ ਸਵੈ ਚਿੰਤਨ ਕਰਕੇ ਪਿਛਲੇ ਸਮੇਂ ਵਿੱਚ ਰਹਿ ਗਈਆਂ ਘਾਟਾਂ, ਕਮਜ਼ੋਰੀਆਂ ਅਤੇ ਅਸਫਲਤਾਵਾਂ ਉੱਤੇ ਕਾਬੂ ਪਾਉਣਾ ਚਾਹੀਦਾ ਹੈ। ਇਸ ਸੈਸ਼ਨ ਦੀ ਪ੍ਰਧਾਨਗੀ ਸੂਬਾਈ ਕਾਨੂੰਨ ਵਿਭਾਗ ਦੇ ਮੁਖੀ ਜਸਵਿੰਦਰ ਫਗਵਾੜਾ, ਬਠਿੰਡਾ ਜ਼ੋਨ ਦੇ ਜਥੇਬੰਦਕ ਮੁਖੀ ਬਲਰਾਜ ਮੌੜ ਅਤੇ ਮੁਕਤਸਰ-ਫਾਜ਼ਿਲਕਾ ਜ਼ੋਨ ਦੇ ਜੱਥੇਬੰਦਕ ਮੁਖੀ ਕੁਲਜੀਤ ਡੰਗਰਖੇੜਾ ਨੇ ਕੀਤੀ ਜਦਕਿ ਸਟੇਜ ਦਾ ਸੰਚਾਲਨ ਸੂਬਾਈ ਪ੍ਰਿੰਟਿੰਗ ਵਿਭਾਗ ਦੇ ਮੁਖੀ ਰਾਜਪਾਲ ਸਿੰਘ ਨੇ ਕੀਤਾ।

ਇਸ ਮੌਕੇ ਤਰਕਸ਼ੀਲ ਸੁਸਾਇਟੀ ਨੂੰ ਨਿਰਸਵਾਰਥ ਸੇਵਾਵਾਂ ਦੇਣ ਕਰਕੇ ਪੰਜਾਬੀ ਸਾਹਿਤ ਦੇ ਹੋਣਹਾਰ ਖੋਜਾਰਥੀ ਡਾ. ਸਟਾਲਿਨਜੀਤ ਅਤੇ ਸੀ. ਏ. ਪ੍ਰਦੀਪ ਕੁਮਾਰ ਨੂੰ ਕਿਤਾਬਾਂ ਦਾ ਸੈੱਟ ਅਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।

ਪੰਜਵੇਂ ਅਤੇ ਆਖ਼ਰੀ ਸੈਸ਼ਨ 'ਮਾਨਸਿਕ ਰੋਗ ਅਤੇ ਸੁਸਾਇਟੀ ਦੀ ਭੂਮਿਕਾ' ਵਿੱਚ ਸਮਾਜ ਵਿਚ ਦਿਨੋ ਦਿਨ ਵਧ ਰਹੇ ਮਾਨਸਿਕ ਰੋਗਾਂ ਦੇ ਕਾਰਣ ਤੇ ਇਲਾਜ ਬਾਰੇ ਵਿਸਥਾਰ ਵਿਚ ਚਰਚਾ ਕੀਤੀ ਗਈ। ਇਸ ਸੈਸ਼ਨ ਦੀ ਪ੍ਰਧਾਨਗੀ ਕੌਮੀ ਤੇ ਕੌਮਾਂਤਰੀ ਵਿਭਾਗ ਦੇ ਮੁਖੀ ਜਸਵੰਤ ਮੋਹਾਲੀ, ਬਰਨਾਲਾ ਜ਼ੋਨ ਦੇ ਜਥੇਬੰਦਕ ਮੁਖੀ ਮਾਸਟਰ ਪਰਮਵੇਦ ਸੰਗਰੂਰ ਅਤੇ ਪਟਿਆਲਾ ਜ਼ੋਨ ਦੀ ਆਗੂ ਕੁਲਵੰਤ ਕੌਰ ਨੇ ਕੀਤੀ ਜਦਕਿ ਸਟੇਜ ਦੀ ਕਾਰਵਾਈ ਸੂਬਾਈ ਮਾਨਸਿਕ ਸਿਹਤ ਮਸ਼ਵਰਾ ਵਿਭਾਗ ਦੇ ਮੁਖੀ ਅਜੀਤ ਪ੍ਰਦੇਸੀ ਨੇ ਚਲਾਈ।

ਇਸ ਮੌਕੇ ਮਾਨਸਿਕ ਰੋਗਾਂ ਦੇ ਮਾਹਿਰ ਤੇ ਮੁੱਖ ਬੁਲਾਰੇ ਡਾ. ਰਾਜ ਕੁਮਾਰ ਬਾਂਸਲ ਨੇ ਮਾਨਸਿਕ ਰੋਗਾਂ ਦੀਆਂ ਵੱਖ-ਵੱਖ ਕਿਸਮਾਂ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਮਾਨਸਿਕ ਰੋਗਾਂ ਦਾ ਜ਼ਿਆਦਾਤਰ ਸੰਬੰਧ ਸਿੱਧੇ ਜਾਂ ਅਸਿੱਧੇ ਤੌਰ 'ਤੇ ਕਿਸੇ ਵਿਅਕਤੀ ਦੀਆਂ ਆਰਥਿਕ, ਪਰਿਵਾਰਕ, ਵਿਚਾਰਧਾਰਕ, ਮਨੋਵਿਗਿਆਨਕ ਅਤੇ ਸਮਾਜਿਕ ਹਾਲਤਾਂ ਨਾਲ ਜੁੜਿਆ ਹੁੰਦਾ ਹੈ। ਮਾਨਸਿਕ ਰੋਗਾਂ, ਖ਼ੁਦਕੁਸ਼ੀਆਂ, ਅੰਧ-ਵਿਸ਼ਵਾਸਾਂ, ਵਹਿਮਾਂ-ਭਰਮਾਂ ਵਿਰੁੱਧ ਲੜਾਈ ਨੂੰ ਉਦੋਂ ਤੱਕ ਨਹੀਂ ਜਿੱਤਿਆ ਜਾ ਸਕਦਾ ਜਦ ਤੱਕ ਉਨ੍ਹਾਂ ਸਾਮਰਾਜ ਪੱਖੀ ਤੇ ਲੋਕ ਵਿਰੋਧੀ ਆਰਥਿਕ, ਸਮਾਜਿਕ, ਸਿਆਸੀ ਹਾਲਤਾਂ ਅਤੇ ਭ੍ਰਿਸ਼ਟ ਰਾਜ ਪ੍ਰਬੰਧ ਨੂੰ ਬਦਲਿਆ ਨਹੀਂ ਜਾਂਦਾ ਜਿਹੜਾ ਅਜਿਹੀਆਂ ਹਾਲਤਾਂ ਨੂੰ ਪੈਦਾ ਕਰਨ ਲਈ ਜ਼ਿੰਮੇਵਾਰ ਹੈ। ਉਨ੍ਹਾਂ ਨੇ ਤਰਕਸ਼ੀਲ ਸੁਸਾਇਟੀ ਵੱਲੋਂ ਵਿਗਿਆਨਿਕ ਦ੍ਰਿਸ਼ਟੀਕੋਣ ਤੇ ਮਾਨਸਿਕ ਉਲਝਣਾਂ ਦੇ ਹਜ਼ਾਰਾਂ ਕੇਸ ਹੱਲ ਕਰਨ ਦੀ ਪ੍ਰਸ਼ੰਸਾ ਕਰਦਿਆਂ ਇਨ੍ਹਾਂ ਦਾ ਇਲਾਜ ਪਾਖੰਡੀ ਬਾਬਿਆਂ ਤੇ ਡੇਰੇਦਾਰਾਂ ਕੋਲ ਜਾਣ ਦੀ ਥਾਂ ਮਾਨਸਿਕ ਰੋਗਾਂ ਦੇ ਮਾਹਿਰ ਡਾਕਟਰਾਂ ਕੋਲ ਕਰਵਾਉਣ ਦੀ ਲੋੜ ਉੱਤੇ ਜ਼ੋਰ ਦਿੱਤਾ।

ਪੰਜਾਂ ਸੈਸ਼ਨਾਂ ਵਿੱਚ ਹੋਈ ਗੰਭੀਰ ਵਿਚਾਰ ਚਰਚਾ ਵਿੱਚ ਡੈਲੀਗੇਟਾਂ ਰਾਜੇਸ਼ ਅਕਲੀਆ, ਰਾਮ ਸਵਰਨ ਲੱਖੇਵਾਲੀ, ਗੁਰਪ੍ਰੀਤ ਸ਼ਹਿਣਾ, ਭੂਰਾ ਸਿੰਘ ਮਹਿਮਾ, ਰਾਮ ਸਿੰਘ ਨਿਰਮਾਣ, ਜੋਗਾ ਸਿੰਘ, ਕੁਲਵਿੰਦਰ ਨਗਾਰੀ, ਗਗਨ ਰਾਮਪੁਰਾ, ਹਰਚੰਦ ਭਿੰਡਰ, ਸੁਖਵਿੰਦਰ ਬਾਗਪੁਰ, ਜੁਝਾਰ ਲੌਂਗੋਵਾਲ, ਮੁਖਤਿਆਰ ਗੋਪਾਲਪੁਰ, ਦੀਪ ਦਿਲਬਰ, ਲਾਭ ਸਿੰਘ ਛਾਜਲੀ, ਡਾ. ਮਜੀਦ ਆਜ਼ਾਦ, ਪ੍ਰਿੰਸੀਪਲ ਮਨਜੀਤ ਮਲਸੀਆਂ, ਨਸੀਬ ਚੰਦ ਬੱਬੀ, ਸੁਰਿੰਦਰ ਪਾਲ ਪੱਦੀ, ਮੋਹਣ ਬਡਲਾ, ਸੰਦੀਪ ਦਰਦੀ, ਬੂਟਾ ਸਿੰਘ ਵਾਕਫ਼, ਜਗਦੀਸ਼ ਰਾਏਪੁਰ ਡੱਬਾ, ਡਾ. ਅਵਤਾਰ ਦੀਪ, ਵਿਸ਼ਵ ਕਾਂਤ, ਰਾਮ ਕੁਮਾਰ ਪਟਿਆਲਾ, ਸੁਰਿੰਦਰ ਮਲੂਕਪੁਰੀ, ਸੋਹਣ ਸਿੰਘ ਮਾਝੀ, ਹਰਬੰਸ ਸਿੰਘ ਮਾਨਸਾ, ਗੁਰਮੇਲ ਭੁਟਾਲ ਨੇ ਭਾਗ ਲਿਆ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਤਰਕਸ਼ੀਲ ਆਗੂ ਸੁਰਜੀਤ ਦੌਧਰ, ਭੁਪਿੰਦਰ ਫ਼ੌਜੀ, ਚਰਨਜੀਤ ਪਟਵਾਰੀ, ਅਸ਼ੋਕ ਕੁਮਾਰ ਜਗਦੇਵ ਰਾਮਪੁਰਾ, ਕਰਤਾਰ ਸਿੰਘ, ਧਰਮ ਪਾਲ ਲੁਧਿਆਣਾ, ਜਸਪਾਲ ਬਾਸਰਕੇ, ਰਾਜ ਕੁਮਾਰ ਵੇਰਕਾ, ਬਿੱਟੂ ਰੂਪੇਵਾਲੀ, ਤਰਲੋਚਨ ਗੁਰਦਾਸਪੁਰ, ਰਾਜੂ ਝਾਕੋਲਾੜੀ, ਪਰਮਜੀਤ ਕੌਰ, ਨਰਿੰਦਰ ਕੌਰ, ਹਰਜਿੰਦਰ ਜਲਾਲਪੁਰ, ਮਾਸਟਰ

ਜਸਬੀਰ ਸਿੰਘ, ਬਲਵਿੰਦਰ ਕੁਮਾਰ, ਪਾਲ ਬਾਗਪੁਰ, ਪ੍ਰਵੀਨ ਜੰਡਵਾਲਾ, ਲਖਬੀਰ ਸਿੰਘ ਅਤੇ ਰਾਮ ਲਾਲ ਆਦਿ ਸ਼ਾਮਿਲ ਸਨ। ਇਸ ਮੌਕੇ ਵੱਖ-ਵੱਖ ਸੈਸ਼ਨਾਂ ਦੌਰਾਨ ਤਰਕਸ਼ੀਲ ਆਗੂਆਂ ਜੋਗਾ ਸਿੰਘ, ਰਾਮ ਸਿੰਘ ਨਿਰਮਾਣ, ਮਨਜੀਤ ਘਣਗਸ, ਨਾਇਬ ਸਿੰਘ ਰਟੋਲ ਨੇ ਇਨਕਲਾਬੀ ਗੀਤ ਅਤੇ ਕਵਿਤਾਵਾਂ ਪੇਸ਼ ਕੀਤੀਆਂ।

ਇਕੱਤਰਤਾ ਦੇ ਅਖ਼ੀਰ ਵਿਚ ਸੂਬਾਈ ਆਗੂ ਸੁਮੀਤ ਅੰਮ੍ਰਿਤਸਰ ਵੱਲੋਂ ਪੇਸ਼ ਕੀਤੇ ਮਤਿਆਂ ਵਿਚ ਭਾਰਤ ਵਿਚ ਧਰਮ ਨੂੰ ਰਾਜਨੀਤੀ ਤੋਂ ਵੱਖ ਕਰਨ, ਫਿਰਕੂ ਨਫ਼ਰਤੀ ਭਾਸ਼ਣ ਕਰਨ ਉੱਤੇ ਸਖ਼ਤ ਪਾਬੰਦੀ ਲਗਾਉਣ, ਤਰਕਸ਼ੀਲ ਆਗੂਆਂ ਅਤੇ ਸਮਾਜਿਕ ਕਾਰਕੁਨਾਂ ਉੱਤੇ ਧਾਰਾ 295 ਅਤੇ 295 ਏ ਹੇਠ ਦਰਜ ਝੂਠੇ ਅਤੇ ਨਾਜਾਇਜ਼ ਕੇਸਾਂ ਨੂੰ ਤੁਰੰਤ ਤੇ ਬਿਨਾਂ ਸ਼ਰਤ ਰੱਦ ਕਰਨ ਦੀ ਮੰਗ ਕਰਦਿਆਂ ਪੰਜਾਬ ਵਿੱਚ ਅੰਧ-ਵਿਸ਼ਵਾਸ ਰੋਕੂ ਕਾਨੂੰਨ ਬਣਾਉਣ ਸਮੇਤ ਕੌਮੀ ਸਿੱਖਿਆ ਨੀਤੀ 2020 ਸਮੇਤ ਸਿੱਖਿਆ ਦਾ ਭਗਵਾਂਕਰਨ, ਨਿੱਜੀਕਰਨ ਅਤੇ ਵਪਾਰੀਕਰਨ ਦੀ ਨੀਤੀ ਰੱਦ ਕਰਕੇ ਅਤੇ ਵਿਗਿਆਨਕ ਪਾਠਕ੍ਰਮਾਂ ਨੂੰ ਬਹਾਲ ਕਰਨ ਅਤੇ ਸਰਕਾਰੀ ਹਸਪਤਾਲਾਂ ਅਤੇ ਮੁਢਲੇ ਸਿਹਤ ਕੇਂਦਰਾਂ ਵਿੱਚ ਮਾਨਸਿਕ ਰੋਗਾਂ ਦੇ ਮਾਹਿਰ ਡਾਕਟਰ ਨਿਯੁਕਤ ਕੀਤੇ ਜਾਣ ਦੇ ਮਤੇ ਰਾਜ ਭਰ 'ਚੋਂ ਆਏ ਤਰਕਸ਼ੀਲ ਡੈਲੀਗੇਟਾਂ ਨੇ ਸਰਬਸੰਮਤੀ ਨਾਲ ਪਾਸ ਕੀਤੇ। ਸੂਬਾਈ ਜਥੇਬੰਦਕ ਮੁਖੀ ਰਾਜਿੰਦਰ ਭਦੌੜ ਨੇ ਸਮੂਹ ਡੈਲੀਗੇਟਾਂ, ਦਰਸ਼ਕਾਂ ਅਤੇ ਡਾ. ਬਾਂਸਲ ਦਾ ਧੰਨਵਾਦ ਕੀਤਾ।

ਇਸ ਦੋ ਰੋਜ਼ਾ ਸਮਾਗਮ ਦੇ ਸਮੁੱਚੇ ਪ੍ਰਬੰਧਾਂ ਦੀ ਜ਼ਿੰਮੇਵਾਰੀ ਸੂਬਾਈ ਵਿੱਤ ਮੁਖੀ ਰਾਜੇਸ਼ ਅਕਲੀਆ ਅਤੇ ਬਿੰਦਰ ਧਨੌਲਾ ਨੇ ਬਾਖ਼ੂਬੀ ਨਿਭਾਈ ਜਦਕਿ ਰਜਿਸਟ੍ਰੇਸ਼ਨ ਦੀ ਜ਼ਿੰਮੇਵਾਰੀ ਸੰਗਰੂਰ ਇਕਾਈ ਦੇ ਆਗੂਆਂ ਮਾਸਟਰ ਪਰਮਵੇਦ ਸੰਗਰੂਰ, ਸੀਤਾ ਰਾਮ ਬਾਲਦ ਕਲਾਂ, ਗੁਰਦੀਪ ਸਿੰਘ, ਕ੍ਰਿਸ਼ਨ ਸਿੰਘ ਅਤੇ ਸੁਰਿੰਦਰ ਪਾਲ ਉੱਪਲੀ ਵੱਲੋਂ ਨਿਭਾਈ ਗਈ। ਇਸ ਮੌਕੇ ਤਰਕਸ਼ੀਲ ਸਾਹਿਤ ਵੈਨ ਦੀ ਪੁਸਤਕ ਪ੍ਰਦਰਸ਼ਨੀ ਵੀ ਲਗਾਈ ਗਈ ਜਿਸਦੀ ਜ਼ਿੰਮੇਵਾਰੀ ਸੂਬਾਈ ਆਗੂ ਰਾਮ ਸਵਰਨ ਲੱਖੇਵਾਲੀ ਅਤੇ ਬਿੰਦਰ ਧਨੌਲਾ ਨੇ ਨਿਭਾਈ। ਇਸ ਇਕੱਤਰਤਾ ਵਿੱਚ ਦੋਵੇਂ ਦਿਨ ਹਾਜ਼ਰ ਸਮੂਹ ਡੈਲੀਗੇਟਾਂ ਅਤੇ ਦਰਸ਼ਕਾਂ ਦਾ ਉਤਸ਼ਾਹਜਨਕ ਹੁੰਗਾਰਾ ਵੇਖਣ ਨੂੰ ਮਿਲਿਆ ਅਤੇ ਦੁਪਹਿਰ ਦੇ ਖਾਣੇ ਤੋਂ ਬਾਅਦ ਤਰਕਸ਼ੀਲ ਲਹਿਰ ਨੂੰ ਹੋਰ ਵਿਸ਼ਾਲ ਕਰਨ ਦਾ ਅਹਿਦ ਲੈਂਦੇ ਹੋਏ ਸਮੂਹ ਤਰਕਸ਼ੀਲ ਕਾਮੇ ਆਪੋ ਆਪਣੀ ਮੰਜ਼ਿਲ ਵੱਲ ਰਵਾਨਾ ਹੋਏ।

(ਸੂਬਾਈ ਮੀਡੀਆ ਮੁਖੀ)

76960 30173

ਨੌਜਵਾਨ ਅਤੇ ਸਿਆਸਤ



ਇਸ ਗੱਲ ਬਾਰੇ ਲਗਭਗ ਸਾਰੇ ਸਹਿਮਤ ਹਨ ਕਿ ਸਾਨੂੰ ਉਨ੍ਹਾਂ ਪ੍ਰਤੀਬੱਧ ਨੌਜਵਾਨਾਂ ਦੀ ਲੋੜ ਹੈ ਜੋ ਆਜ਼ਾਦੀ ਲਈ ਆਪਣੀਆਂ ਜਾਨਾਂ ਦੇਣ ਲਈ ਉਤਸ਼ਾਹਿਤ ਹੋਣ। ਕੀ ਅਸੀਂ ਅਜਿਹੇ ਬੰਦੇ ਬਜ਼ੁਰਗਾਂ 'ਚੋਂ ਲੱਭ ਸਕਦੇ ਹਾਂ? ਕੀ ਅਸੀਂ ਅਜਿਹੇ ਬੰਦੇ ਆਪੋ ਆਪਣੀਆਂ ਕਬੀਲਦਾਰੀਆਂ ਅਤੇ ਦੁਨੀਆਂਦਾਰੀਆਂ ਵਿੱਚ ਖੁਭੇ ਬੰਦਿਆਂ 'ਚੋਂ ਲੈ ਸਕਦੇ ਹਾਂ? ਅਸੀਂ ਅਜਿਹੇ ਬੰਦੇ, ਨੌਜਵਾਨਾਂ 'ਚੋਂ ਲੈ ਸਕਦੇ ਹਾਂ, ਅਸੀਂ ਕਿਸੇ ਵੀ ਸਮਾਜ ਵਿੱਚ ਹੋਈਏ, ਮੌਕਿਆਂ ਦੀ ਖਿੱਚ-ਧੂਹ ਦੀ ਖੇਡ ਵਿਚਲੇ ਰੌਲਿਆਂ ਨੂੰ ਨਿਬੇੜਨ ਲਈ, ਦੋ ਰੈਫਰੀ ਹੁੰਦੇ ਹਨ, ਇੱਕ ਸਰਕਾਰ ਅਤੇ ਦੂਜਾ ਅਦਾਲਤਾਂ। ਜੇ ਕਿਸੇ ਸਮਾਜ ਵਿੱਚ, ਕਿਸੇ ਪੀੜ੍ਹੀ ਨੂੰ ਬਹੁਤ ਕੁਝ ਮਿਲ ਰਿਹੈ, ਤਾਂ ਇਹ ਰੈਫਰੀਆਂ ਦੀ ਰਿਆਇਤ ਦਿਲੀ ਕਰਕੇ ਨਹੀਂ, ਸਗੋਂ ਪਹਿਲੀਆਂ ਪੀੜ੍ਹੀਆਂ ਦੇ ਕੀਤੇ ਸੰਘਰਸ਼ ਦਾ ਹੀ ਫਲ ਹੈ। ਇੱਕ ਚੇਤਨ (Aware) ਸ਼ਹਿਰੀ ਵਜੋਂ, ਨੌਜਵਾਨਾਂ ਦੀ ਕੋਈ ਪੀੜ੍ਹੀ ਜਦੋਂ ਅਵੇਸਲੀ ਹੋ ਜਾਵੇ ਤਾਂ ਮਿਲਿਆ ਹੋਇਆ ਇਹ ਤੋਹਫ਼ਾ ਹੱਥੋਂ ਨਿਕਲ ਜਾਂਦਾ ਹੈ। ਭਾਰਤੀ ਜਨਤਕ ਅਦਾਰਿਆਂ ਦੇ ਇੱਕ ਇੱਕ ਕਰਕੇ, ਨਿੱਜੀਕਰਣ ਦੀ ਕਹਾਣੀ, ਇਸ ਦੀ ਤਾਜ਼ਾ ਮਿਸਾਲ ਹੈ। ਇਸ ਤਰ੍ਹਾਂ ਦੀਆਂ ਗੱਲਾਂ ਉਦੋਂ ਵਾਪਰਦੀਆਂ ਹਨ, ਜਦੋਂ ਵਿਕਾਸ ਦੀ ਦਿਸ਼ਾ ਲਈ ਬਣ ਰਹੀਆਂ ਨੀਤੀਆਂ ਜਾਂ ਹੋ ਰਹੇ ਫੈਸਲਿਆਂ ਦੀ ਨਿਰੰਤਰ ਨਜ਼ਰਸਾਨੀ ਨਹੀਂ ਕੀਤੀ ਜਾਂਦੀ।

ਜੋ ਹਾਲੇ ਇਸ ਚਿੱਕੜ ਵਿੱਚ ਨਹੀਂ ਫਸੇ। ਇਸ ਦਿਸ਼ਾ ਵੱਲ ਉਹੀ ਵਿਦਿਆਰਥੀ ਜਾਂ ਨੌਜਵਾਨ ਮੂੰਹ ਕਰਨਗੇ, ਜਿਨ੍ਹਾਂ ਨੂੰ ਥੋੜ੍ਹਾ ਬਹੁਤ ਅਮਲੀ ਗਿਆਨ ਹੋਵੇ। ਇਮਤਿਹਾਨ ਪਾਸ ਕਰਨ ਲਈ ਹਿਸਾਬ ਜਾਂ ਭੂਗੋਲ ਦੇ ਸੁਆਲਾਂ ਨੂੰ ਰੱਟਾ ਲਾਉਣ ਨਾਲ ਕੰਮ ਨਹੀਂ ਚੱਲਣਾ। ਅੱਜ ਜੋ ਵੀ ਮੁਲਕ ਆਜ਼ਾਦ ਹਨ, ਆਜ਼ਾਦੀ ਲਿਆਉਣ ਵਿੱਚ ਨੌਜਵਾਨਾਂ ਦਾ ਅਹਿਮ ਯੋਗਦਾਨ ਸੀ। ਕੀ ਆਜ਼ਾਦੀ ਦੇ ਸੰਘਰਸ਼ ਤੋਂ ਟਾਲਾ ਵੱਟ ਕੇ, ਨੌਜਵਾਨ ਮੁਲਕ ਅਤੇ ਆਪਣੀ ਹੋਂਦ ਨੂੰ ਬਚਾ ਸਕਣਗੇ?

ਨਿਰਸੰਦੇਹ, ਉਨ੍ਹਾਂ ਨੂੰ ਪੜ੍ਹਾਈ ਕਰਨੀ ਚਾਹੀਦੀ ਹੈ। ਪਰ ਇਸ ਦੇ ਨਾਲ-ਨਾਲ ਉਨ੍ਹਾਂ ਨੂੰ ਸਿਆਸੀ ਸੂਝ ਵੀ ਹੋਣੀ ਚਾਹੀਦੀ ਹੈ, ਤਾਂ ਜੋ ਲੋੜ ਪੈਣ 'ਤੇ ਉਹ ਮੈਦਨ ਵਿੱਚ ਕੁੱਦ ਸਕਣ ਅਤੇ ਇਸ ਮਨੋਰਥ ਲਈ ਕੁਰਬਾਨੀ ਦੇ ਸਕਣ। ਸਥਿਤੀ ਨੂੰ ਬਚਾਉਣ ਲਈ, ਇਸ ਤੋਂ ਬਿਨ੍ਹਾਂ ਕੋਈ ਹੋਰ ਰਾਹ ਨਹੀਂ।

(ਸ਼ਹੀਦ ਭਗਤ ਸਿੰਘ ਦੇ 1928 ਦੇ 'ਕਿਰਤੀ' ਰਸਾਲੇ ਵਿੱਚ ਛਪੇ ਲੇਖ ਵਿੱਚੋਂ)।

ਸਰੀਰ ਪ੍ਰਦਾਨੀਆਂ ਦੇ ਸਤਿਕਾਰ ਸਮਾਗਮ

ਸ਼ਹੀਦ ਭਗਤ ਸਿੰਘ ਦੇ ਸਾਥੀ ਕ੍ਰਾਂਤੀਕਾਰੀ ਡਾ. ਗਯਾ ਪ੍ਰਸਾਦ ਦੀ ਜੀਵਨ-ਸਾਥਣ 94 ਸਾਲਾਂ ਨਿਰਮਲਾ ਕਟਿਆਰ ਦਾ ਮ੍ਰਿਤਕ ਸਰੀਰ ਮੈਡੀਕਲ ਖੋਜ ਕਾਰਜਾਂ ਲਈ ਪਰਿਵਾਰ ਨੇ ਕੀਤਾ ਪ੍ਰਦਾਨ

ਨਿਰਮਲਾ ਕਟਿਆਰ ਕ੍ਰਾਂਤੀਕਾਰੀ ਸ਼ਹੀਦ ਚੰਦਰ ਸ਼ੇਖਰ ਆਜ਼ਾਦ ਅਤੇ ਸ਼ਹੀਦ ਭਗਤ ਸਿੰਘ ਆਦਿ ਦੇ ਸਾਥੀ ਡਾ. ਗਯਾ ਪ੍ਰਸਾਦ ਦੀ ਜੀਵਨ ਸਾਥਣ ਸੀ। ਡਾ. ਗਯਾ ਪ੍ਰਸਾਦ ਨੇ ਅਸੈਂਬਲੀ ਬੰਬ ਧਮਾਕੇ ਬਾਅਦ ਕਾਲੇ ਪਾਣੀ ਦੀ ਸਜ਼ਾ ਕੱਟੀ ਸੀ। ਡਾ. ਗਯਾ ਪ੍ਰਸਾਦ 'ਹਿੰਦੁਸਤਾਨ ਸਮਾਜਵਾਦੀ ਪਰਜਾਤੰਤਰ ਸੰਘ' ਦੇ ਸਰਗਰਮ ਮੈਂਬਰ ਸਨ। ਜਦ ਦਲ ਨੂੰ ਇਹ ਪਤਾ ਲੱਗਿਆ ਕਿ ਉਹ ਵਿਆਹੇ ਹੋਏ ਹਨ ਤਾਂ ਦਲ ਨੇ ਉਹਨਾਂ ਨੂੰ ਇਕ ਵਾਰ ਮੈਂਬਰ ਹੋਣ ਤੋਂ ਰੋਕ ਦਿੱਤਾ ਸੀ ਅਤੇ ਪਤਨੀ ਤੋਂ ਆਗਿਆ ਲੈ ਕੇ ਆਉਣ ਲਈ ਕਿਹਾ। ਫਿਰ ਉਹ ਆਪਣੀ ਪਤਨੀ ਕੋਲ ਗਏ ਅਤੇ ਕਿਹਾ ਕਿ : "ਮੈਂ ਕ੍ਰਾਂਤੀਕਾਰੀ ਪਾਰਟੀ ਦਾ ਮੈਂਬਰ ਬਣਨਾ ਚਾਹੁੰਦਾ ਹਾਂ। ਤੁਸੀਂ ਆਪਣਾ ਸੰਧੂਰ ਪੂੰਝ ਦੇਵੋ ਅਤੇ ਸਮਝ ਲਵੋ ਕਿ ਵਿਧਵਾ ਹੋ ਗਏ ਹੋ।" ਇਹ ਸੁਣ ਕੇ ਉਹਨਾਂ ਦੀ ਪਤਨੀ ਰੋ ਪਈ। ਫਿਰ ਉਸ ਨੇ ਕੁੱਝ ਸੰਭਲ ਕੇ ਕਿਹਾ—



"ਦੇਸ਼ ਨੂੰ ਸਮਰਪਿਤ ਕਰਨ ਲਈ ਮੇਰੇ ਕੋਲ ਤੁਹਾਡੇ ਤੋਂ ਵੱਧ ਕੀਮਤੀ ਕੁੱਝ ਨਹੀਂ ਹੈ। ਮੈਂ ਤੁਹਾਨੂੰ ਦੇਸ਼ ਲਈ ਸੌਂਪਦੀ ਹਾਂ ਅਤੇ ਅੰਤ ਤੀਕ ਮੈਂ ਆਪਣਾ ਇਹ ਵਾਅਦਾ ਨਿਭਾਵਾਂਗੀ।" ਇਸ 'ਮਹਾਨ' ਵਾਅਦੇ ਨੂੰ ਅੰਤ ਤੀਕ ਨਿਭਾਉਣ ਵਾਲੇ ਨਿਰਮਲ ਕਟਿਆਰ 94 ਸਾਲਾਂ ਦੀ ਉਮਰ ਵਿੱਚ ਇਸ ਸਾਲ ਫਰਵਰੀ ਮਹੀਨੇ ਵਿੱਚ ਦੇਸ਼ ਨੂੰ ਅਲਵਿਦਾ ਆਖ ਗਏ। 2009 ਵਿੱਚ ਆਪਣੀ ਸਵੈ-ਇੱਛਾ ਨਾਲ ਨਿਰਮਲਾ ਕਟਿਆਰ ਨੇ ਆਪਣੇ ਮ੍ਰਿਤਕ ਸਰੀਰ ਨੂੰ ਮੈਡੀਕਲ ਖੋਜ ਕਾਰਜਾਂ ਲਈ ਸੌਂਪਣ ਦਾ ਐਲਾਨ ਕੀਤਾ ਸੀ। ਉਹਨਾਂ ਦੇ ਸਮੁੱਚੇ ਪਰਿਵਾਰ ਨੇ ਉਹਨਾਂ ਦੀ ਇੱਛਾ ਅਨੁਸਾਰ ਮਰਨ ਉਪਰੰਤ ਉਹਨਾਂ ਦਾ ਸਰੀਰ ਮੈਡੀਕਲ ਕਾਲਜ ਕਾਨਪੁਰ ਨੂੰ ਸੌਂਪਣ ਦੇ ਨਾਲ-ਨਾਲ ਉਹਨਾਂ ਦੀਆਂ ਅੱਖਾਂ ਵੀ ਲੋੜਵੰਦਾਂ ਲਈ ਪ੍ਰਦਾਨ ਕੀਤੀਆਂ ਹਨ। ਬਿਲੌਰ ਦੇ ਖਜੂਰੀ ਪਿੰਡ ਵਿੱਚ ਜਨਮੇ ਡਾ. ਗਯਾ ਪ੍ਰਸਾਦ ਨੇ 1918 ਵਿੱਚ ਜਗਦੀਸ਼ਪੁਰ ਵਿੱਚ ਸਭ ਤੋਂ ਪਹਿਲਾਂ ਆਪਣਾ ਦਵਾਖਾਨਾ ਖੋਲ੍ਹਿਆ ਸੀ। ਫਿਰੋਜ਼ਪੁਰ ਵਿਖੇ ਸ਼ਹੀਦ ਭਗਤ ਸਿੰਘ ਅਤੇ ਉਹਨਾਂ ਦੇ ਹੋਰ ਕ੍ਰਾਂਤੀਕਾਰੀ ਸਾਥੀਆਂ ਦਾ ਗੁਪਤ ਅੱਡਾ ਵੀ ਉੱਥੇ ਡਾ. ਗਯਾ ਪ੍ਰਸਾਦ ਜੀ ਦੇ ਦਵਾਖਾਨੇ ਦੀ ਆੜ ਵਿਚ ਹੀ ਸੀ। ਅਸਲ ਵਿੱਚ ਜਿੱਥੇ ਜਿੱਥੇ ਡਾ. ਗਯਾ ਪ੍ਰਸਾਦ ਨੇ ਦਵਾਖ਼ਾਨੇ ਖੋਲ੍ਹੇ, ਉਹ ਦਵਾਖ਼ਾਨੇ ਤਾਂ ਨਾਮ ਦੇ ਹੀ ਸਨ, ਸਨ ਤਾਂ ਕ੍ਰਾਤੀਕਾਰੀਆਂ ਦੇ ਗੁਪਤ ਅੱਡੇ ਹੀ। ਚੌਰੀ-ਚੌਰਾ ਕਾਂਡ ਤੋਂ ਬਾਅਦ ਉਹ 'ਪ੍ਰਤਾਪ' ਦੇ ਸੰਪਾਦਕ ਗਣੇਸ਼ ਸ਼ੰਕਰ ਵਿਦਿਆਰਥੀ ਦੇ ਜ਼ਰੀਏ ਆਜ਼ਾਦ, ਭਗਤ ਸਿੰਘ ਆਦਿ ਦੇ ਸੰਪਰਕ ਵਿੱਚ ਆ ਕੇ ਬੰਬ ਬਣਾਉਣ ਲੱਗੇ। 8 ਅਪਰੈਲ 1929 ਨੂੰ ਦਿੱਲੀ ਅਸੈਂਬਲੀ ਬੰਬ ਕਾਂਡ ਤੋਂ ਬਾਅਦ ਉਹ ਸਹਾਰਨਪੁਰ ਵਿੱਚੋਂ ਫੜ੍ਹੇ ਗਏ। ਉਹ ਲਾਹੌਰ, ਰਾਵਲਪਿੰਡੀ, ਕੋਲਕਾਤਾ, ਬੇਲਾਰੀ, ਅੰਡੇਮਾਨ-ਨਿਕੋਬਾਰ, ਨੈਨੀ... ਕਿੰਨੀਆਂ ਹੀ ਜੇਲ੍ਹਾਂ ਵਿੱਚ ਰੱਖੇ ਗਏ ਅਤੇ ਜੇਲ੍ਹ-ਤਸ਼ੱਦਦਾਂ ਦਾ ਸ਼ਿਕਾਰ ਹੋਏ। ਚਰਚਿਤ ਲਾਹੌਰ ਸਾਜ਼ਿਸ਼ ਕੇਸ ਵਿੱਚ ਮੁਲਜ਼ਮ ਬਣਾਏ ਗਏ। ਕਈ ਸਾਲ ਕਾਲੇ ਪਾਣੀ ਦੀ ਜੇਲ੍ਹ ਕੱਟੀ। 10 ਫਰਵਰੀ 1993 ਨੂੰ ਉਹਨਾਂ ਦੀ ਮੌਤ ਹੋਈ ਸੀ।

ਨਿਰਮਲਾ ਕਟਿਆਰ ਔਰਤਾਂ ਨੂੰ ਸਮਾਜਿਕ ਸਮੱਸਿਆਵਾਂ ਪ੍ਰਤੀ ਜਾਗਰੂਕ ਕਰਨ ਦੇ ਖੇਤਰ ਵਿੱਚ ਕੰਮ ਕਰਿਆ ਕਰਦੇ ਸਨ। ਡਾ. ਗਯਾ ਪ੍ਰਸਾਦ ਦੇ ਕ੍ਰਾਂਤੀਕਾਰੀ ਰੂਪੋਸ਼ ਅਤੇ ਜੇਲ੍ਹ ਜੀਵਨ ਦੌਰਾਨ ਉਹਨਾਂ ਨੇ ਆਪਣੀਆਂ ਤਿੰਨ ਬੇਟੀਆਂ ਅਤੇ ਦੋ ਬੇਟਿਆਂ ਦੇ ਪਾਲਣ-ਪੋਸ਼ਣ ਪੜ੍ਹਾਉਣ ਆਦਿ ਦੀ ਸਮਾਜਿਕ ਜ਼ਿੰਮੇਵਾਰੀ ਇਕੱਲਿਆਂ ਨਿਭਾਈ। ਜੇਲ੍ਹ 'ਚ ਮੁਲਾਕਾਤਾਂ ਦੌਰਾਨ ਡਾ. ਗਯਾ ਪ੍ਰਸਾਦ ਜੀ ਨੂੰ ਕਦੇ ਡੋਲ੍ਹਣ ਨਾ ਦਿੱਤਾ, ਉਹਨਾਂ ਨੂੰ ਅਤੇ ਉਹਨਾਂ ਦੇ ਸਾਥੀਆਂ ਨੂੰ ਉਹਨਾਂ ਦੇ ਕ੍ਰਾਂਤੀਕਾਰੀ ਕੰਮਾਂ ਦੀ ਪ੍ਰਸ਼ੰਸਾ ਕਰ ਕੇ ਉਤਸ਼ਾਹਤ ਕਰ ਕੇ ਹੀ ਮੁੜਦੇ। ਡਾ. ਗਯਾ ਪ੍ਰਸਾਦ ਦਾ ਬ੍ਰਿਟਿਸ਼ ਹਕੂਮਤ ਖ਼ਿਲਾਫ਼ ਕੁਰਬਾਨੀ ਭਰਿਆ ਯੋਗਦਾਨ ਉਹਨਾਂ ਦੀ ਜੀਵਨ ਸਾਥਣ ਨਿਰਮਲਾ ਕਟਿਆਰ ਦੇ ਸਹਿਯੋਗ ਨਾਲ ਹੀ ਸੰਭਵ ਹੋਇਆ। ਸਰੀਰ ਪ੍ਰਦਾਨ ਕਰਨ ਸਮੇਂ ਉਹਨਾਂ ਦੇ ਪੁੱਤਰ ਕ੍ਰਾਂਤੀ ਕੁਮਾਰ ਕਟਿਆਰ, ਸੁਤੰਤਰ ਪ੍ਰਕਾਸ਼ ਕਟਿਆਰ, ਨੂੰਹ ਡਾ. ਸੁਮਨ ਬਾਲਾ ਕਟਿਆਰ, ਪੋਤੇ ਆਜ਼ਾਦ ਕਟਿਆਰ, ਸ਼ੌਰਯ ਕਟਿਆਰ, ਵਿਧਾਇਕ ਨੀਲਮਾ ਕਟਿਆਰ, ਪੋਤਰੀ ਵਿਪਲਵੀ ਕਟਿਆਰ ਆਦਿ ਮੌਜੂਦ ਸਨ।

- ਬਲਬੀਰ ਲੌਂਗੋਵਾਲ

ਤਰਕਸ਼ੀਲ ਅਤੇ ਜਮਹੂਰੀ ਲਹਿਰ ਦੇ ਆਗੂ ਸਰੀਰ ਪ੍ਰਦਾਨੀ ਸਾਥੀ ਮੁਕੰਦ ਲਾਲ ਜੀ

ਬੀਤੇ ਦਿਨੀਂ ਦਿਲ ਦਾ ਦੌਰਾ ਪੈਣ ਕਾਰਨ ਮੁਕੰਦ ਲਾਲ ਜੀ ਸਾਨੂੰ ਸਦੀਵੀ ਵਿਛੋੜਾ ਦੇ ਗਏ। ਉਹ ਲਗਭਗ ਪਿਛਲੇ ਤਿੰਨ ਦਹਾਕਿਆਂ ਤੋਂ ਤਰਕਸ਼ੀਲ ਸੁਸਾਇਟੀ ਪੰਜਾਬ ਨਾਲ ਜੁੜੇ ਰਹੇ ਅਤੇ ਨਵਾਂ ਸ਼ਹਿਰ ਜ਼ੋਨ ਦੇ ਮੋਹਰਲੀ ਕਤਾਰ ਦੇ ਆਗੂਆਂ ਵਿੱਚੋਂ ਇੱਕ ਸਨ। ਤਰਕਸ਼ੀਲ ਸੁਸਾਇਟੀ ਵਿੱਚ ਵਿਚਰਦਿਆਂ ਜਿੱਥੇ ਉਹ ਵਿਗਿਆਨਿਕ ਵਿਚਾਰਧਾਰਾ ਦਾ ਪ੍ਰਚਾਰ ਕਰਦੇ ਉੱਥੇ ਮੈਜਿਕ ਟਰਿੱਕਾਂ ਰਾਹੀਂ ਲੋਕਾਂ ਦਾ ਮਨੋਰੰਜਨ ਕਰਦੇ ਅਤੇ ਜਾਦੂ ਟੂਣਿਆਂ ਪ੍ਰਤੀ ਪਾਏ ਜਾਣ ਵਾਲੇ ਵਹਿਮਾਂ ਭਰਮਾਂ ਬਾਰੇ ਵੀ ਜਾਗਰੂਕ ਕਰਦੇ ਤੇ ਗਲਤ ਸ਼ੰਕਿਆਂ ਦੀ ਨਵਿਰਤੀ ਕਰਦੇ ਸਨ। ਉਹ ਭਾਰਤੀ ਕਮਿਊਨਿਸਟ ਪਾਰਟੀ ਦੇ ਸਿਰਕੱਢ ਆਗੂ, ਜ਼ਿਲ੍ਹਾ ਕਮੇਟੀ ਨਵਾਂਸ਼ਹਿਰ ਦੇ ਸਹਾਇਕ ਸਕੱਤਰ ਅਤੇ ਤਹਿਸੀਲ ਨਵਾਂਸ਼ਹਿਰ ਦੇ ਸਕੱਤਰ ਸਨ। ਉਹ ਜਮਹੂਰੀ ਲਹਿਰ ਵਿੱਚ ਕੰਮ ਪੂਰੀ ਇਮਾਨਦਾਰੀ ਨਾਲ ਕਰਦੇ ਸਨ। ਪੈਨਸ਼ਨਰਾਂ ਦੀਆਂ ਮੰਗਾਂ ਦੀ ਪੂਰਤੀ ਲਈ ਵੀ ਉਹ ਹਮੇਸ਼ਾ ਸੰਘਰਸ਼ਸ਼ੀਲ ਰਹੇ। ਕਿਸਾਨੀ ਸੰਘਰਸ਼ ਵੇਲੇ ਵੀ ਉਹ ਦਿੱਲੀ ਦੀਆਂ ਬਰੂਹਾਂ ਤੱਕ ਸੰਘਰਸ਼ਾਂ ਵਿੱਚ ਅੱਗੇ ਹੋ ਕੇ ਹਿੱਸਾ ਲੈਂਦੇ ਰਹੇ ਹਨ। ਸਾਥੀ ਜੀ ਦਾ ਅਚਾਨਕ ਵਿਛੋੜਾ ਜਿੱਥੇ ਮਜ਼ਦੂਰ ਜਥੇਬੰਦੀਆਂ ਅਤੇ ਪਰਿਵਾਰ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਹੈ, ਉੱਥੇ ਤਰਕਸ਼ੀਲ ਲਹਿਰ, ਖੱਬੇ ਪੱਖੀ ਲਹਿਰ, ਜਮਹੂਰੀ ਲਹਿਰ ਨੂੰ ਵੀ ਨਾ ਪੂਰਾ ਹੋਣਾ ਵਾਲਾ ਘਾਟਾ ਪਿਆ ਹੈ। ਉਹਨਾਂ ਵੱਲੋਂ ਕੀਤੇ ਅਗਾਂਹਵਧੂ ਕੰਮਾਂ ਲਈ ਉਹ ਸਦਾ ਹੀ ਲੋਕਾਂ ਦੇ ਮਨਾਂ ਵਿੱਚ ਵਸਦੇ ਰਹਿਣਗੇ। ਤਰਕਸ਼ੀਲ ਲਹਿਰ ਅਤੇ ਪਰਿਵਾਰ ਲਈ ਇਹ ਬੜੇ ਮਾਣ ਵਾਲੀ ਗੱਲ ਹੈ ਕਿ ਉਹਨਾਂ ਦੀ ਮੌਤ ਪਿੱਛੋਂ ਪਰਿਵਾਰ ਵੱਲੋਂ ਕੋਈ ਵੀ ਧਾਰਮਿਕ ਰਸਮ ਨਹੀਂ ਕੀਤੀ ਗਈ। ਮੁਕੰਦ ਲਾਲ ਜੀ ਦੀ ਇੱਛਾ ਅਨੁਸਾਰ ਉਹਨਾਂ ਦਾ ਮ੍ਰਿਤਕ ਸਰੀਰ ਸੀ.ਐੱਮ.ਸੀ. ਲੁਧਿਆਣਾ ਨੂੰ ਮੈਡੀਕਲ ਖੋਜਾਂ ਲਈ ਪ੍ਰਦਾਨ ਕੀਤਾ ਗਿਆ। ਇਸ ਮੌਕੇ ਉਨ੍ਹਾਂ ਦੀ ਪਤਨੀ ਜਸਵੀਰ ਕੌਰ, ਪੁੱਤਰੀਆਂ ਪੂਜਾ ਰਾਣੀ, ਪੰਕਜ ਕੁਮਾਰੀ, ਪੁੱਤਰ ਰਾਹੁਲ ਦੇਵ ਅਤੇ ਸੰਦੀਪ ਕੁਮਾਰ, ਨੂੰਹ ਮੋਨਿਕਾ, ਤਰਕਸ਼ੀਲ ਸੁਸਾਇਟੀ ਪੰਜਾਬ ਦੇ ਸੂਬਾ ਕਮੇਟੀ ਮੈਂਬਰ ਸੁਮੀਤ ਸਿੰਘ ਅੰਮ੍ਰਿਤਸਰ ਤੇ ਜਸਵਿੰਦਰ ਫਗਵਾੜਾ, ਜ਼ੋਨ ਲੁਧਿਆਣਾ ਦੇ ਆਗੂ ਜਸਵੰਤ ਜੀਰਖ, ਪਰਮਜੀਤ ਸਿੰਘ, ਸੁਰਿੰਦਰ ਫਗਵਾੜਾ, ਕਰਤਾਰ ਸਿੰਘ ਜਗਰਾਉਂ ਆਦਿ ਹਾਜ਼ਰ ਸਨ। ਇਸ ਮੌਕੇ ਅਨਾਟਮੀ ਵਿਭਾਗ ਦੇ ਮੁਖੀ ਡਾਕਟਰ ਅੰਜਲੀ ਨੇ ਸਰੀਰ ਪ੍ਰਦਾਨ ਕਰਨ ਲਈ ਮੁਕੰਦ ਲਾਲ ਜੀ ਦੇ ਪਰਿਵਾਰ ਦੀ ਸਰਾਹਨਾ ਕੀਤੀ।



13 ਮਾਰਚ ਨੂੰ ਉਹਨਾਂ ਨਮਿਤ ਗ਼ੈਰ ਧਾਰਮਿਕ ਸ਼ਰਧਾਂਜਲੀ ਸਮਾਗਮ ਕਰਵਾਇਆ ਗਿਆ। ਇਸ ਮੌਕੇ ਸੀ. ਪੀ. ਆਈ. ਦੇ ਸੂਬਾ ਸਕੱਤਰ ਕਾਮਰੇਡ ਬੰਤ ਬਰਾੜ, ਜ਼ਿਲ੍ਹਾ ਕਾਰਜਕਾਰੀ ਸਕੱਤਰ ਨਰੰਜਣ ਦਾਸ ਅਤੇ ਪਰਮਿੰਦਰ ਮੇਨਕਾ ਨੇ ਕਿਹਾ ਕਿ ਕਾਮਰੇਡ ਮੁਕੰਦ ਲਾਲ ਬਹੁਪੱਖੀ ਸ਼ਖ਼ਸੀਅਤ ਸਨ। ਤਰਕਸ਼ੀਲ ਸੁਸਾਇਟੀ ਪੰਜਾਬ ਦੇ ਸੱਭਿਆਚਾਰਕ ਵਿਭਾਗ ਦੇ ਮੁਖੀ ਜੋਗਿੰਦਰ ਕੁੱਲੇਵਾਲ, ਕਾਨੂੰਨ ਵਿਭਾਗ ਦੇ ਮੁਖੀ ਜਸਵਿੰਦਰ ਫਗਵਾੜਾ, ਜ਼ੋਨ ਨਵਾਂਸ਼ਹਿਰ ਦੇ ਮੁਖੀ ਸੱਤਪਾਲ ਸਲੋਹ, ਮਾਸਟਰ ਜਗਦੀਸ਼ ਰਾਏ ਪੁਰ ਡੱਬਾ, ਅਜਮੇਰ ਸਿੱਧੂ, ਸੀ. ਪੀ. ਆਈ. ਐੱਮ. ਦੇ ਆਗੂ ਬਲਵੀਰ ਜਾਡਲਾ, ਆਰ. ਐੱਮ. ਪੀ. ਆਈ. ਦੇ ਆਗੂ ਕੁਲਦੀਪ ਸਿੰਘ ਸੁੱਜੋਂ, ਸਤਨਾਮ ਸਿੰਘ ਗੁਲਾਟੀ, ਖੇਤ ਮਜ਼ਦੂਰ ਸਭਾ ਦੇ ਆਗੂ ਦੇਵੀ ਕੁਮਾਰੀ, ਸੇਵਾਮੁਕਤ ਜ਼ਿਲ੍ਹਾ ਸਿੱਖਿਆ ਅਫ਼ਸਰ ਦਿਲਬਾਗ ਸਿੰਘ, ਜਮਹੂਰੀ ਅਧਿਕਾਰ ਸਭਾ ਦੇ ਆਗੂ ਬੂਟਾ ਸਿੰਘ ਮਹਿਮੂਦਪੁਰ, ਇਸਤਰੀ ਜਾਗ੍ਰਿਤੀ ਮੰਚ ਦੇ ਆਗੂ ਗੁਰਬਖਸ਼ ਕੌਰ ਸੰਘਾ, ਅਵਤਾਰ ਲੰਗੇਰੀ ਅਤੇ ਹੋਰ ਵੱਖ-ਵੱਖ ਜਥੇਬੰਦੀਆਂ ਦੇ ਆਗੂਆਂ ਵੱਲੋਂ ਭਾਵਭਿੰਨੀਆਂ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ। ਇਸ ਮੌਕੇ ਜਸਵੀਰ ਬੇਗ਼ਮਪੁਰੀ ਵੱਲੋਂ ਪੁਸਤਕ ਪ੍ਰਦਰਸ਼ਨੀ ਲਗਾਈ ਗਈ। ਮੈਡੀਕਲ ਕੈਂਪ ਵੀ ਲਗਾਇਆ ਗਿਆ। ਅੰਤ ਵਿਚ ਆਏ ਹੋਏ ਰਿਸ਼ਤੇਦਾਰਾਂ ਅਤੇ ਹੋਰਾਂ ਨੂੰ ਪੌਦੇ ਵੰਡੇ ਗਏ। ਇਸ ਮੌਕੇ ਸੁਖਵਿੰਦਰ ਗੋਗਾ, ਮਾਸਟਰ ਰਾਮ ਪਾਲ ਰਾਹੋਂ, ਮਾਸਟਰ ਪਰਮਜੀਤ ਖਮਾਚੋਂ, ਮਾਸਟਰ ਗੁਰਦਿਆਲ ਮਹਿੰਦੀ ਪੁਰ, ਕੁਲਦੀਪ ਦੌੜਕਾ, ਬਲਜੀਤ ਖਟਕੜ, ਮੋਹਨ ਬੀਕਾ, ਸੁਖਦੇਵ ਫਗਵਾੜਾ, ਬਲਜਿੰਦਰ ਸਵਾਜਪੁਰ, ਹਰਜਿੰਦਰ ਸੂੰਨੀ, ਕਾਮਰੇਡ ਬਲਜਿੰਦਰ ਸਿੰਘ, ਕੁਲਦੀਪ ਸੁੱਜੋਂ, ਬਲਵਿੰਦਰ ਕੌਰ ਸਲੋਹ, ਕਮਲਜੀਤ ਕੌਰ ਕੁੱਲੇਵਾਲ, ਜਸਵਿੰਦਰ ਭੰਗਲ ਅਤੇ ਹੋਰ ਬਹੁਤ ਸਾਰੇ ਸਾਥੀ ਹਾਜ਼ਰ ਸਨ।

- ਮਾਸਟਰ ਜਗਦੀਸ਼
(ਮੀਡੀਆ ਇੰਚਾਰਜ ਜ਼ੋਨ ਨਵਾਂਸ਼ਹਿਰ)

ਸਰੀਰ ਪ੍ਰਦਾਨੀ ਸਤਿਕਾਰਤ ਹਰਬੰਸ ਕੌਰ ਜੀ

ਸਿਰੜ, ਹਿੰਮਤ ਅਤੇ ਸਿਦਕ ਦੀ ਮੁਜੱਸਮਾ ਹਰਬੰਸ ਕਦੇ ਮਰ ਨਹੀਂ ਸਕਦੀ

ਉਹ ਮਨੁੱਖ ਮਰਦੇ ਹੁੰਦੇ ਹਨ ਜੋ ਸਿਰਫ਼ ਨਿੱਜ, ਖਾਣ-ਪੀਣ ਤੇ ਸੌਣ ਲਈ ਜਿਊਂਦੇ ਹੁੰਦੇ ਹਨ ਪਰ ਉਹ ਮਨੁੱਖ ਕਦੇ ਨਹੀਂ ਮਰਦੇ ਜੋ ਪਰਿਵਾਰ ਸਮੇਤ ਸਮੁੱਚੇ ਸਮਾਜ ਦੇ ਭਲੇ/ਸੇਵਾ ਤੇ ਨਿਆਂ ਲਈ ਕੰਮ ਕਰਦਿਆਂ ਵਿਛੜਦੇ ਹਨ। ਹਰਬੰਸ ਆਪਣੀ ਸਮਾਜ-ਸੇਵਾ ਕਰਕੇ ਜ਼ਿੰਦਾਬਾਦ ਹੈ ਅਤੇ ਜ਼ਿੰਦਾਬਾਦ ਰਹੇਗੀ। ਸਾਡੀ ਹਰਮਨ ਪਿਆਰੀ ਹਰਬੰਸ ਕੈਂਸਰ ਦੀ ਬੀਮਾਰੀ ਨਾਲ ਪੂਰੀ ਹਿੰਮਤ ਤੇ ਦਲੇਰੀ ਨਾਲ 4 ਸਾਲ ਸੰਘਰਸ਼ ਕਰਦਿਆਂ ਆਖਿਰ 12 ਅਪ੍ਰੈਲ ਨੂੰ ਪਰਿਵਾਰ, ਰਿਸ਼ਤੇਦਾਰਾਂ ਤੇ ਆਪਣੇ ਸੰਗੀਆਂ ਸਨੇਹੀਆਂ ਤੋਂ ਸਰੀਰਕ ਤੌਰ ’ਤੇ ਸਦਾ ਲਈ ਵਿਛੜ ਗਈ। ਹਰਬੰਸ ਕੌਰ, ਤਰਕਸ਼ੀਲ ਆਗੂ ਸਾਥੀ ਸੁਖਦੇਵ ਫਗਵਾੜਾ ਦੇ ਜੀਵਨ ਸਾਥੀ ਸਨ। ਭੈਣ ਹਰਬੰਸ ਕੌਰ ਨੇ ਬਤੌਰ ਆਰਟ ਐਂਡ ਕਰਾਫਟ ਅਧਿਆਪਕਾ ਸਰਕਾਰੀ ਨੌਕਰੀ ਕੀਤੀ ਤੇ ਧੀ ਨਵਕਿਰਨ ਨੂੰ ਡਾਕਟਰ ਬਣਾਇਆ ਅਤੇ ਬੇਟੀ ਦੀ ਸ਼ਾਦੀ ਬੜੇ ਚਾਵਾਂ ਮਲ੍ਹਾਰਾਂ ਨਾਲ ਡਾ. ਪੰਕਜ ਨਾਲ ਕੀਤੀ ਅਤੇ ਪੁੱਤਰ ਨਵਦੀਪ ਨੂੰ ਆਸਟ੍ਰੇਲੀਆ ਭੇਜਿਆ ਜਿੱਥੇ ਨਵਦੀਪ ਉਹਨਾਂ ਦੀ ਪਤਨੀ ਅਮਨਦੀਪ ਕੌਰ ਅਤੇ ਪੋਤਾ ਰਹਿ ਰਹੇ ਹਨ।



ਹਰਬੰਸ ਆਮ ਨਾਲੋਂ ਵੱਖਰੀ ਕਿਵੇਂ—ਹਰਬੰਸ ਦਾ ਸਦਾ ਹੰਸੂ-ਹੰਸੂ ਕਰਦਾ ਚਿਹਰਾ, ਕਦੇ ਮੱਥੇ ਤਿਊੜੀ ਨਾ ਹੋਣਾ ਤਰਕਸ਼ੀਲ ਲਹਿਰ ਦੇ ਘਰ ਆਏ ਸਾਥੀਆਂ ਨੂੰ ਮਿਸ਼ਰੀ ਵਰਗੇ ਮਿੱਠੇ ਸ਼ਬਦਾਂ ਨਾਲ ਜੀ ਆਇਆਂ ਕਹਿੰਦਿਆਂ ਖਿੜੇ ਮੱਥੇ ਮਿਲਣਾ ਅਤੇ ਚਾਹ ਪਾਣੀ ਤੋਂ ਬਿਨਾਂ ਹਿੱਲਣ ਨਾ ਦੇਣਾ, ਰਿਸ਼ਤਿਆਂ ਦਾ ਸਨਮਾਨ ਕਰਨਾ, ਅਗਾਂਹਵਧੂ ਤੇ ਤਰਕਸ਼ੀਲ ਸਮਾਗਮਾਂ ’ਚ ਵਧ ਚੜ੍ਹ ਕੇ ਸ਼ਮੂਲੀਅਤ ਕਰਨਾ, ਸਾਥੀਆਂ ਤੇ ਰਿਸ਼ਤੇਦਾਰਾਂ ਦੇ ਦੁੱਖ-ਸੁੱਖ ਵਿੱਚ ਸੁਖਦੇਵ ਦੇ ਨਾਲ ਜਾਣਾ, ਮੇਲਾ ਗ਼ਦਰੀ ਬਾਬਿਆਂ ਦੀ ਪੱਕੀ ਦਰਸ਼ਕ, ਸੁਸਾਇਟੀ ਵਾਸਤੇ ਚਾਰਟ ਲਿਖਣੇ, ਹਰ ਸਮੇਂ ਸੋਹਣੇ ਸੁਨੱਖੇ ਬਣ ਕੇ ਰਹਿਣਾ ਅਤੇ ਮੱਥੇ ਉੱਤੇ ਹਮੇਸ਼ਾਂ ਨੂਰ ਝਲਕਣਾ, ਸੁਖਦੇਵ ਦੇ ਤਰਕਸ਼ੀਲ ਅਤੇ ਅਗਾਂਹਵਧੂ ਕੰਮਾਂ ਵਿੱਚ ਵਧੀਆ ਸਹਿਯੋਗ ਕਰਨਾ, ਕਿਰਤੀਆਂ ਨੂੰ ਸਨਮਾਨ ਤੇ ਸਹਿਯੋਗ ਦੇਣਾ ਆਦਿ ਸਮੇਤ ਬਹੁਤ ਚੰਗਾ ਹੋਰ ਵੀ ਕਈ ਕੁਝ।

ਬੀਮਾਰੀ ਨੂੰ ਵੀ ਲਲਕਾਰਨ ਵਾਲੀ ਹਰਬੰਸ—2020 ਵਿੱਚ ਅਚਾਨਕ ਕੈਂਸਰ ਦੇ ਰੋਗ ਦਾ ਪਤਾ ਲੱਗਾ ਤਾਂ ਸਾਰਾ ਪਰਿਵਾਰ ਗੰਭੀਰ ਬੀਮਾਰੀ ਕਾਰਨ ਉਦਾਸ ਹੋਇਆ ਅਤੇ ਅੱਖਾਂ ਵੀ ਨਮ ਹੋਈਆਂ ਪਰ ਹਰਬੰਸ ਨੇ ਪਰਿਵਾਰ ਨੂੰ ਹੌਂਸਲਾ ਦਿੰਦਿਆਂ ਕਿਹਾ, “ਸੁਖਦੇਵ ਤੁਸੀਂ ਉਦਾਸ ਨਾ ਹੋਵੋ। ਮੈਂ ਇਸ ਬੀਮਾਰੀ ਨਾਲ ਅਖੀਰ ਤੱਕ ਲੜਾਂਗੀ, ਮੈਂ ਜਿੰਦਾ ਹਾਂ ਅਤੇ ਜ਼ਿੰਦਗੀ ਨੂੰ ਪੂਰਾ ਮੁੱਲਵਾਨ ਬਣਾਵਾਂਗੀ।” ਹਰਬੰਸ ਨੇ ਆਪਣੀ ਧੀ, ਜਵਾਈ ਅਤੇ ਪੁੱਤ ਤੇ ਨੂੰਹ ਨੂੰ ਹੌਂਸਲਾ ਦਿੱਤਾ ਅਤੇ ਆਪਣੇ ਭੈਣਾਂ-ਭਰਾਵਾਂ ਤੇ ਸੁਖਦੇਵ ਦੇ ਭਰਾਵਾਂ, ਭਤੀਜਿਆਂ ਤੇ ਭਤੀਜੀਆਂ ਸਮੇਤ ਹਰੇਕ ਸਨੇਹੀ ਨੂੰ ਦਿੱਤੇ ਹੌਂਸਲੇ ਨੂੰ ਨਿਭਾਉਂਦੇ ਹੋਏ ਕਦੇ ਵੀ ਹਾਏ ਹਾਏ ਨਹੀਂ ਕੀਤੀ, ਜ਼ਿਆਦਾ ਸਿਹਤ ਖ਼ਰਾਬ ਹੋਣ ਉੱਤੇ ਵੀ ਉਹ ਸ਼ੇਰ ਦਿਲ ਔਰਤ ਨੇ ਪਤਾ ਲੈਣ ਆਏ ਗਿਆਂ ਨੂੰ ਹਮੇਸ਼ਾਂ ਕਿਹਾ, ‘ਹਾਂ, ਮੈਂ ਠੀਕ ਹਾਂ’। ਉਸ ਨੇ ਕਦੇ ਵੀ ਬੀਮਾਰੀ ਅੱਗੇ ਹੌਂਸਲਾ ਨਹੀਂ ਹਾਰਿਆ।

ਸਮਾਜਿਕ ਜ਼ਿੰਮੇਵਾਰੀ ਦਾ ਅਹਿਸਾਸ ਰੱਖਣ ਵਾਲੀ—ਸੁਖਦੇਵ ਤਾਂ ਵਿਆਹ ਤੋਂ ਪਹਿਲਾਂ ਤੋਂ ਹੀ ਅਗਾਂਹਵਧੂ ਕੰਮਾਂ ਦਾ ਸਾਥੀ ਸੀ ਪਰ ਹਰਬੰਸ ਨੇ ਉਸ ਨਾਲ ਵਿਆਹ ਹੋਣ ’ਤੇ ਕਦੇ ਉਸ ਦੇ ਕੰਮਾਂ ਵਿੱਚ ਕੋਈ ਰੁਕਾਵਟ ਨਹੀਂ ਪਾਈ ਸਗੋਂ ਉਸ ਦੇ ਕੰਮਾਂ ਦੀ ਚੰਗੀ ਸਹਿਯੋਗੀ ਬਣ ਕੇ ਸਮਾਜਿਕ ਫ਼ਰਜ਼ਾਂ ਨੂੰ ਨਿਭਾਇਆ। ਸਮਾਜਿਕ ਜ਼ਿੰਮੇਵਾਰੀ ਦੇ ਅਹਿਸਾਸ ਕਾਰਨ ਹੀ ਹਰਬੰਸ ਨੇ ਸੁਖਦੇਵ ਦੀ ਸਲਾਹ ਨਾਲ ਨਿਰਣਾ ਲਿਆ ਸੀ ਕਿ ਉਸਦੀ ਮੌਤ ਤੋਂ ਬਾਅਦ ਉਸ ਦੀ ਮ੍ਰਿਤਕ ਦੇਹ ਮੈਡੀਕਲ ਖੋਜ ਕਾਰਜਾਂ ਲਈ ਮੈਡੀਕਲ ਕਾਲਜ ਨੂੰ ਪ੍ਰਦਾਨ ਕਰ ਦਿੱਤੀ ਜਾਵੇ।

ਮ੍ਰਿਤਕ ਦੇਹ ਮੈਡੀਕਲ ਖੋਜ ਕਾਰਜਾਂ ਲਈ ਪ੍ਰਦਾਨ—ਹਰਬੰਸ ਦੇ ਪਰਿਵਾਰ, ਰਿਸ਼ਤੇਦਾਰਾਂ ਤੇ ਸਨੇਹੀਆਂ ਲਈ 12 ਅਪ੍ਰੈਲ 2024 ਦਾ ਦਿਨ ਕਸ਼ਟਮਈ ਸੀ, ਕਿਉਂਕਿ ਇਸ ਦਿਨ ਰਾਤ ਨੂੰ ਉਹ ਲੰਬੇ ਚੱਲੇ ਇਲਾਜ ਤੋਂ ਬਾਅਦ ਪਰਿਵਾਰ ਤੇ ਆਪਣੇ ਕਾਫਲੇ ਨੂੰ ਵਿਛੋੜਾ ਦੇ ਗਈ। ਪਰਿਵਾਰ ਲਈ ਸੌਖਾ ਨਹੀਂ ਹੁੰਦਾ ਇਸ ਵਕਤ ਸੰਭਲਣਾ ਪਰ ਸੁਖਦੇਵ ਤੇ ਪਰਿਵਾਰ ਨੇ ਹੌਂਸਲੇ ਤੇ ਜ਼ਿੰਮੇਵਾਰੀ ਨਾਲ ਤੁਰੰਤ ਫ਼ੈਸਲਾ ਲਿਆ ਕਿ ਅਗਲੇ ਦਿਨ 13 ਅਪ੍ਰੈਲ ਨੂੰ ਹਰਬੰਸ ਦੀ ਮ੍ਰਿਤਕ ਦੇਹ ਖੋਜ ਕਾਰਜਾਂ ਲਈ ਸੀ. ਐੱਮ. ਸੀ. ਲੁਧਿਆਣਾ ਨੂੰ ਪ੍ਰਦਾਨ ਕਰ ਦਿੱਤੀ ਜਾਵੇਗੀ। ਰਿਸ਼ਤੇਦਾਰਾਂ ਅਤੇ ਸੰਗੀਆਂ ਸਾਥੀਆਂ ਦਾ ਵੱਡਾ ਕਾਫਲਾ ਹਿੰਮਤ, ਸਿਰੜ ਤੇ ਸਿਦਕ ਦੀ ਮੁਜੱਸਮਾ ਹਰਬੰਸ ਦੀ ਅਨਮੋਲ ਮ੍ਰਿਤਕ ਦੇਹ ਫੁੱਲਾਂ ਨਾਲ ਸਜਾਈ ਐਂਬੂਲੈਂਸ ਵਿੱਚ ਲੈ ਕੇ “ਹਰਬੰਸ—ਜ਼ਿੰਦਾਬਾਦ” ਕਹਿੰਦਾ ਹੋਇਆ ਸੀ. ਐੱਮ. ਸੀ. ਲੁਧਿਆਣਾ ਪੁੱਜਾ, ਜਿੱਥੇ ਹਰਬੰਸ ਦੀ ਮ੍ਰਿਤਕ ਦੇਹ ਨੂੰ ਸੁਖਦੇਵ, ਨਵਕਿਰਨ, ਪੰਕਜ,

ਨਵਦੀਪ ਨੇ ਅਤੇ ਵਿਦੇਸ਼ ਗ਼ਮਗੀਨ ਬੈਠੀ ਨੂੰਹ ਅਮਨਦੀਪ ਕੌਰ, ਹਰਬੰਸ ਦੇ ਭਰਾਵਾਂ, ਰਿਸ਼ਤੇਦਾਰਾਂ ਅਤੇ ਲੋਕ ਕਾਫ਼ਲੇ ਦੇ ਸਾਥੀਆਂ ਨੇ ਫੁੱਲ ਅਰਪਿਤ ਕਰ ਕੇ ਵਿਦਾਇਗੀ ਦਿੱਤੀ। ਐਨਾਟਮੀ ਵਿਭਾਗ ਦੇ ਮਿਸਟਰ ਅਨਿਲ ਨੇ ਭੈਣ ਹਰਬੰਸ ਕੌਰ ਨੂੰ ਸ਼ਰਧਾ ਸੁਮਨ ਭੇਂਟ ਕਰਦਿਆਂ ਕਿਹਾ ਕਿ ਇਹ ਮ੍ਰਿਤਕ ਦੇਹ ਮੈਡੀਕਲ ਖੋਜ ਕਾਰਜਾਂ ਲਈ ਦੁਨੀਆਂ ਦੀ ਸਭ ਤੋਂ ਅਨਮੋਲ ਭੇਂਟ/ਵਸਤ ਹੈ ਅਤੇ ਭੈਣ ਹਰਬੰਸ ਕੌਰ ਜਿੱਥੇ ਜਿਉਂਦੇ ਜੀਅ ਵਿਦਿਆਰਥੀਆਂ ਨੂੰ ਪੜ੍ਹਾਉਂਦੇ ਰਹੇ ਹੁਣ ਉਹ ਮੌਤ ਤੋਂ ਬਾਅਦ ਵੀ ਨਵੇਂ ਬਣ ਰਹੇ ਡਾਕਟਰਾਂ ਦੀ ਅਧਿਆਪਕਾ ਵਜੋਂ ਲੰਬਾ ਸਮਾਂ ਡਾਕਟਰਾਂ ਦੀ ਡਾਕਟਰ ਰਹੇਗੀ। ਅੱਜ ਇਸ ਮੈਡੀਕਲ ਕਾਲਜ ਦਾ ਅੰਗ ਬਣ ਗਈ ਹੈ ਅਤੇ ਮੈਡੀਕਲ ਖੋਜ ਕਾਰਜਾਂ ਦੇ ਇਤਿਹਾਸ ਦਾ ਹਿੱਸਾ।

ਹਰਬੰਸ ਦਾ ਸਤਿਕਾਰ ਸਮਾਗਮ—15 ਅਪ੍ਰੈਲ ਨੂੰ ਫਗਵਾੜਾ ਵਿਖੇ ਭੈਣ ਹਰਬੰਸ ਕੌਰ ਦਾ ਸਤਿਕਾਰ ਸਮਾਗਮ ਕੀਤਾ ਗਿਆ। ਰਿਸ਼ਤੇਦਾਰਾਂ, ਹਰਬੰਸ ਦੇ ਸਨੇਹੀਆਂ, ਸੁਖਦੇਵ ਦੇ ਕੰਮ ਘੇਰੇ ਵਾਲੇ, ਤਰਕਸ਼ੀਲਾਂ ਅਤੇ ਇਲਾਕੇ ਦੇ ਲੋਕਾਂ ਨੇ ਵੱਡੀ ਪੱਧਰ ਉੱਤੇ ਸ਼ਮੂਲੀਅਤ ਕਰਕੇ ਅਤੇ ਹਰਬੰਸ ਕੌਰ ਦੀ ਤਸਵੀਰ ਨੂੰ ਫੁੱਲ ਅਰਪਿਤ ਕਰਕੇ ਸਤਿਕਾਰ ਭੇਂਟ ਕੀਤਾ। ਸਤਿਕਾਰ ਸਮਾਗਮ ਵਿੱਚ ਕਿਸੇ ਕਿਸਮ ਦੀ ਵੀ ਧਾਰਮਿਕ ਤੇ ਪਰੰਪਰਾਵਾਦੀ ਰਸਮ ਨਹੀਂ ਕੀਤੀ ਗਈ। ਸਮਾਗਮ ਵਿੱਚ ਆਏ ਸਾਰੇ ਲੋਕਾਂ ਨੇ ਖੜ੍ਹੇ ਹੋ ਕੇ ਦੋ ਮਿੰਟ ਦਾ ਮੌਨ ਧਾਰ ਕੇ ਅਤੇ ਫਿਰ "ਹਰਬੰਸ ਕੌਰ ਜ਼ਿੰਦਾਬਾਦ" ਦਾ ਨਾਅਰਾ ਬੁਲੰਦ ਕਰ ਕੇ ਹਰਬੰਸ ਨੂੰ ਸਤਿਕਾਰ ਭੇਂਟ ਕੀਤਾ। ਇਕੱਠ ਨੂੰ ਤਰਕਸ਼ੀਲ ਸੁਸਾਇਟੀ ਦੇ ਸੂਬਾ ਮੁਖੀ ਰਜਿੰਦਰ ਭਦੌੜ ਨੇ ਸੰਬੋਧਨ ਕਰਦਿਆਂ ਕਿਹਾ ਕਿ ਹਰਬੰਸ ਕੌਰ ਜੀ ਹਿੰਮਤ, ਸਿਰੜ ਵਾਲੀ ਔਰਤ ਸੀ ਜੋ ਹਮੇਸ਼ਾ ਸਮਾਜ ਦੀ ਬਿਹਤਰੀ ਲਈ ਅਤੇ ਤਰਕਸ਼ੀਲ ਲਹਿਰ ਦੇ ਕੰਮਾਂ ਲਈ ਤੱਤਪਰ ਰਹਿੰਦੀ ਸੀ, ਭੈਣ ਹਰਬੰਸ ਆਪਣੇ ਜੀਵਨ ਸਾਥੀ ਸੁਖਦੇਵ ਦੇ ਸਮਾਜਿਕ ਤੇ ਤਰਕਸ਼ੀਲ ਕੰਮਾਂ ਦੀ ਚੰਗੀ ਸਹਿਯੋਗੀ ਸੀ। ਉਸ ਦੀ ਚੰਗੀ ਸੋਚ ਦੀ ਦੇਣ ਹੈ ਕਿ ਉਸ ਨੇ ਮੌਤ ਤੋਂ ਬਾਅਦ ਵੀ ਆਪਣੀ ਮ੍ਰਿਤਕ ਦੇਹ ਲੋਕਾਂ ਦੀ ਸੇਵਾ ਲਈ ਮੈਡੀਕਲ ਖੋਜ ਕਾਰਜਾਂ ਲਈ ਪ੍ਰਦਾਨ ਕੀਤੀ। ਉਹ ਸਮਝਦੀ ਸੀ ਕਿ ਅੰਧ ਵਿਸ਼ਵਾਸ ਤੇ ਵਹਿਮ ਭਰਮ ਸਮਾਜ ਦੇ ਵਿਕਾਸ ਵਿੱਚ ਵੱਡੀ ਰੁਕਾਵਟ ਹਨ। ਏਨਾਂ ਦੀ ਸਮਾਪਤੀ ਤੋਂ ਬਿਨਾਂ ਸਮਾਜ ਤਰੱਕੀ ਨਹੀਂ ਕਰ ਸਕਦਾ, ਇਸੇ ਲਈ ਭੈਣ ਜੀ ਦਾ ਸਤਿਕਾਰ ਸਮਾਗਮ ਬਿਨ੍ਹਾਂ ਕਿਸੇ ਧਾਰਮਿਕ ਤੇ ਪਰੰਪਰਾਵਾਦੀ ਰਸਮ ਰਿਵਾਜ ਤੋਂ ਕੀਤਾ ਗਿਆ ਹੈ। ਹਰਬੰਸ ਤਰਕਸ਼ੀਲ ਲਹਿਰ ਦਾ ਅੰਗ ਸੀ ਅਤੇ ਤਰਕਸ਼ੀਲ ਸੁਸਾਇਟੀ ਹਮੇਸ਼ਾਂ ਉਸ ਦੇ ਕੀਤੇ ਕਾਰਜਾਂ ਉੱਤੇ ਮਾਣ ਕਰਦੀ ਰਹੇਗੀ। ਉਨ੍ਹਾਂ ਹੋਰ ਕਿਹਾ ਕਿ ਅੰਧ ਵਿਸ਼ਵਾਸ ਤੇ ਵਹਿਮ ਸਮਾਜ ਨੂੰ ਹਨੇਰੇ ਵਿੱਚ ਲਿਜਾ ਰਹੇ ਹਨ। ਸਿਰਫ਼ ਵਿਗਿਆਨਿਕ ਵਿਚਾਰ ਹੀ ਸਮਾਜ ਨੂੰ ਨਿਆਂ ਅਤੇ ਤਰੱਕੀ ਦੇ ਰਾਹ ਲਿਜਾ ਸਕਦਾ ਹੈ। ਜਮਹੂਰੀ ਅਧਿਕਾਰ ਸਭਾ ਦੇ ਆਗੂ ਬੂਟਾ ਸਿੰਘ ਮਹਿਮੂਦਪੁਰ, ਮਨਪ੍ਰੀਤ ਕੌਰ ਸਮਾਜਿਕ ਕਾਰਕੁੰਨ, ਮੁਲਾਜ਼ਮ ਆਗੂ ਹਰਮੇਸ਼ ਪਾਠਕ, "ਵਰਗ ਚੇਤਨਾ" ਦੇ ਸੰਪਾਦਕ ਯਸ਼ਪਾਲ ਅਤੇ ਸੁਰਜੀਤ ਟਿੱਬਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਹਰਬੰਸ ਕੌਰ ਸਾਡਾ ਸਭ ਦਾ ਮਾਣ ਹੈ ਤੇ ਸਮਾਜ ਲਈ ਚਾਨਣ ਮੁਨਾਰਾ ਹੈ ਅਤੇ ਸਮਾਜ ਨੂੰ ਚੰਗਾ ਤੇ ਨਰੋਆ ਬਣਾਉਣ ਲਈ ਲੋਕਾਂ ਨੂੰ ਭੈਣ ਹਰਬੰਸ ਵਾਂਗ ਵਿਗਿਆਨਕ ਨਜ਼ਰੀਆ ਅਪਨਾਉਣਾ ਚਾਹੀਦਾ ਹੈ। ਬੁਲਾਰਿਆਂ ਹਕੂਮਤ ਦੀ ਲੋਕਾਂ ਪ੍ਰਤੀ ਲਾਪਰਵਾਹੀ, ਮਹਿੰਗੀਆਂ ਸਿਹਤ ਸਹੂਲਤਾਂ, ਗ਼ੈਰ ਜ਼ਿੰਮੇਵਾਰੀ ਦੀ ਨਿੰਦਾ ਕਰਦਿਆਂ ਕਿਹਾ ਕਿ ਹਾਕਮ ਜਾਣ ਬੁਝ ਕੇ ਅੰਧ ਵਿਸ਼ਵਾਸ ਤੇ ਧਾਰਮਿਕਤਾ ਨੂੰ ਬੜ੍ਹਾਵਾ ਦੇ ਰਿਹਾ ਹੈ ਤਾਂ ਜੋ ਲੋਕ ਲੋਕਾਂ ਦੀਆਂ ਮੁਸ਼ਕਲਾਂ ਦੇ ਜ਼ਿੰਮੇਵਾਰ ਹਾਕਮਾਂ ਉੱਤੇ ਉਂਗਲ ਧਰਨ ਦੀ ਬਜਾਏ ਕਰਮਾਂ ਦੀ ਖੇਡ ਸਮਝ ਕੇ ਖ਼ੁਦ ਨੂੰ ਹੀ ਮੁਸ਼ਕਲਾਂ ਦੇ ਦੋਸ਼ੀ ਮੰਨਦੇ ਰਹਿਣ। ਹਰਬੰਸ ਤੇ ਸੁਖਦੇਵ ਹੁਣਾਂ ਦੇ ਪੁੱਤ ਵਰਗੇ ਦਾਮਾਦ ਡਾ. ਪੰਕਜ ਨੇ ਵੀ ਆਪਣੇ ਜਜ਼ਬਾਤ ਸਾਂਝੇ ਕੀਤੇ ਅਤੇ ਭਤੀਜੇ ਜਸਵੀਰ ਨੰਬਰਦਾਰ ਨੇ ਕਵਿਤਾ ਰਾਹੀਂ ਮਾਂ ਹਰਬੰਸ ਨੂੰ ਯਾਦ ਕੀਤਾ। ਸਟੇਜ ਸਕੱਤਰ ਦੀ ਭੂਮਿਕਾ ਤਰਕਸ਼ੀਲ ਆਗੂ ਜਸਵਿੰਦਰ ਫਗਵਾੜਾ ਨੇ ਨਿਭਾਉਂਦਿਆਂ ਕਿਹਾ ਕਿ ਭੈਣ ਹਰਬੰਸ ਕੌਰ ਦਾ ਵਿਛੋੜਾ ਬੇਸ਼ੱਕ ਸਾਡੇ ਤਰਕਸ਼ੀਲ ਕਾਫ਼ਲੇ ਲਈ ਵੱਡਾ ਘਾਟਾ ਹੈ ਪਰ ਉਸ ਦਾ ਜੀਵਨ ਤੇ ਕੰਮ ਸਾਡੇ ਲਈ ਮਾਣ ਹੈ। ਹਰਬੰਸ ਤੂੰ ਕਦੇ ਨਹੀਂ ਮਰ ਸਕਦੀ, ਤੈਨੂੰ ਅਸੀਂ ਇਸ ਕੁਦਰਤ ਦੇ ਜ਼ਰੇ ਜ਼ਰੇ ਵਿੱਚੋਂ ਮਹਿਸੂਸ ਕਰਦੇ ਰਹਾਂਗੇ ਤੇ ਤੇਰਾ ਪਿਆਰ ਸਲੀਕਾ ਤੇ ਵਿਹਾਰ ਹਮੇਸ਼ਾ ਸਾਡੇ ਜਿਹਨ ਦਾ ਹਿੱਸਾ ਬਣਿਆ ਰਹੇਗਾ। ਇਸ ਸਮਾਗਮ ਵਿੱਚ ਤਰਕਸ਼ੀਲ ਸੁਸਾਇਟੀ ਦੇ ਸੂਬਾ ਕਮੇਟੀ ਮੈਂਬਰ ਹੇਮ ਰਾਜ ਸਟੈਨੋ, ਰਾਜਪਾਲ ਸਿੰਘ, ਸੁਮੀਤ ਸਿੰਘ, ਡਾ. ਜੋਗਿੰਦਰ ਕੁਲੇਵਾਲ, ਰਾਮ ਸਵਰਨ ਲੱਖੇਵਾਲੀ, ਜੋਨਾਂ ਤੇ ਇਕਾਈਆਂ ਦੇ ਵੱਡੀ ਗਿਣਤੀ 'ਚ ਸਾਥੀ, ਅਮੋਲਕ ਸਿੰਘ ਪ੍ਰਧਾਨ ਪੰਜਾਬ ਲੋਕ ਸੱਭਿਆਚਾਰ, ਹਰਮੇਸ਼ ਮਾਲੜੀ ਪੰਜਾਬ ਖੇਤ ਮਜ਼ਦੂਰ ਯੂਨੀਅਨ, ਪੈਨਸ਼ਨਰ ਵੈੱਲਫੇਅਰ ਐਸੋਸੀਏਸ਼ਨ ਦੇ ਮਾਸਟਰ ਕੁਲਦੀਪ ਸਿੰਘ ਕੌੜਾ, ਮਾਸਟਰ ਕਰਨੈਲ ਸਿੰਘ ਸੰਧੂ, ਮਾਸਟਰ ਗੁਰਮੁਖ ਸਿੰਘ ਡੀ. ਐੱਮ.ਐੱਫ. ਸਮੇਤ ਅਨੇਕਾਂ ਆਗੂ ਅਤੇ ਦੇਸ਼-ਵਿਦੇਸ਼ ਤੋਂ ਬਹੁਤ ਸਾਰੇ ਸ਼ੋਕ ਸੁਨੇਹੇ ਵੀ ਆਏ। ਸਾਥੀ ਸੁਖਦੇਵ ਫਗਵਾੜਾ ਨੇ ਦੁੱਖ 'ਚ ਸ਼ਰੀਕ ਹੋਏ ਸਮੂਹ ਸੰਗੀਆਂ, ਰਿਸ਼ਤੇਦਾਰਾਂ, ਜਨਤਾ ਦਾ ਧੰਨਵਾਦ ਕੀਤਾ।

ਜਸਵਿੰਦਰ ਫਗਵਾੜਾ

ਪੇਸ਼ਕਦਮੀਆਂ

ਪੰਜ ਰੋਜ਼ਾ ਅੰਮ੍ਰਿਤਸਰ ਪੁਸਤਕ ਮੇਲੇ ਵਿੱਚ ਤਰਕਸ਼ੀਲ ਸੁਸਾਇਟੀ ਦੀ ਸ਼ਮੂਲੀਅਤ

ਬੇਸ਼ੱਕ ਪੁਸਤਕਾਂ ਨੂੰ ਨਿਰਜੀਵ ਵਸਤੂ ਕਿਹਾ ਜਾਂਦਾ ਹੈ ਪਰ ਅਸਲ ਵਿਚ ਮਿਆਰੀ ਅਤੇ ਤਰਕਸ਼ੀਲ ਸਾਹਿਤ ਇਕ ਕਮਜ਼ੋਰ ਮਾਨਸਿਕਤਾ ਵਾਲੇ ਵਿਅਕਤੀ ਦੇ ਸਰੀਰ ਅਤੇ ਦਿਮਾਗ ਵਿਚ ਸ਼ਬਦਾਂ ਰਾਹੀਂ ਜਾਨ ਪਾਉਣ ਅਤੇ ਉਸ ਦੀਆਂ ਮਾੜੀਆਂ ਜੀਵਨ ਹਾਲਤਾਂ ਨੂੰ ਬਦਲਣ ਦੀ ਸਮਰੱਥਾ ਰੱਖਦਾ ਹੈ। ਇਹ ਕਹਿਣਾ ਅਤਿਕਥਨੀ ਨਹੀਂ ਹੋਵੇਗੀ ਕਿ ਮਿਆਰੀ ਕਿਤਾਬਾਂ ਤੋਂ ਵਧੀਆ ਮਨੁੱਖ ਦਾ ਹੋਰ ਕੋਈ ਸਦੀਵੀ ਸਾਥੀ ਨਹੀਂ ਹੋ ਸਕਦਾ। ਮਿਆਰੀ ਪੁਸਤਕਾਂ ਜਿੱਥੇ ਸਾਡੇ ਵਿੱਚ ਸਿਆਣਪ, ਸੰਵੇਦਨਸ਼ੀਲਤਾ, ਸੰਵਾਦ, ਸਹਿਜਤਾ, ਸੰਜੀਦਗੀ, ਸਾਦਗੀ ਅਤੇ ਸਾਂਝੀਵਾਲਤਾ ਦੀ ਭਾਵਨਾ ਪੈਦਾ ਕਰਦੀਆਂ ਹਨ ਉੱਥੇ ਹੀ ਤਰਕਸ਼ੀਲ ਅਤੇ ਇਨਕਲਾਬੀ ਸਾਹਿਤ ਸਾਡੇ ਵਿਚ ਅੰਧ-ਵਿਸ਼ਵਾਸਾਂ ਅਤੇ ਸਮਾਜਿਕ ਬੁਰਾਈਆਂ ਦੇ ਖ਼ਿਲਾਫ਼ ਵਿਗਿਆਨਕ ਚੇਤਨਾ ਵਿਕਸਤ ਕਰਨ ਅਤੇ ਆਪਣੇ ਜਮਹੂਰੀ ਹੱਕਾਂ ਦੀ ਰਾਖੀ ਲਈ ਸੰਘਰਸ਼ ਕਰਨ ਲਈ ਪ੍ਰੇਰਿਤ ਕਰਦਾ ਹੈ ਜੋ ਕਿ ਮੌਜੂਦਾ ਸਮਿਆਂ ਦੀ ਬੇਹੱਦ ਲੋੜ ਵੀ ਹੈ। ਅੰਮ੍ਰਿਤਸਰ ਇਕਾਈ ਅਤੇ ਮਾਝਾ ਜ਼ੋਨ ਵੱਲੋਂ ਸੂਬਾ ਕਮੇਟੀ ਪੰਜਾਬ ਦੇ ਸਹਿਯੋਗ ਨਾਲ ਖ਼ਾਲਸਾ ਕਾਲਜ ਅੰਮ੍ਰਿਤਸਰ ਵਿਖੇ 21 ਤੋਂ 25 ਫਰਵਰੀ ਤਕ ਸਾਹਿਤ ਉਤਸਵ ਤੇ ਪੁਸਤਕ ਮੇਲੇ ਵਿਚ ਤਰਕਸ਼ੀਲ ਪੁਸਤਕ ਪ੍ਰਦਰਸ਼ਨੀ ਲਗਾਈ ਗਈ, ਜਿਸ ਨੂੰ ਵੱਡੀ ਗਿਣਤੀ ਵਿਚ ਚੇਤਨ ਪਾਠਕਾਂ ਅਤੇ ਵਿਦਿਆਰਥੀਆਂ ਦਾ ਭਰਵਾਂ ਹੁੰਗਾਰਾ ਮਿਲਿਆ। ਬੇਸ਼ੱਕ ਅੰਮ੍ਰਿਤਸਰ ਇਕਾਈ ਵੱਲੋਂ ਹਰ ਸਾਲ ਵੱਖ-ਵੱਖ ਵਿੱਦਿਅਕ ਅਦਾਰਿਆਂ ਅਤੇ ਜਨਤਕ ਸਥਾਨਾਂ ਉੱਤੇ ਤਰਕਸ਼ੀਲ ਸਾਹਿਤ ਵੈਨ ਦੀ ਪ੍ਰਦਰਸ਼ਨੀ ਲਗਾਈ ਜਾਂਦੀ ਹੈ ਪਰ ਪਹਿਲੀ ਵਾਰ ਕਿਸੇ ਪੁਸਤਕ ਮੇਲੇ ਵਿੱਚ ਲਗਾਤਾਰ ਪੰਜ ਦਿਨ ਸਵੇਰੇ 9 ਵਜੇ ਤੋਂ ਸ਼ਾਮ 7 ਵਜੇ ਤੱਕ ਪਾਠਕਾਂ ਨਾਲ ਰੂਬਰੂ ਹੋਣ ਅਤੇ ਸੁਸਾਇਟੀ ਦੇ ਪ੍ਰਚਾਰ ਪ੍ਰਸਾਰ ਦਾ ਇਹ ਬਹੁਤ ਹੀ ਅਹਿਮ ਕਾਰਜ ਅਤੇ ਤਜਰਬਾ ਸੀ। ਪੁਸਤਕ ਸਟਾਲ ਉੱਤੇ ਵੱਡੀ ਗਿਣਤੀ ਚੇਤਨ ਵਿਦਿਆਰਥੀਆਂ, ਆਮ ਲੋਕਾਂ ਅਤੇ ਪਾਠਕਾਂ ਵੱਲੋਂ ਵਿਗਿਆਨਕ ਦ੍ਰਿਸ਼ਟੀਕੋਣ, ਅੰਧ-ਵਿਸ਼ਵਾਸਾਂ, ਵਹਿਮਾਂ-ਭਰਮਾਂ, ਰੂੜ੍ਹੀਵਾਦੀ ਰਵਾਇਤਾਂ, ਮਾਨਸਿਕ ਰੋਗਾਂ, ਜੋਤਿਸ਼, ਰਾਸ਼ੀਫਲ, ਮਰਨ ਉਪਰੰਤ ਸਰੀਰ ਪ੍ਰਦਾਨ, ਅੰਗ ਪ੍ਰਦਾਨ, ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ, ਤਰਕਸ਼ੀਲ ਲਹਿਰ ਦੀ ਸਾਰਥਿਕਤਾ ਸ਼ਹੀਦ ਭਗਤ ਸਿੰਘ, ਕਰਤਾਰ ਸਿੰਘ ਸਰਾਭਾ ਗ਼ਦਰੀ ਬਾਬਿਆਂ, ਆਰ.ਐੱਸ.ਐੱਸ. ਦਾ ਆਜ਼ਾਦੀ ਸੰਗਰਾਮ ਵਿਰੋਧੀ ਇਤਿਹਾਸ ਆਦਿ ਵੱਖ-ਵੱਖ ਵਿਸ਼ਿਆਂ ਸਬੰਧੀ ਗੰਭੀਰ ਵਿਚਾਰ-ਵਟਾਂਦਰਾ ਕਰਨ ਦੇ ਇਲਾਵਾ ਤਰਕਸ਼ੀਲ ਸਾਹਿਤ ਖ਼ਰੀਦਣ ਅਤੇ ਤਰਕਸ਼ੀਲ ਸੁਸਾਇਟੀ ਨਾਲ ਜੁੜਨ ਵਿੱਚ ਗਹਿਰੀ ਦਿਲਚਸਪੀ ਵਿਖਾਈ ਗਈ। ਇਸ ਦੌਰਾਨ ਮਾਝਾ ਜ਼ੋਨ ਵੱਲੋਂ ਆਮ ਲੋਕਾਂ ਨੂੰ ਵਿਗਿਆਨਕ ਸੋਚ ਅਪਨਾਉਣ ਸਬੰਧੀ ਪ੍ਰਕਾਸ਼ਿਤ ਦੋਵਰਕੀ ਅਤੇ ਧਾਰਾ 295 ਏ ਤਹਿਤ ਤਰਕਸ਼ੀਲ ਅਤੇ ਸਮਾਜਿਕ ਕਾਰਕੁੰਨਾਂ ਦੀਆਂ ਹੋਈਆਂ ਨਾਜਾਇਜ਼ ਗ੍ਰਿਫ਼ਤਾਰੀਆਂ ਦਾ ਵਿਰੋਧ ਕਰਦੇ ਤੇ 27 ਫਰਵਰੀ ਜਲੰਧਰ ਦੀ ਕਨਵੈਨਸ਼ਨ ਦਾ ਸੱਦਾ ਦਿੰਦੇ ਹਜ਼ਾਰਾਂ ਪੈਂਫਲੇਟ ਵੰਡੇ ਗਏ। ਇਸ ਮੌਕੇ ਜਿੱਥੇ ਸੂਬਾਈ ਆਗੂਆਂ ਮਾਸਟਰ ਰਾਜਿੰਦਰ ਭਦੌੜ ਤੇ ਰਾਮ ਸਵਰਨ ਲੱਖੇਵਾਲੀ ਅਤੇ ਖਾਸ ਕਰਕੇ ਭਦੌੜ ਤੋਂ ਸਮਰਪਿਤ ਸਾਥੀ ਜਸਵੰਤ ਬੋਪਾਰਾਏ ਨੇ ਤਿੰਨੇ ਦਿਨ ਮਾਰਗ ਦਰਸ਼ਕ ਦੀ ਭੂਮਿਕਾ ਨਿਭਾਈ ਉੱਥੇ ਹੀ ਸਥਾਨਕ ਪੱਧਰ ’ਤੇ ਸੂਬਾਈ ਆਗੂ ਸੁਮੀਤ ਅੰਮ੍ਰਿਤਸਰ, ਜ਼ੋਨ ਆਗੂ ਮੁਖਤਿਆਰ ਗੋਪਾਲਪੁਰ, ਅੰਮ੍ਰਿਤਸਰ ਇਕਾਈ ਆਗੂ ਪ੍ਰਿੰਸੀਪਲ ਮੇਲਾ ਰਾਮ, ਸੁਖਮੀਤ ਸਿੰਘ, ਬਨਾਰਸੀ ਦਾਸ, ਦਮਨਜੀਤ ਕੌਰ ਅਤੇ ਬੇਟੀ ਨਵਜੀਤ ਨੇ ਪੰਜ ਦਿਨ ਰੋਜ਼ਾਨਾ ਦੀ ਜ਼ਿੰਮੇਵਾਰੀ ਨਿਭਾਅ ਕੇ ਸਮਰਪਣ ਭਾਵਨਾ ਦਾ ਸਬੂਤ ਦਿੱਤਾ। ਇਸ ਤੋਂ ਇਲਾਵਾ ਸੂਬਾਈ ਆਗੂ ਸੰਦੀਪ ਧਾਰੀਵਾਲ ਭੋਜਾ, ਜੋਨ ਆਗੂ ਰਾਜਵੰਤ ਬਾਗੜੀਆ, ਰਣਜੀਤ ਗੱਗੋਮਾਹਲ, ਇਕਾਈ ਮੁਖੀ ਜਸਪਾਲ ਬਾਸਰਕੇ, ਮਾਸਟਰ ਬਲਦੇਵ ਰਾਜ ਵੇਰਕਾ, ਰਾਜ ਕੁਮਾਰ ਵੇਰਕਾ, ਕਰਮਦੀਪ ਸਿੰਘ, ਅਜੈਪਾਲ ਸਿੰਘ, ਸੈਮੂਅਲ ਹੰਸ, ਪਰਮਜੀਤ ਸਿੰਘ, ਅਸ਼ਵਨੀ ਕੁਮਾਰ, ਸ਼ਕਤੀ, ਹਰਮਿੰਦਰ ਜਲਾਲਪੁਰ, ਅਮਨ ਗੱਗੋਮਾਹਲ, ਬੇਟੀ ਵਿਸ਼ਵਪ੍ਰੀਤ, ਰਮੇਸ਼ ਜੈਨ, ਬੀ. ਐੱਮ. ਸਿੰਘ, ਅਨਮੋਲ ਸਿੰਘ, ਨਵਰੀਤ ਆਦਿ ਨੇ ਵੱਖ-ਵੱਖ ਦਿਨਾਂ ਵਿਚ ਆਪਣੀ ਜ਼ਿੰਮੇਵਾਰੀ ਬਾਖੂਬੀ ਨਿਭਾਈ। ਇਸ ਤੋਂ ਇਲਾਵਾ ਸਮਰਾਲਾ ਤੋਂ ਤਰਕਸ਼ੀਲ ਸਾਥੀਆਂ ਦੀਪ ਦਿਲਬਰ, ਨਵਾਂ ਸ਼ਹਿਰ ਤੋਂ ਜਸਵੀਰ ਬੇਗਮਪੁਰੀ ਅਤੇ ਸੁਖਰਾਜ ਨੇ ਵੀ ਆਪਣੇ-ਆਪਣੇ ਬੁੱਕ ਸਟਾਲ ਲਗਾਈ। ਇਸ ਮੌਕੇ ਬੀ.ਕੇ.ਯੂ. (ਏਕਤਾ ਉਗਰਾਹਾਂ) ਦੇ ਆਗੂ ਗੁਰਬਚਨ ਸਿੰਘ, ਜਮਹੂਰੀ ਆਗੂ ਯਸ਼ਪਾਲ ਝਬਾਲ, ਲੇਖਕ ਹਰਨੰਦ ਬਲਿਆਂਵਾਲਾ, ਡਾ. ਕਸ਼ਮੀਰ ਸਿੰਘ, ਇੰਦਰਜੀਤ ਮਰਹਾਣਾ, ਮਾਸਟਰ ਨਛੱਤਰ ਸਿੰਘ, ਤਰਲੋਚਨ ਸਿੰਘ, ਪੱਤਰਕਾਰ ਐੱਸ. ਪਰਸ਼ੋਤਮ ਅਤੇ ਇਕਾਈ ਮੈਂਬਰਾਂ ਦੇ ਪਰਿਵਾਰਾਂ ਨੇ ਵਿਸ਼ੇਸ਼ ਤੌਰ ’ਤੇ ਤਰਕਸ਼ੀਲ ਸਾਹਿਤ ਖ਼ਰੀਦਿਆ। ਇਸ ਮੌਕੇ ਸਟਾਲ ਉੱਤੇ ਵਿਸ਼ੇਸ਼ ਤੌਰ ’ਤੇ ਪੁੱਜੇ ਅਜੀਤ ਦੇ ਕਾਰਜਕਾਰੀ ਸੰਪਾਦਕ ਸਤਨਾਮ ਸਿੰਘ ਮਾਣਕ ਅਤੇ ਸਥਾਨਕ ਇੰਚਾਰਜ ਤੇ ਰੰਗ ਮੰਚ ਤੇ ਫਿਲਮੀ ਅਦਾਕਾਰ ਜਸਵੰਤ ਜੱਸ ਨੂੰ ਤਰਕਸ਼ੀਲ ਡਾਇਰੀ ਭੇਂਟ ਕੀਤੀ ਗਈ। ਸਟਾਲ ਉੱਤੇ ਪੁੱਜੇ ਨਾਮਵਰ ਸ਼ਾਇਰ ਸੁਰਜੀਤ ਪਾਤਰ ਨੇ ਤਰਕਸ਼ੀਲ ਸੁਸਾਇਟੀ ਵੱਲੋਂ ਤਿਆਰ ਕੀਤੇ ਟੀ. ਵੀ. ਲੜੀਵਾਰ ‘ਤਰਕ ਦੀ ਸਾਣ ’ਤੇ ਦੇ ਆਪਣੇ ਲਿਖੇ ਟਾਈਟਲ ਗੀਤ

ਨਾਲ ਜੁੜੀਆਂ ਯਾਦਾਂ ਸਾਂਝੀਆਂ ਕੀਤੀਆਂ। ਖ਼ਾਲਸਾ ਕਾਲਜ ਪੰਜਾਬੀ ਵਿਭਾਗ ਦੇ ਮੁਖੀ ਪ੍ਰੋ. ਆਤਮਾ ਸਿੰਘ, ਪ੍ਰੋ. ਹੀਰਾ ਸਿੰਘ ਅਤੇ ਪ੍ਰੋ. ਭੁਪਿੰਦਰ ਜੌਲੀ ਨੇ ਤਰਕਸ਼ੀਲ ਸੁਸਾਇਟੀ ਪੰਜਾਬ ਨੂੰ ਪ੍ਰਸ਼ੰਸਾ ਪੱਤਰ ਜਾਰੀ ਕਰਦੇ ਹੋਏ ਹਰ ਸਾਲ ਸ਼ਮੂਲੀਅਤ ਕਰਨ ਦੀ ਅਪੀਲ ਵੀ ਕੀਤੀ। ਮੌਜੂਦਾ ਸਮਿਆਂ ਵਿੱਚ ਜਦਕਿ ਮੋਬਾਈਲ ਦੀ ਵਰਤੋਂ ਕਰਕੇ ਵੱਡੀ ਗਿਣਤੀ ’ਚ ਲੋਕ ਕਿਤਾਬਾਂ ਤੋਂ ਦੂਰ ਜਾ ਰਹੇ ਹਨ ਤਾਂ ਵਿੱਦਿਅਕ ਅਦਾਰਿਆਂ ਵੱਲੋਂ ਅਜਿਹੇ ਪੁਸਤਕ ਮੇਲੇ ਲਗਾਉਣੇ ਅਤੇ ਵੱਡੀ ਗਿਣਤੀ ਪਾਠਕਾਂ ਵੱਲੋਂ ਆਪਣੀ ਮਾਂ ਬੋਲੀ ਪੰਜਾਬੀ ਵਿੱਚ ਤਰਕਸ਼ੀਲ ਸਾਹਿਤ ਸਮੇਤ ਹੋਰ ਮਿਆਰੀ ਕਿਤਾਬਾਂ ਖ਼ਰੀਦਣ ਪ੍ਰਤੀ ਗਹਿਰੀ ਦਿਲਚਸਪੀ ਵਿਖਾਉਣੀ ਸਮਾਜ ਦੇ ਸਮੁੱਚੇ ਕਿਰਤੀ ਵਰਗ ਅਤੇ ਆਮ ਲੋਕਾਂ ਵਿਚ ਅਜਿਹੀ ਮਾਨਸਿਕਤਾ ਹੋਰ ਵਧ ਵਿਕਸਤ ਕੀਤੇ ਜਾਣ ਦੇ ਸਿਰੜੀ ਯਤਨ ਕੀਤੇ ਜਾਣੇ ਚਾਹੀਦੇ ਹਨ।

- **ਸੁਮੀਤ ਅੰਮ੍ਰਿਤਸਰ**, (**ਸੂਬਾਈ ਮੀਡੀਆ ਮੁਖੀ**)

ਨਵਾਂਸ਼ਹਿਰ ਜ਼ੋਨ ਦਾ ਪਰਿਵਾਰਕ ਮਿਲਣੀ ਸਮਾਗਮ: ਜ਼ੋਨ ਦੀਆਂ ਸਾਰੀਆਂ ਇਕਾਈਆਂ ਵੱਲੋਂ ਸ਼ਹੀਦੇ ਆਜ਼ਮ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਜੀ ਦੇ ਸ਼ਹੀਦੀ ਦਿਵਸ ਨੂੰ ਸਮਰਪਿਤ ਬੰਗਾ ਵਿਖੇ ਸੁਖਵਿੰਦਰ ਗੋਗਾ ਜੀ ਦੇ ਘਰ ਤਰਕਸ਼ੀਲ ਪਰਿਵਾਰਕ ਮਿਲਣੀ ਕੀਤੀ ਗਈ। ਸਭ ਤੋਂ ਪਹਿਲਾਂ ਪਿਛਲੇ ਦਿਨੀਂ ਵਿਛੜੇ ਜੁਝਾਰੂ ਸਾਥੀ ਮੁਕੰਦ ਲਾਲ ਜੀ ਅਤੇ 23 ਮਾਰਚ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਮੌਕੇ ਰੂੜ੍ਹੀਵਾਦੀ ਰਸਮਾਂ ਰਿਵਾਜਾਂ ਨੂੰ ਤਿਆਗ ਕੇ ਬਦਲਵਾਂ ਤਰਕਸ਼ੀਲ ਸਭਿਆਚਾਰ ਕੀ ਹੋਵੇ, ਸੰਸਥਾ ’ਚ, ਕੰਮ ਕਰਦਿਆਂ ਸਮਰਪਣ ਦੀ ਭਾਵਨਾ, ਤਰਕਸ਼ੀਲ ਪਰਿਵਾਰਾਂ ਵਿੱਚ ਆਪਸੀ ਤਾਲਮੇਲ ਕਾਇਮ ਰੱਖਣਾ, ਤਰਕਸ਼ੀਲ ਮਿਲਣੀਆਂ ਲਗਾਤਾਰ ਜਾਰੀ ਰੱਖਣੀਆਂ ਆਦਿ ਏਜੰਡਿਆਂ ਸਬੰਧੀ ਵਿਚਾਰਾਂ ਕੀਤੀਆਂ ਗਈਆਂ। ਵਿਚਾਰ ਪੇਸ਼ ਕਰਦੇ ਹੋਏ ਮੈਡਮ ਬਲਵਿੰਦਰ ਸਲੋਹ, ਸੰਤੋਸ਼ ਖਟਕੜ, ਰੂਬੀ ਬੰਗਾ, ਕਮਲਜੀਤ ਖਟਕੜ, ਸੁਮਨ ਸੂੰਨੀ, ਰਾਜਵਿੰਦਰ ਕੌਰ, ਪਰਮਜੀਤ ਕੌਰ ਨੇ ਕਿਹਾ ਕਿ ਸਾਨੂੰ ਬਹੁਤ ਮਾਣ ਹੈ ਕਿ ਸਾਡੇ ਜੀਵਨ ਸਾਥੀ ਤਰਕਸ਼ੀਲ ਵਿਚਾਰਾਂ ਵਾਲੇ ਹਨ ਜਿਹੜੇ ਕਿ ਸਮਾਜ ਵਿੱਚੋਂ ਅੰਧਵਿਸ਼ਵਾਸ ਵਹਿਮ-ਭਰਮ ਦੂਰ ਕਰਨ ਦਾ ਯਤਨ ਕਰਦੇ ਹਨ। ਉਹਨਾਂ ਕਿਹਾ ਕਿ ਭਾਵੇਂ ਪਹਿਲਾਂ ਅਸੀਂ ਤਰਕਸ਼ੀਲ ਸੁਸਾਇਟੀ ਸਬੰਧੀ ਜਾਣਕਾਰੀ ਨਹੀਂ ਰੱਖਦੀਆਂ ਸਨ। ਪਰ ਇਹਨਾਂ ਨਾਲ ਜੁੜਨ ਪਿੱਛੋਂ ਸਾਨੂੰ ਹੌਲੀ-ਹੌਲੀ ਸਮਝ ਲੱਗ ਗਈ ਕਿ ਜਾਦੂ-ਟੂਣੇ, ਧਾਗੇ ਤਵੀਤ, ਭੂਤਾਂ ਪ੍ਰੇਤਾਂ ਕੋਈ ਅਸਲੀਅਤ ਵਿੱਚ ਨਹੀਂ ਹਨ। ਇਹ ਸਭ ਵਹਿਮ ਹਨ। ਮਾਸਟਰ ਰਾਜ ਕੁਮਾਰ, ਮਾਸਟਰ ਨਰੇਸ਼, ਸੁਖਵਿੰਦਰ ਲੰਗੇਰੀ, ਮਾਸਟਰ ਪਰਮਜੀਤ ਖਮਾਚੋਂ, ਮਾਸਟਰ ਰਾਮ ਪਾਲ ਰਾਹੋਂ ਆਦਿ ਨੇ ਕਿਹਾ ਕਿ ਸਾਨੂੰ ਆਪਣੇ ਘਰਾਂ ਵਿੱਚ ਖ਼ੁਸ਼ੀ ਗ਼ਮੀ ਦੇ ਸਮਾਗਮਾਂ ਮੌਕੇ ਪੁਰਾਣੇ ਰੂੜ੍ਹੀਵਾਦੀ ਰਸਮਾਂ ਰਿਵਾਜਾਂ ਨੂੰ ਛੱਡ ਦੇਣਾ ਚਾਹੀਦਾ ਹੈ। ਜ਼ੋਨ ਮੁਖੀ ਸੱਤਪਾਲ ਸਲੋਹ, ਸੂਬਾ ਕਮੇਟੀ ਮੈਂਬਰ ਜੋਗਿੰਦਰ ਕੁੱਲੇਵਾਲ, ਮੀਡੀਆ ਮੁਖੀ ਮਾਸਟਰ ਜਗਦੀਸ਼, ਵਿੱਤ ਮੁਖੀ ਸੁਖਵਿੰਦਰ ਗੋਗਾ ਆਦਿ ਆਗੂਆਂ ਨੇ ਕਿਹਾ ਕਿ ਪਰਿਵਾਰਕ ਮਿਲਣੀਆਂ ਨਾਲ ਤਰਕਸ਼ੀਲ ਪਰਿਵਾਰਾਂ ਵਿੱਚ ਆਪਸੀ ਤਾਲਮੇਲ ਵਧੇਗਾ। ਵਿਚਾਰਧਾਰਕ ਤੌਰ ’ਤੇ ਪਰਪੱਕਤਾ ਹੋਵੇਗੀ। ਉਹਨਾਂ ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਅਤੇ ਹੋਰ ਸ਼ਹੀਦਾਂ ਨੂੰ ਯਾਦ ਕਰਦਿਆਂ ਕਿਹਾ ਕਿ ਸਾਨੂੰ ਉਨ੍ਹਾਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਯਤਨਸ਼ੀਲ ਰਹਿਣਾ ਚਾਹੀਦਾ ਹੈ। ਬੇਟੀ ਨਰਿੰਦਰ ਕੌਰ ਖਟਕੜ ਨੇ ਅਗਾਂਹਵਧੂ ਕਵਿਤਾ ਨਾਲ ਹਾਜ਼ਰੀ ਲਗਵਾਈ। ਇਸ ਸਮਾਗਮ ਵਿੱਚ ਮੱਖਣ ਸਿੰਘ ਮੰਡੀ ਵਿਸ਼ੇਸ਼ ਤੌਰ ’ਤੇ ਪਹੁੰਚੇ ਇਸ ਮੌਕੇ ਮਾਸਟਰ ਕੁਲਵਿੰਦਰ, ਬਲਜੀਤ, ਸਤਨਾਮ, ਬੇਟੀ ਜੈਸਮੀਨ, ਰਾਜਵਿੰਦਰ ਕੌਰ ਦੁਸਾਂਝ, ਹਰਮਨਜੀਤ, ਰਹਿਮਤ, ਮੋਹਨ ਬੀਕਾ, ਬਲਜਿੰਦਰ ਸਫਾਜ਼ਪੁਰ, ਹਰਜਿੰਦਰ ਸੂੰਨੀ, ਬਲਜਿੰਦਰ ਤਾਜੋਵਾਲ, ਰਾਜਿੰਦਰ ਕੌਰ, ਗੁਰਬਖਸ਼ ਕੌਰ, ਨਿੰਦਰ ਮਾਈ ਦਿੱਤਾ ਆਦਿ ਹਾਜ਼ਰ ਸਨ। -**ਮਾਸਟਰ ਜਗਦੀਸ਼** (ਮੀਡੀਆ ਮੁਖੀ ਜ਼ੋਨ ਨਵਾਂਸ਼ਹਿਰ)

ਲੁਧਿਆਣਾ ਜੋਨ : ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਿਖੇ ਦੋ ਦਿਨਾਂ 14 ਤੇ 15 ਮਾਰਚ ਨੂੰ ਚਲ ਰਹੇ ਕਿਸਾਨ ਮੇਲੇ ’ਤੇ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਜ਼ੋਨ ਲੁਧਿਆਣਾ ਦੇ ਸਹਿਯੋਗ ਨਾਲ ਤਰਕਸ਼ੀਲ ਕਿਤਾਬਾਂ ਦੀ ਸਟਾਲ ਲਾਈ ਗਈ। ਇਸ ਮੌਕੇ ਸੁਸਾਇਟੀ ਵੱਲੋਂ ਪੰਜਾਬ ਵਿੱਚ ਵੱਡੇ ਪੱਧਰ ’ਤੇ ਮਾਨਸਿਕ ਰੋਗਾਂ ਅਤੇ ਘਰਾਂ ਵਿੱਚ ਅਚਨਚੇਤ ਵਾਪਰਦੀਆਂ ਕੱਪੜੇ ਕੱਟਣ ਤੇ ਅੱਗ ਲੱਗਣ ਦੀਆਂ ਘਟਨਾਵਾਂ ਨੂੰ ਹੱਲ ਕਰਦੇ ਸਮੇਂ ਅਖੌਤੀ ਬਾਬਿਆਂ ਵੱਲੋਂ ਦਿੱਤੇ ਗਏ ਤਵੀਤ, ਜੋ ਕਿ ਸਬੰਧਤ ਕੇਸਾਂ ਵਾਲਿਆਂ ਤੋਂ ਨੂੰ ਉਹਨਾਂ ਨੂੰ ਠੀਕ ਕਰਕੇ ਲੁਹਾਏ ਗਏ ਸਨ, ਦੀ ਨੁਮਾਇਸ਼ ਵੀ ਹਰ ਵਾਰ ਤਰ੍ਹਾਂ ਖਿੱਚ ਦਾ ਕੇਂਦਰ ਰਹੀ। ਅਗਾਂਹ ਵਧੂ ਵਿਚਾਰਾਂ ਵਾਲੇ ਪੋਸਟਰ ਵੀ ਲੋਕ ਧਿਆਨ ਨਾਲ ਪੜ੍ਹਦੇ ਸਨ ਅਤੇ ਤਰਕਸ਼ੀਲ ਕਾਰਕੁਨਾਂ ਨਾਲ ਅੰਧਵਿਸਵਾਸ਼ਾਂ ਬਾਰੇ ਚਰਚਾ ਵੀ ਕਰਦੇ ਰਹੇ। ਕਿਸਾਨਾਂ ਅਤੇ ਵਿਦਿਆਰਥੀਆਂ ਨੇ ਵੱਡੀ ਪੱਧਰ ’ਤੇ ਕਿਤਾਬਾਂ ਖਰੀਦੀਆਂ ਅਤੇ ਮੈਗਜ਼ੀਨ ਦੇ ਚੰਦੇ ਭਰੇ। ਇਸ ਸਮੇਂ ਸਟਾਲ ’ਤੇ ਅਤੇ ਵੈਨ ਨਾਲ ਜਥੇਬੰਦਕ ਮੁਖੀ ਰਜਿੰਦਰ ਭਦੌੜ, ਗੁਰਪ੍ਰੀਤ ਸਹਿਣਾ, ਬਿੰਦਰ ਸਿੰਘ, ਜਸਵੰਤ ਬੋਪਾਰਾਏ, ਬਲਵਿੰਦਰ ਸਿੰਘ, ਧਰਮਪਾਲ ਸਿੰਘ, ਕਰਤਾਰ ਸਿੰਘ, ਰਾਕੇਸ਼ ਅਜ਼ਾਦ, ਸੁਰਜੀਤ ਸਿੰਘ, ਸੋਹਣ ਸਿੰਘ ਬਡਲਾ, ਗੁਰਮੇਲ ਸਿੰਘ, ਦੀਪ ਦਿਲਬਰ, ਰੁਪਿੰਦਰ ਸਿੰਘ, ਹਰਚੰਦ ਭਿੰਡਰ, ਸ਼ਮਸੇਰ ਨੂਰਪੁਰੀ, ਰਜਿੰਦਰ ਜੰਡਿਆਲੀ ਤੇ ਕਰਤਾਰ ਵਿਰਾਨ ਆਦਿ ਕਿਤਾਬਾਂ ਦੀ ਵਿਕਰੀ ਅਤੇ ਸਟਾਲ ’ਤੇ ਪਹੁੰਚੇ। ਪਾਠਕਾਂ ਅਤੇ ਦਰਸ਼ਕਾਂ ਦੇ ਅੰਧਵਿਸਵਾਸ਼ਾਂ ਪ੍ਰਤੀ ਅਤੇ ਤਰਕਸ਼ੀਲਤਾ ਦੇ ਸਬੰਧ ਵਿੱਚ ਸੁਆਲਾਂ ਦੇ ਜਵਾਬ ਦੇਣ ਲਈ ਮੌਜੂਦ ਰਹੇ।

ਵਿਦਿਆ ਭਵਨ ਉਦੈਪੁਰ ਟਰੱਸਟ : 30 ਜਨਵਰੀ ਤੋਂ 1 ਫਰਵਰੀ ਤੱਕ ਚੱਲੇ ਬਾਲ ਪੁਸਤਕ ਮੇਲੇ ਵਿੱਚ ਹਰ ਸਾਲ ਦੀ ਤਰ੍ਹਾਂ ਤਰਕਸ਼ੀਲ ਸੁਸਾਇਟੀ ਪੰਜਾਬ ਨੂੰ ਮਿਲੇ ਸੱਦੇ ਅਨੁਸਾਰ ਰਾਮ ਕੁਮਾਰ ਪਟਿਆਲਾ ਵੱਲੋਂ ਬੱਚਿਆਂ ਨੂੰ ਜਾਦੂ ਦੇ ਟਰਿੱਕ ਦਿਖਾ ਕੇ ਚਮਤਕਾਰਾਂ, ਜਾਦੂ ਮੰਤਰਾਂ ਆਦਿ ਪ੍ਰਤੀ ਜਾਗਰੂਕ ਕੀਤਾ ਗਿਆ। ਬੱਚਿਆਂ ਨੂੰ ਦੱਸਿਆ ਗਿਆ ਕਿ ਦੁਨੀਆਂ ਵਿੱਚ ਕਿਸੇ ਵੀ ਬਾਬੇ ਜਾਂ ਸਾਧ ਕੋਲ ਕੋਈ ਚਮਤਕਾਰੀ ਸ਼ਕਤੀ ਨਹੀਂ ਹੁੰਦੀ ਅਤੇ ਜਾਦੂ ਇੱਕ ਕਲਾ ਹੈ ਜਿਸ ਨੂੰ ਕੋਈ ਵੀ ਵਿਅਕਤੀ ਸਿੱਖ ਸਕਦਾ ਹੈ। ਇਸ ਧਰਤੀ ’ਤੇ ਕੋਈ ਵੀ ਚਮਤਕਾਰ ਨਹੀਂ ਵਾਪਰਦਾ, ਸਿਰਫ ਘਟਨਾਵਾਂ ਵਾਪਰਦੀਆਂ ਹਨ ਅਤੇ ਹਰ ਘਟਨਾ ਦਾ ਕੋਈ ਕਾਰਨ ਹੁੰਦਾ ਹੈ। ਇਸ ਤੋਂ ਇਲਾਵਾ ਹਿਪਨੋਟਿਜ਼ਮ, ਕਸਰਾਂ, ਆਤਮਾਂ, ਜੋਤਿਸ਼, ਪੁਨਰ ਜਨਮ ਆਦਿ ਬਾਰੇ ਜਾਣਕਾਰੀ ਦਿੱਤੀ ਗਈ। ਬੱਚਿਆਂ ਨੇ ਦੋਨੋਂ ਦਿਨ ਬਹੁਤ ਦਿਲਚਸਪੀ ਨਾਲ ਗੱਲਾਂ ਸੁਣੀਆਂ ਤੇ ਪਸੰਦ ਕੀਤੀਆਂ। ਹਿੰਦੀ ਦੀਆਂ ਕਿਤਾਬਾਂ ...“ਔਰ ਦੇਵ ਪੁਰਸ਼ ਹਾਰ ਗਏ” ਆਦਿ ਬੱਚਿਆਂ ਤੇ ਅਧਿਆਪਕਾਂ ਨੇ ਖਰੀਦੀਆਂ। ਦਿੱਲੀ ਤੋਂ ਜਨਜਵਾਰ ਯੂ.ਟਿਊਬ ਚੈਨਲ ਦੇ ਅਜੇ ਪ੍ਰਕਾਸ਼ ਨੇ ਪ੍ਰੋਗਰਾਮ ਦੀ ਕਵਰੇਜ ਕੀਤੀ। ਅਧਿਆਪਕਾਂ ਨੇ ਸੁਸਾਇਟੀ ਨਾਲ ਜੁੜ ਕੇ ਕੰਮ ਕਰਨ ਦੀ ਇੱਛਾ ਪ੍ਰਗਟਾਈ।

- **ਰਾਮ ਕੁਮਾਰ** (**ਸਹਿਯੋਗੀ ਕੌਮੀ ਤੇ ਕੌਮਾਂਤਰੀ ਤਾਲਮੇਲ ਵਿਭਾਗ**)

ਇਕਾਈ ਸੰਗਰੂਰ: ਮਾਨਸਿਕ ਰੋਗਾਂ ਤੇ ਸੈਮੀਨਾਰ ਕਰਵਾਇਆ ਗਿਆ: ਮਾਨਸਿਕ ਰੋਗਾਂ ਦੇ ਕਾਰਨ ਤੇ ਇਲਾਜ ਦੀ ਜਾਣਕਾਰੀ ਦੇਣ ਹਿੱਤ ਸਥਾਨਿਕ ਈਟਿੰਗ ਮਾਲ ਵਿਖੇ ਇਕਾਈ ਮੁਖੀ ਸੁਰਿੰਦਰ ਪਾਲ ਤੇ ਜੋਨ ਮੁਖੀ ਮਾਸਟਰ ਪਰਮਵੇਦ ਦੀ ਅਗਵਾਈ ਵਿੱਚ ਸੈਮੀਨਾਰ ਕਰਵਾਇਆ ਗਿਆ। ਜ਼ੋਨ ਮੀਡੀਆ ਮੁਖੀ ਸੀਤਾ ਰਾਮ ਬਾਲਦ ਕਲਾਂ ਵੱਲੋਂ ਸੈਮੀਨਾਰ ਵਿੱਚ ਸ਼ਾਮਲ ਸਾਰਿਆਂ ਨੂੰ ਜੀ ਆਇਆਂ ਕਹਿਣ ਉਪਰੋਕਤ ਪਹਿਲੇ ਮੁੱਖ ਬੁਲਾਰੇ ਮਾਨਸਿਕ ਰੋਗ ਮਾਹਿਰ ਡਾਕਟਰ ਪਾਵੇਲ ਸਿੰਘ ਜਟਾਣਾ ਨੇ ਵੱਖ-ਵੱਖ ਮਾਨਸਿਕ ਬੀਮਾਰੀਆਂ ਉਦਾਸੀ, ਚਿੰਤਾ, ਫੋਬੀਆ, ਸੀਜੋਫਰੇਨੀਆ, ਓ.ਸੀ.ਡੀ. ਆਦਿ ਬਾਰੇ ਵਿਸਥਾਰਤ ਜਾਣਕਾਰੀ ਦਿੱਤੀ। ਦੂਜੇ ਬੁਲਾਰੇ ਸਾਈਕੋਲੋਜਿਸਟ ਡਾਕਟਰ ਸ਼ਿਲਪਾ ਨੇ ਮਨ ਦਾ ਮਨੋ ਵਿਸ਼ਲੇਸ਼ਣ ਕਰਦਿਆਂ ਕਿਹਾ ਕਿ ਮਨ ਉੱਤੇ ਛੋਟੀ ਉਮਰ ਤੋਂ ਹੀ ਹਰ ਛੋਟੀ ਵੱਡੀ ਗਲ ਦਾ ਅਸਰ ਹੁੰਦਾ ਹੈ। ਉਨ੍ਹਾਂ ਕਿਹਾ ਕਿ ਮਾਨਸਿਕ ਬੀਮਾਰੀਆਂ ਦੇ ਕਾਰਨ ਮਨੋਵਿਗਿਆਨਕ, ਪਰਿਵਾਰਿਕ, ਆਰਥਿਕ, ਸਮਾਜਿਕ, ਸਰੀਰਕ ਆਦਿ ਹੁੰਦੇ ਹਨ। ਸਵਰਨਜੀਤ ਸਿੰਘ ਨੇ ਦੱਸਿਆ ਕਿ ਕਿਵੇਂ ਸਿਹਤ ਪ੍ਰਬੰਧ ਉੱਪਰ ਤੋਂ ਹੇਠਾਂ ਤਕ ਵਿਗੜਿਆ ਹੋਇਆ ਹੈ, ਜਿਸ ਕਰਕੇ ਦਵਾਈਆਂ ਬਣਾਉਣ ਵਾਲੀਆਂ ਕੰਪਨੀਆਂ ਨਸ਼ੀਲੀਆਂ ਦਵਾਈਆਂ ਬਣਾ ਕੇ ਲੋਕਾਂ ਨੂੰ ਨਸ਼ੇੜੀ ਬਣਾ ਰਹੀਆਂ ਹਨ। ਉਨ੍ਹਾਂ ਤੰਦਰੁਸਤ ਸਿਹਤ ਸੰਬੰਧੀ ਉਪਜਾਊ ਵਿਚਾਰ ਵੀ ਰੱਖੇ। ਸਵਾਲ ਜਵਾਬ ਸੈਸ਼ਨ ਵਿੱਚ ਉੱਠੇ ਸ਼ੰਕਿਆਂ ਦੀ ਨਵਿਰਤੀ ਕੀਤੀ ਗਈ। ਮਾਨਸਿਕ ਰੋਗ ਮਾਹਿਰ ਡਾਕਟਰਾਂ ਨੂੰ ਸਨਮਾਨਿਤ ਵੀ ਕੀਤਾ ਗਿਆ। ਜ਼ੋਨ ਜਥੇਬੰਦਕ ਮੁਖਈ ਮਾਸਟਰ ਪਰਮਵੇਦ ਨੇ ਹਾਜ਼ਰੀਨ ਦਾ ਧੰਨਵਾਦ ਕਰਦਿਆਂ ਤਰਕਸ਼ੀਲ ਸੁਸਾਇਟੀ ਕੋਲ ਆਉਂਦੇ ਪੀੜਿਤ ਪਰਿਵਾਰਾਂ ਦੇ ਮਾਨਸਿਕ ਸਮੱਸਿਆਵਾਂ ਤੇ ਰਹੱਸਮਈ ਜਾਪਦੀਆਂ ਘਟਨਾਵਾਂ ਦੇ ਕੇਸਾਂ ਬਾਰੇ ਜਾਣਕਾਰੀ ਸਾਂਝੀ ਕੀਤੀ। ਕੁਲਵੰਤ ਸਿੰਘ ਖਨੌਰੀ ਤੇ ਜੀਤ ਹਰਜੀਤ ਨੇ ਆਪਣੇ ਗੀਤਾਂ ਰਾਹੀਂ ਜਾਗਰੂਕਤਾ ਦਾ ਸੁਨੇਹਾ ਦਿੱਤਾ। ਤਰਕਸ਼ੀਲ ਆਗੂ ਕ੍ਰਿਸ਼ਨ ਸਿੰਘ ਨੇ ਸਟੇਜ ਦੀ ਕਾਰਵਾਈ ਬਾਖੂਬੀ ਨਿਭਾਈ। ਸੈਮੀਨਾਰ ਨੂੰ ਸਫਲਤਾ ਪੂਰਵਕ ਸੰਪੰਨ ਕਰਨ ਵਿੱਚ ਗੁਰਦੀਪ ਸਿੰਘ ਲਹਿਰਾ, ਪਰਮਿੰਦਰ ਸਿੰਘ ਮਹਿਲਾ, ਪ੍ਰਗਟ ਬਾਲੀਆਂ, ਗੁਰਜੰਟ ਸਿੰਘ, ਪੂਰਨ ਸਿੰਘ ਗੁੱਜਰਾ, ਮਾਸਟਰ ਰਣਜੀਤ ਸਿੰਘ, ਤਿਰਲੋਕੀ ਨਾਥ, ਅਮਰ ਨਾਥ, ਸੁਖਦੇਵ ਸਿੰਘ ਕਿਸ਼ਨਗੜ੍ਹ, ਪ੍ਰਹਿਲਾਦ ਸਿੰਘ, ਰਮੇਸ਼ ਭਵਾਨੀਗੜ੍ਹ, ਨਛੱਤਰ ਸਿੰਘ, ਲੈਕਚਰਾਰ ਜਸਦੇਵ ਸਿੰਘ, ਪਰਮਜੀਤ ਕੌਰ, ਵਨੀਤਾ ਰਾਣੀ, ਸੁਨੀਤਾ ਰਾਣੀ, ਦੇਵਿੰਦਰ ਕੌਰ, ਇਕਬਾਲ ਕੌਰ ਨੇ ਪੂਰਨ ਸਹਿਯੋਗ ਦਿੱਤਾ। ਸੈਮੀਨਾਰ ਵਿੱਚ ਪ੍ਰਿੰਸੀਪਲ ਪਰਵੀਨ ਮਨਚੰਦਾ, ਪਰਮਜੀਤ ਕੌਰ ਲੌਂਗੋਵਾਲ, ਰੋਹੀ ਸਿੰਘ ਮੰਗਵਾਲ, ਚਰਨਜੀਤ ਸਿੰਘ ਮੀਮਸਾ, ਰਘਵੀਰ ਸਿੰਘ ਭਵਾਨੀਗੜ੍ਹ ਵਿਸ਼ੇਸ਼ ਤੌਰ ’ਤੇ ਹਾਜ਼ਰ ਸਨ। ਸੈਮੀਨਾਰ ਸਿੱਖਿਆਦਾਇਕ ਤੇ ਭਾਵਪੂਰਤ ਰਿਹਾ।

23 ਮਾਰਚ ਦੇ ਸ਼ਹੀਦਾਂ ਨੂੰ ਯਾਦ ਕੀਤਾ ਗਿਆ:

ਇਕਾਈ ਸੰਗਰੂਰ ਵੱਲੋਂ ਸੁਰਿੰਦਰ ਪਾਲ ਉਪਲੀ ਤੇ ਮਾਸਟਰ ਪਰਮਵੇਦ ਦੀ ਅਗਵਾਈ ਵਿੱਚ 23 ਮਾਰਚ ਦੇ ਸ਼ਹੀਦਾਂ ਨੂੰ ਸਮਰਪਿਤ ਵਿਚਾਰ ਗੋਸ਼ਟੀ ਕਰਵਾਈ ਗਈ, ਜਿਸ ਵਿੱਚ ਜਮਹੂਰੀ ਅਧਿਕਾਰ ਸਭਾ ਦੇ ਜ਼ਿਲ੍ਹਾ ਪ੍ਰਧਾਨ ਸਵਰਨਜੀਤ ਸਿੰਘ ਨੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੀ ਵਿਚਾਰਧਾਰਾ ’ਤੇ ਚਾਨਣਾ ਪਾਇਆ। ਉਨ੍ਹਾਂ ਕਿਹਾ ਕਿ ਸ਼ਹੀਦ ਭਗਤ ਸਿੰਘ ਦੀ ਬੌਧਿਕ ਪ੍ਰਤਿਭਾ, ਡੂੰਘਾ ਅਧਿਐਨ, ਦ੍ਰਿੜ੍ਹਤਾ, ਲਾਸਾਨੀ ਸੂਰਬੀਰਤਾ, ਕੁਰਬਾਨੀ ਤੇ ਵਿਗਿਆਨਕ ਸੋਚ ਜੱਗ ਜ਼ਾਹਿਰ ਹੈ। ਉਹ ਲੁੱਟ ਰਹਿਤ, ਫਿਰਕਾਪ੍ਰਸਤ ਰਹਿਤ, ਆਰਥਿਕ ਤੇ ਸਮਾਜਿਕ ਬਰਾਬਰੀ ਵਾਲਾ ਨਿਆਂ ਪਸੰਦ ਪ੍ਰਬੰਧ ਚਾਹੁੰਦੇ ਸਨ। ਗੋਸ਼ਟੀ ਨੂੰ ਸਫਲ ਕਰਨ ਵਿੱਚ ਸੀਤਾ ਰਾਮ ਬਾਲਦ ਕਲਾਂ, ਗੁਰਦੀਪ ਸਿੰਘ ਲਹਿਰਾ, ਲੈਕਚਰਾਰ ਕ੍ਰਿਸ਼ਨ ਸਿੰਘ, ਪਰਮਿੰਦਰ ਸਿੰਘ ਮਹਿਲਾਂ, ਮਾਸਟਰ ਗੁਰਜੰਟ ਸਿੰਘ, ਸੁਖਦੇਵ ਸਿੰਘ ਕਿਸ਼ਨਗੜ੍ਹ, ਪ੍ਰਲਾਦ ਸਿੰਘ, ਗੁਰਦੀਪ ਸਿੰਘ, ਸੁਖਵਿੰਦਰ ਸਿੰਘ, ਗੁਰਪ੍ਰੀਤ ਸਿੰਘ, ਅਮਰਨਾਥ, ਸੁਨੀਤਾ ਰਾਣੀ, ਵਨੀਤਾ

ਰਾਣੀ, ਪਰਮਿੰਦਰ ਕੌਰ, ਦੇਵਿੰਦਰ ਕੌਰ ਨੇ ਵਿਸ਼ੇਸ਼ ਯੋਗਦਾਨ ਪਾਇਆ। **ਸੀਤਾ ਰਾਮ ਬਾਲਦ ਕਲਾਂ** (**ਜ਼ੋਨ ਮੀਡੀਆ ਮੁਖੀ**) (**ਜ਼ੋਨ ਬਰਨਾਲਾ ਸੰਗਰੂਰ**)

ਬੀਬੀ ਮਹਿੰਦਰ ਕੌਰ ਨਮਿਤ ਸਤਿਕਾਰ ਸਮਾਗਮ ਕਰਵਾਇਆ ਗਿਆ: ਸ਼ਰਧਾਂਜਲੀ ਭੇਂਟ ਕਰਨ ਉਪਰੰਤ ਵਿਗਿਆਨਕ ਸਾਹਿਤ ਅਤੇ ਪੌਦੇ ਵੰਡ ਕੇ ਨਵੀਂ ਪਿਰਤ ਪਾਈ: ਤਰਕਸ਼ੀਲ ਆਗੂ ਮੈਡਮ ਕਮਲਜੀਤ ਕੌਰ ਕੁੱਲੇਵਾਲ ਦੀ ਮਾਤਾ ਜੀ ਮਹਿੰਦਰ ਕੌਰ ਪਤਨੀ ਸੰਤ ਰਾਮ ਨਮਿਤ ਸਤਿਕਾਰ ਸਮਾਗਮ ਪਿੰਡ ਲੋਧੀਪੁਰ ਵਿਖੇ ਕਰਵਾਇਆ ਗਿਆ। ਇਸ ਮੌਕੇ ਇਨਕਲਾਬੀ ਕਵੀਸ਼ਰੀ ਜਥਾ ਰਸੂਲਪੁਰੀ ਸਵਰਨ ਸਿੰਘ ਦੀ ਅਗਵਾਈ ਵਿੱਚ ਵਾਰਾਂ ਪੇਸ਼ ਕੀਤੀਆਂ ਗਈਆਂ। ਤਰਕਸ਼ੀਲ ਸੁਸਾਇਟੀ ਪੰਜਾਬ ਜੋਨ ਨਵਾਂਸ਼ਹਿਰ ਦੇ ਆਗੂ ਸੱਤਪਾਲ ਸਲੋਹ, ਮਾਸਟਰ ਜਗਦੀਸ਼ ਰਾਏ ਪੁਰ ਡੱਬਾ, ਮਾਸਟਰ ਸੁਖਦੇਵ ਫਗਵਾੜਾ, ਅਵਤਾਰ ਲੰਗੇਰੀ, ਅਤੇ ਜੋਗਿੰਦਰ ਕੁੱਲੇਵਾਲ ਮੁਖੀ ਸੱਭਿਆਚਾਰਕ ਵਿਭਾਗ ਤਰਕਸ਼ੀਲ ਸੁਸਾਇਟੀ ਪੰਜਾਬ ਨੇ ਮਾਤਾ ਮਹਿੰਦਰ ਕੌਰ ਜੀ ਨੂੰ ਭਾਵਭਿੰਨੀਆਂ ਵਿਗਿਆਨਕ ਵਿਚਾਰਾਂ ਨਾਲ ਭਰਪੂਰ ਸ਼ਰਧਾਂਜਲੀ ਭੇਂਟ ਕੀਤੀਆਂ ਗਈਆਂ ਅਤੇ ਉਹਨਾਂ ਦੇ ਜੀਵਨ ਦੀਆਂ ਪ੍ਰਾਪਤੀਆਂ ਬਾਰੇ ਚਾਨਣਾ ਪਾਇਆ। ਉਹਨਾਂ ਨੇ ਹਾਜ਼ਰ ਲੋਕਾਂ ਨੂੰ ਜਨਮ ਤੋਂ ਲੈ ਕੇ ਮੌਤ ਤੱਕ ਵੱਖ-ਵੱਖ ਮੌਕਿਆਂ 'ਤੇ ਕੀਤੀਆਂ ਜਾਂਦੀਆਂ ਬੇਲੋੜੀਆਂ ਰਸਮਾਂ ਰਿਵਾਜਾਂ ਨੂੰ ਛੱਡ ਕੇ ਵਿਗਿਆਨਕ ਵਿਚਾਰਾਂ ਦੇ ਧਾਰਨੀ ਬਣਨ ਲਈ ਪ੍ਰੇਰਿਤ ਕੀਤਾ ਗਿਆ। ਮਰਨ ਉਪਰੰਤ ਸਰੀਰ ਪ੍ਰਦਾਨ, ਅੰਗ ਪ੍ਰਦਾਨ ਅਤੇ ਖ਼ੂਨ ਪ੍ਰਦਾਨ ਕਰਨ ਲਈ ਵੀ ਪ੍ਰੇਰਿਤ ਕੀਤਾ ਗਿਆ। ਇਸ ਮੌਕੇ ਗੁਰਨਾਮ ਸਿੰਘ, ਨਿੰਦਰ ਮਾਈ ਦਿੱਤਾ ਅਤੇ ਸੁਖਵਿੰਦਰ ਗੋਗਾ ਵੱਲੋਂ ਤਰਕਸ਼ੀਲ ਸਾਹਿਤ ਦਾ ਸਟਾਲ ਲਗਾਇਆ ਗਿਆ। ਤਰਕਸ਼ੀਲ ਮੈਗਜ਼ੀਨ ਵੰਡੇ ਗਏ। ਮਾਤਾ ਮਹਿੰਦਰ ਕੌਰ ਦੀ ਯਾਦ ਨੂੰ ਤਾਜ਼ਾ ਰੱਖਣ ਲਈ ਰਿਸ਼ਤੇਦਾਰਾਂ ਅਤੇ ਪਿੰਡ ਵਾਸੀਆਂ ਵੱਲੋਂ ਛਾਂਦਾਰ ਅਤੇ ਫੁੱਲਦਾਰ ਪੌਦੇ ਲਗਾਏ ਗਏ। ਇਸ ਮੌਕੇ ਬਲਵਿੰਦਰ ਸਿੰਘ, ਰਜਨੀ, ਸਰਬਜੀਤ ਸਿੰਘ, ਹਰਜਿੰਦਰ ਕੌਰ, ਸੰਦੀਪ ਕੌਰ, ਹੁਕਮ ਸਿੰਘ, ਜਰਨੈਲ ਸਿੰਘ ਸਰਪੰਚ ਪੱਲੀਆਂ ਕਲਾਂ, ਮਾਸਟਰ ਰਾਜ ਪਾਲ ਸਿੰਘ ਲੋਧੀਪੁਰ, ਜੋਗਿੰਦਰ ਸਿੰਘ, ਸੀਤਲ ਸਿੰਘ, ਪਿੰਡ ਵਾਸੀਆਂ ਦਾ ਧੰਨਵਾਦ ਕੀਤਾ।

ਸਤਪਾਲ ਸਲੋਹ (ਜੋਨ ਮੁਖੀ ਨਵਾਂਸ਼ਹਿਰ)

ਤਰਕਸ਼ੀਲ ਆਗੂ ਸਰੀਰਪ੍ਰਦਾਨੀ, ਨੇਤਰਪ੍ਰਦਾਨੀ ਮੈਡਮ ਜਸਵੀਰ ਕੌਰ ਦੀ ਯਾਦ ਵਿਚ ਸਾਲਾਨਾ ਸਮਾਗਮ: ਤਰਕਸ਼ੀਲ ਆਗੂ ਮੈਡਮ ਜਸਵੀਰ ਕੌਰ ਪਤਨੀ ਜ਼ੋਨ ਆਗੂ ਮਾਸਟਰ ਜਗਦੀਸ਼ ਰਾਏ ਪੁਰ ਡੱਬਾ ਦੀ ਨਿੱਘੀ ਯਾਦ ਵਿੱਚ ਉਨ੍ਹਾਂ ਦੇ ਪਰਿਵਾਰ ਵੱਲੋਂ ਤਰਕਸ਼ੀਲ ਸੁਸਾਇਟੀ ਪੰਜਾਬ ਰਜਿ. ਜ਼ੋਨ ਨਵਾਂਸ਼ਹਿਰ ਦੇ ਸਹਿਯੋਗ ਨਾਲ ਖ਼ੂਨਪ੍ਰਦਾਨ, ਅੰਗਪ੍ਰਦਾਨ ਅਤੇ ਮਰਨ ਉਪਰੰਤ ਸਰੀਰਪ੍ਰਦਾਨ ਕਰਨ ਬਾਰੇ ਜਾਗਰੂਕ ਕਰਨ ਲਈ ਸਮਾਗਮ ਕਰਵਾਇਆ ਗਿਆ। ਇਸ ਮੌਕੇ ਸੰਬੋਧਨ ਕਰਦਿਆਂ ਮੁੱਖ ਬੁਲਾਰੇ ਡਾ. ਸਤਵਿੰਦਰ ਪਾਲ ਸਿੰਘ ਸੀਨੀਅਰ ਮੈਡੀਕਲ ਅਫ਼ਸਰ ਸਿਵਲ ਹਸਪਤਾਲ ਨਵਾਂਸ਼ਹਿਰ, ਜਸਪਾਲ ਗਿੰਦਾ ਬੀ. ਡੀ. ਸੀ. ਨਵਾਂਸ਼ਹਿਰ, ਦਿਲਬਾਗ ਸਿੰਘ ਸਾਬਕਾ ਜ਼ਿਲ੍ਹਾ ਸਿੱਖਿਆ ਅਫ਼ਸਰ ਨਵਾਂਸ਼ਹਿਰ, ਜ਼ੋਨ ਮੁਖੀ ਸੱਤਪਾਲ ਸਲੋਹ, ਜੋਗਿੰਦਰ ਕੁੱਲੇਵਾਲ ਮੁਖੀ ਸੱਭਿਆਚਾਰਕ ਵਿਭਾਗ ਤਰਕਸ਼ੀਲ ਸੁਸਾਇਟੀ ਪੰਜਾਬ, ਸੁਮੀਤ ਸਿੰਘ ਮੁਖੀ ਮੀਡੀਆ ਵਿਭਾਗ ਪੰਜਾਬ, ਲੈਕ. ਬਲਵੀਰ ਸਿੰਘ, ਸਟੇਟ ਐਵਾਰਡੀ ਮਾਸਟਰ ਅਵਤਾਰ ਲੰਗੇਰੀ, ਬਲਵੀਰ ਦੁਸਾਂਝ, ਕਾਮਰੇਡ ਮੁਕੰਦ ਲਾਲ ਨੇ ਜਿਊਂਦੇ ਜੀਅ ਖ਼ੂਨਦਾਨ ਅਤੇ ਮਰਨ ਉਪਰੰਤ ਸਰੀਰਪ੍ਰਦਾਨ ਅਤੇ ਅੰਗਪ੍ਰਦਾਨ ਕਰਨ ਲਈ ਲੋਕਾਂ ਨੂੰ ਪ੍ਰੇਰਿਤ ਕੀਤਾ। ਸਮੂਹ ਬੁਲਾਰਿਆਂ ਨੇ ਅਰੋਗ ਅਤੇ ਲੰਬਾ ਜੀਵਨ ਜਿਉਣ ਲਈ ਨੁਕਤੇ ਸਾਂਝੇ ਕੀਤੇ ਅਤੇ ਕਿਹਾ ਕਿ ਜਸਵੀਰ ਕੌਰ ਦੇ ਪਰਿਵਾਰ ਵੱਲੋਂ ਸਰੀਰਪ੍ਰਦਾਨ ਅਤੇ ਅੱਖਾਂ ਪ੍ਰਦਾਨ ਕਰਕੇ ਮਨੁੱਖਤਾ ਦੇ ਭਲੇ ਲਈ ਬਹੁਤ ਵੱਡਾ ਕਾਰਜ ਕੀਤਾ ਅਤੇ ਇਹ ਕਾਰਜ ਲੋਕਾਂ ਲਈ ਪ੍ਰੇਰਨਾਸਰੋਤ ਬਣਿਆ।

ਇਸ ਮੌਕੇ 'ਤਰਕਸ਼ੀਲ' ਮੈਗਜ਼ੀਨ ਮੁਫ਼ਤ ਵੰਡਿਆ ਗਿਆ ਅਤੇ ਤਰਕਸ਼ੀਲ ਸਾਹਿਤ ਦਾ ਸਟਾਲ ਲਗਾਇਆ ਗਿਆ। ਨਿੰਦਰ ਮਾਈ ਦਿੱਤਾ ਨੇ ਵਿਗਿਆਨਕ ਪ੍ਰਦਰਸ਼ਨੀ ਲਗਾਈ ਅਤੇ 'ਵਸੀਅਤ' ਕਵਿਤਾ ਨਾਲ ਹਾਜ਼ਰੀ ਲਗਵਾਈ। ਮੈਡਮ ਰਜਨੀ ਸੁਰਿੰਦਰ ਲਾਖਾ, ਅਸ਼ੋਕ ਕੁਮਾਰ ਐੱਸਡੀਓ, ਸੁਖਵਿੰਦਰ ਗੋਗਾ, ਮਾਸਟਰ ਰਾਜ ਕੁਮਾਰ ਗੜ੍ਹਸ਼ੰਕਰ, ਮਾਸਟਰ ਰਾਜਪਾਲ ਲੋਧੀਪੁਰ, ਮਾਸਟਰ ਰਾਮਪਾਲ ਰਾਹੋਂ, ਕੁਲਵਿੰਦਰ ਖਟਕੜ, ਮਾਸਟਰ ਟੋਡਰ ਮੱਲ, ਮਾਸਟਰ ਸੁਖਵਿੰਦਰ ਸੁੱਖੀ, ਬਲਜੀਤ ਖਟਕੜ, ਹਰਜਿੰਦਰ ਸੂੰਨੀ, ਮਾਸਟਰ ਪਰਮਜੀਤ ਖਮਾਚੋਂ, ਮਾਸਟਰ ਭਾਗ ਸਿੰਘ, ਫਤਿਹਪੁਰ, ਵਿਨੈ ਸ਼ਰਮਾ, ਮੈਡਮ ਕਮਲਜੀਤ ਕੌਰ, ਬਲਵਿੰਦਰ ਸਲੋਹ, ਤਜਿੰਦਰ ਕੌਰ, ਅਸ਼ੋਕ ਕੁਮਾਰ, ਸਤਨਾਮ, ਡਾ. ਰਮੇਸ਼ ਕੁਮਾਰ, ਵਿਪਨ ਕੁਮਾਰ, ਸੁਰੇਸ਼ ਸੁਮਨ, ਦਰਸ਼ਨਾ, ਸੱਤਪਾਲ, ਤਰਸੇਮ, ਧਰਮਪਾਲ, ਗੁਰਨਾਮ ਪੱਲੀ ਝਿੱਕੀ, ਗੁਰਦਿਆਲ ਪੇਂਟਰ, ਭੀਰਾ, ਕਸ਼ਮੀਰ ਕੌਰ, ਰੂਬੀ ਬੰਗਾ, ਸੁਮਨ ਸੂੰਨੀ, ਮੈਡਮ ਸੰਤੋਸ਼ ਖਟਕੜ, ਕਮਲਜੀਤ ਕੌਰ ਖਟਕੜ, ਸੁਖਵਿੰਦਰ ਤੂਰ, ਸੁਮਿਤ, ਰਣਜੀਤ ਸਿੰਘ ਨਵਾਂਸ਼ਹਿਰ, ਬਲਵੀਰ ਜਰਨੈਲ, ਰਤਨ, ਛਿੰਦਾ ਅਤੇ ਘੋਲੀ ਆਦਿ ਹਾਜ਼ਰ ਸਨ। ਮਾਸਟਰ ਜਗਦੀਸ਼ ਰਾਏ ਪੁਰ ਡੱਬਾ, ਰਣਜੀਤ ਸਿੰਘ ਰਾਣਾ, ਹਰਮਨਜੀਤ ਨੇ ਧੰਨਵਾਦ ਕੀਤਾ। ਮੰਚ ਸੰਚਾਲਨ ਜੋਗਿੰਦਰ ਕੁੱਲੇਵਾਲ ਦੁਆਰਾ ਬਾਖ਼ੂਬੀ ਕੀਤਾ ਗਿਆ। **- ਜੋਗਿੰਦਰ ਕੁੱਲੇਵਾਲ**

ਪ੍ਰਤੀਕਰਮ

"ਤਰਕਸ਼ੀਲ" ਜਨਵਰੀ-ਫਰਵਰੀ 2024 ਦੇ ਅੰਕ ਵਿੱਚ ਸਾਧੂ ਬਿਨਿੰਗ ਦੀ ਅਨੁਵਾਦਤ ਰਚਨਾ 'ਕਲਪਨਾ ਕਰੋ: ਕੋਈ ਧਰਮ ਨਹੀਂ : ਕੀ ਇਹਦੇ ਬਿਨ੍ਹਾਂ ਕੋਈ ਸਮਾਜ ਕਾਮਯਾਬ ਹੋ ਸਕਦਾ ਹੈ?' (ਮੂਲ ਲੇਖਕ - ਫਿੱਲ ਜ਼ੁਕਰਮੈਨ) ਸਪਸ਼ਟ ਕਰਦੀ ਹੈ ਕਿ ਵਿਚਾਰਸ਼ੀਲ ਤੇ ਸਿੱਖਿਅਤ ਮਨੁੱਖ ਰੱਬ/ਧਰਮ ਤੋਂ ਬਿਨਾਂ ਵਧੀਆ ਜੀਵਨ ਬਸਰ ਕਰ ਸਕਦਾ ਹੈ। ਮਨੁੱਖਤਾ ਦੀ ਕਦਰ ਕਰਨਾ ਹੀ ਸਭ ਤੋਂ ਵੱਡਾ ਧਰਮ ਹੁੰਦਾ ਹੈ। ਡੈਨਮਾਰਕ ਵਰਗੇ ਦੇਸ਼ ਵਿੱਚ ਸਾਖ਼ਰਤਾ ਦਰ 99 ਫੀਸਦੀ ਤੋਂ ਵਧੇਰੇ ਹੈ। ਇਸ ਤਰ੍ਹਾਂ ਦਾ ਸਿੱਖਿਅਤ ਸਮਾਜ ਮੂਲ ਸਮੱਸਿਆਵਾਂ ਦੀ ਜੜ੍ਹ ਨੂੰ ਆਸਾਨੀ ਨਾਲ ਪਹਿਚਾਣ ਸਕਦਾ ਹੈ। ਇਸ ਸਥਿਤੀ ਵਿਚ ਧਰਮ 'ਤੇ ਟੇਕ ਲਗਭਗ ਖ਼ਤਮ ਹੋ ਜਾਂਦੀ ਹੈ। **- ਬੂਟਾ ਸਿੰਘ ਵਾਕਫ (ਮੁਕਤਸਰ)**

ਸੰਪਾਦਕੀ "ਤਰਕਸ਼ੀਲ" ਮਾਰਚ-ਅਪ੍ਰੈਲ 2024 ਕਹਿੰਦੀ ਹੈ: "ਸਿਰਫ਼ ਤੇ ਸਿਰਫ਼ ਤਕਨੀਕ, ਸੁਖ ਸਹੂਲਤਾਂ ਦਾ ਵਿਕਸਤ ਹੋ ਜਾਣਾ ਵਿਗਿਆਨਕ ਵਿਕਾਸ ਨਹੀਂ ਹੁੰਦਾ। ਕਿਸੇ ਦੇਸ਼ ਦੇ ਵਿਗਿਆਨਕ ਵਿਕਾਸ ਦਾ ਅਸਲੀ ਮਾਪਦੰਡ ਇਹ ਹੈ ਕਿ ਉੱਥੋਂ ਦੇ ਨਾਗਰਿਕਾਂ ਦਾ ਸੋਚਣ ਢੰਗ ਕਿੰਨਾ ਕੁ ਵਿਗਿਆਨਕ ਹੋਇਆ ਹੈ।" "ਕਿਸੇ ਵੀ ਤਰ੍ਹਾਂ ਦੀਆਂ ਧਾਰਾਵਾਂ ਲਾਏ ਜਾਣ ਦਾ ਡਰ ਲਾਹੁੰਦੇ ਹੋਏ ਵਿਗਿਆਨਕ ਲੋਕ ਲਹਿਰ ਦੀ ਉਸਾਰੀ ਕਰੀਏ।"

"ਲੋਕਾਂ ਦੀ ਤਾਰਤ ਤੋਂ ਵੱਡੀ ਕੋਈ ਤਾਕਤ ਨਹੀਂ ਹੁੰਦੀ।" ਬਲਬੀਰ ਲੌਂਗੋਵਾਲ, ਹਰਚਰਨ ਸਿੰਘ ਪ੍ਰਹਾਰ, ਐਡਵੋਕੇਟ ਅਵਤਾਰ ਗੋਂਦਾਰਾ, ਸੁਖੋਮਲਿੰਸਕੀ, ਪ੍ਰਿੰ. ਸਰਵਣ ਸਿੰਘ, ਡਾ. ਆਰ.ਕੇ. ਬਾਂਸਲ, ਹੇਮ ਰਾਜ ਸਟੈਨੋ ਤੇ ਜਸਵੰਤ ਮੋਹਾਲੀ ਜੀ ਦੀਆਂ ਲਿਖਤਾਂ ਬਹੁਤ ਹੀ ਪ੍ਰਭਾਵਸ਼ਾਲੀ ਤੇ ਦਿਲਚਸਪ ਸਨ ਜਿਨ੍ਹਾਂ ਨੂੰ ਮੁੜ-ਮੁੜ ਪੜ੍ਹਨ ਨੂੰ ਦਿਲ ਕਰਿਆ ਤੇ ਪੜ੍ਹੀਆਂ ਵੀ। ਕਮਾਲ ਦੀਆਂ ਲਿਖਤਾਂ ਸਨ। ਮੈਗਜ਼ੀਨ ਵਾਕਿਆ ਹੀ ਪ੍ਰੇਰਨਾਦਾਇਕ ਤੇ ਰਾਹ ਦਸੇਰਾ ਹੈ ਜਿਸ ਨੂੰ ਲਗਨ, ਰੀਝ, ਦਿਲਚਸਪੀ ਤੇ ਖੁਭ ਕੇ ਪੜ੍ਹਨ ਨਾਲ ਬਹੁਤ ਆਨੰਦ ਆਉਂਦਾ ਹੈ। ਸੰਪਾਦਕੀ ਵਿੱਚ ਦੋ ਸ਼ਬਦ ਗ੍ਰਾਮੈਟੀਕਲੀ ਠੀਕ ਨਹੀਂ ਸਨ। ਜਿਵੇਂ 15ਵੀਂ ਲਾਇਨ ਵਿੱਚ ਸ਼ਬਦ ਹੈ "ਮਾਰਣ" ਜਦ ਕਿ ਸਹੀ ਸ਼ਬਦ "ਮਾਰਨ" ਹੁੰਦਾ ਹੈ। ਇਸੇ ਤਰ੍ਹਾਂ 30ਵੀਂ ਲਾਇਨ ਦਾ ਸ਼ਬਦ "ਕਾਰਣਾਂ" ਦੀ ਥਾਂ "ਕਾਰਨਾਂ" ਚਾਹੀਦਾ ਸੀ।
ਹੋਰ ਕੋਈ ਖ਼ਾਮੀ ਨਜ਼ਰ ਨਹੀਂ ਆਈ।

- ਅਜੀਤ ਪ੍ਰਦੇਸੀ (ਰੋਪੜ)


ਮਿੰਨੀ ਕਹਾਣੀ

ਵਿਗਿਆਨਕ ਚੇਤਨਾ

ਐਤਵਾਰ ਨੂੰ ਮੈਂ ਆਪਣੇ ਘਰ ਦੇ ਬਾਹਰ ਬੈਠਾ ਅਖਬਾਰ ਪੜ੍ਹ ਰਿਹਾ ਸੀ ਕਿ ਗਲੀ ਵਿਚ ਘਰਾਂ ਦੇ ਬੂਹੇ ਖੜਕਾਉਂਦੇ ਹੋਏ ਕੁਝ ਅਣਪਛਾਤੇ ਅਤੇ ਪਾਖੰਡੀ ਕਿਸਮ ਦੇ ਕੁਝ ਸਾਧ ਹੱਥ ਵਿਚ ਰਸੀਦ ਬੁੱਕ ਫੜ੍ਹੀ ਮੇਰੇ ਕੋਲ ਆਏ ਅਤੇ ਕਹਿਣ ਲੱਗੇ, 'ਸਰਦਾਰ ਜੀ, ਅਸੀਂ ਤੁਹਾਡੇ ਸ਼ਹਿਰ ਦੇ ਬਾਹਰਵਾਰ ਇਕ ਵੱਡਾ ਧਾਰਮਿਕ ਸਥਾਨ ਉਸਾਰਨ ਜਾ ਰਹੇ ਹਾਂ ਜਿੱਥੇ ਹਰ ਮਹੀਨੇ ਵਿਸ਼ਾਲ ਧਾਰਮਿਕ ਸਮਾਗਮ ਹੋਇਆ ਕਰਨਗੇ ਅਤੇ ਅਟੁੱਟ ਲੰਗਰ ਵੀ ਵਰਤਿਆ ਕਰੇਗਾ, ਇਸ ਲਈ ਤੁਸੀਂ ਵੀ ਦੋ ਸੌ ਇਕਵੰਜਾ ਰੁਪਏ ਦੀ ਭੇਟਾ ਕਰਵਾਓ। ਇਹ ਦਾਨ ਪੁੰਨ ਕੀਤਾ ਤੁਹਾਡੇ ਅਗਲੇ ਜਨਮ ਵਿੱਚ ਕੰਮ ਆਵੇਗਾ' ਇਕ ਨੇ ਮੇਰਾ ਨਾਮ ਪੁੱਛਦਿਆਂ ਪੈੱਨ ਕੱਢ ਲਿਆ ਅਤੇ ਪਰਚੀ ਕੱਟਣ ਲੱਗਾ। ਮੈਂ ਉਨ੍ਹਾਂ ਨੂੰ ਬੜੇ ਦਲੀਲਪੂਰਵਕ ਢੰਗ ਨਾਲ ਜਵਾਬ ਦਿੰਦਿਆਂ ਕਿਹਾ, "ਭਾਈ ਸਾਹਿਬ, ਸਾਡੇ ਮੁਲਕ ਦੇ ਕਰੋੜਾਂ ਗ਼ਰੀਬ ਲੋਕਾਂ ਨੂੰ ਫੌਰੀ ਤੌਰ 'ਤੇ ਸਿੱਖਿਆ, ਸਿਹਤ, ਮਕਾਨ, ਰੁਜ਼ਗਾਰ, ਬਿਜਲੀ ਅਤੇ ਸਾਫ਼ ਪਾਣੀ ਦੀਆਂ ਬੁਨਿਆਦੀ ਸਹੂਲਤਾਂ ਦੀ ਬੇਹੱਦ ਲੋੜ ਹੈ ਅਤੇ ਧਾਰਮਿਕ ਸਥਾਨਾਂ ਦੀ ਉਸਾਰੀ ਜਾਂ ਧਾਰਮਿਕ ਸਮਾਗਮ ਕਰਕੇ ਇਹ ਬੁਨਿਆਦੀ ਲੋੜਾਂ ਪੂਰੀਆਂ ਨਹੀਂ ਕੀਤੀਆਂ ਜਾ ਸਕਦੀਆਂ, ਵੈਸੇ ਵੀ ਸਾਡੇ ਦੇਸ਼ ਵਿਚ ਵਿੱਦਿਅਕ ਸੰਸਥਾਵਾਂ ਅਤੇ ਹਸਪਤਾਲਾਂ ਨਾਲੋਂ ਧਾਰਮਿਕ ਸਥਾਨਾਂ ਅਤੇ ਡੇਰਿਆਂ ਦੀ ਗਿਣਤੀ ਪਹਿਲਾਂ ਹੀ ਕਿਤੇ ਬਹੁਤ ਜ਼ਿਆਦਾ ਹੈ ਅਤੇ ਕਰੋੜਾਂ ਲੋਕ ਬਿਨਾਂ ਛੱਤ ਦੇ ਦਿਨ ਕੱਟ ਰਹੇ ਹਨ ਪਰ ਉੱਤੋਂ ਤੁਹਾਡੇ ਵਰਗੇ ਕੁੱਝ ਵਿਹਲੜ ਲੋਕ ਆਪਣੇ ਨਿੱਜੀ ਸਵਾਰਥਾਂ ਲਈ ਧਾਰਮਿਕ ਸਥਾਨ ਉਸਾਰੀ ਜਾ ਰਹੇ ਨੇ", ਉਨ੍ਹਾਂ ਇਕ ਦੂਜੇ ਵੱਲ ਇੰਝ ਵੇਖਿਆ ਜਿਵੇਂ ਕਿ ਉਨ੍ਹਾਂ ਦੀ ਕੋਈ ਚੋਰੀ ਫੜੀ ਗਈ ਹੋਵੇ।

ਇਸ ਤੋਂ ਪਹਿਲਾਂ ਕਿ ਉਹ ਮੇਰੀਆਂ ਦਲੀਲਾਂ ਦਾ ਕੋਈ ਜਵਾਬ ਦਿੰਦੇ, ਮੈਂ ਆਪਣੀ ਗੱਲ ਜਾਰੀ ਰੱਖਦਿਆਂ ਕਿਹਾ, "ਵੇਖੋ ਭਾਈ ਸਾਹਿਬ, ਸਾਡੇ ਦੇਸ਼ ਦੇ ਕਰੋੜਾਂ ਗ਼ਰੀਬ ਲੋਕਾਂ ਦੀਆਂ ਜਿਊਣ ਹਾਲਤਾਂ ਬਦ ਤੋਂ ਬਦਤਰ ਬਣੀਆਂ ਹੋਈਆਂ ਹਨ ਅਤੇ ਕਿਸੇ ਅਖੌਤੀ ਅਗਲੇ ਜਨਮ ਨੂੰ ਸੰਵਾਰਨ ਦੀ ਥਾਂ ਉਨ੍ਹਾਂ ਦੀਆਂ ਜਿਊਣ ਹਾਲਤਾਂ ਨੂੰ ਸੁਧਾਰਨ ਦੀ ਜ਼ਿਆਦਾ ਲੋੜ ਹੈ ਪਰ ਮੌਜੂਦਾ ਸਰਕਾਰਾਂ ਅਤੇ ਧਾਰਮਿਕ ਸੰਸਥਾਵਾਂ ਨੇ ਇਸ ਪੱਖੋਂ ਕਦੇ ਵੀ ਆਪਣੀ ਜ਼ਿੰਮੇਵਾਰੀ ਨਹੀਂ ਸਮਝੀ ਅਤੇ ਉਲਟਾ ਲੋਕਾਂ ਨੂੰ ਪਾਠ-ਪੂਜਾ, ਦਾਨ-ਪੁੰਨ ਅਤੇ ਅਗਲੇ-ਪਿਛਲੇ ਜਨਮ ਦੇ ਅੰਧ-ਵਿਸ਼ਵਾਸਾਂ ਵਿਚ ਫਸਾ ਕੇ ਉਨ੍ਹਾਂ ਦੀ ਹੱਕ ਹਲਾਲ ਦੀ ਕਮਾਈ ਨੂੰ ਲੁੱਟਿਆ ਹੈ। ਇਸ ਲਈ ਜੇਕਰ ਤੁਸੀਂ ਕੋਈ ਚੈਰੀਟੇਬਲ ਹਸਪਤਾਲ, ਸਕੂਲ, ਬਿਰਧ ਆਸ਼ਰਮ ਖੋਲ੍ਹਣੇ ਜਾਂ ਗ਼ਰੀਬ ਮਰੀਜ਼ਾਂ ਅਤੇ ਵਿਦਿਆਰਥੀਆਂ ਦੀ ਮਦਦ ਕਰਨੀ ਏ ਤਾਂ ਉਸ ਲਈ ਕੋਈ ਆਰਥਿਕ ਮਦਦ ਕਰਨ ਬਾਰੇ ਸੋਚਿਆ ਜਾ ਸਕਦਾ ਹੈ ਪਰ ਕਿਸੇ ਧਾਰਮਿਕ ਸਥਾਨ ਦੀ ਉਸਾਰੀ ਜਾਂ ਧਾਰਮਿਕ ਸਮਾਗਮ ਲਈ ਮੇਰੇ ਵੱਲੋਂ ਤੁਹਾਨੂੰ ਕੋਰੀ ਨਾ ਹੈ।" ਇੰਨਾ ਸੁਣਦਿਆਂ ਹੀ ਉਹ ਪਾਖੰਡੀ ਸਾਧ ਬਿਨਾਂ ਕੁੱਝ ਕਹੇ ਗਲੀ 'ਚੋਂ ਤੁਰਦੇ ਬਣੇ। **ਸੁਮੀਤ ਸਿੰਘ ਅੰਮ੍ਰਿਤਸਰ**

ਰੱਬ ਨੇੜੇ ਕਿ ਘਸੁੰਨ



- ਜਸਵੰਤ ਮੋਹਾਲੀ

ਇਸ ਲੇਖ ਬਾਰੇ ਸੋਚਣ ਦੀ ਯਾਦ ਮੈਨੂੰ ਉੱਘੇ ਵਿਗਿਆਨੀ ਡਾ. ਸੁਰੇਸ਼ ਰਤਨ ਜੀ ਨੇ ਲਾਈ। ਉਹ ਆਪਣੇ ਇੱਕ ਲੇਖ ਵਿਚ ਲਿਖਦੇ ਹਨ ਕਿ ਵਿਗਿਆਨ ਤੁਹਾਨੂੰ ਜ਼ਬਰਦਸਤੀ ਚੰਗੇ ਨਹੀਂ ਬਣਾਉਂਦਾ, ਸਗੋਂ ਤੁਹਾਨੂੰ ਚੰਗੇ ਕਿਉਂ ਹੋਣਾ ਚਾਹੀਦਾ ਹੈ ਇਹ ਸਮਝ ਵਿਕਸਿਤ ਕਰਨ ਵਿੱਚ ਸਹਾਇਤਾ ਕਰਦਾ ਹੈ। ਫੋਨ 'ਤੇ ਗੱਲ ਹੋਈ ਤਾਂ ਉਨ੍ਹਾਂ ਪੁੱਛਿਆ ਕਿ "ਚੰਗਾ ਹੋਣਾ ਕੀ ਹੁੰਦਾ ਹੈ ਅਤੇ ਸਾਨੂੰ ਚੰਗੇ ਹੋਣ ਦੀ ਜ਼ਰੂਰਤ ਕਿਉਂ ਹੈ, ਜ਼ਰੂਰਤ ਹੈ ਵੀ ਜਾਂ ਨਹੀਂ? ਇਸ ਬਾਰੇ ਤੁਹਾਡਾ ਕੀ ਖ਼ਿਆਲ ਹੈ?"

ਜਦੋਂ ਵੀ ਕਿਸੇ ਘਿਣਾਉਣੇ ਅਪਰਾਧ ਦੀ ਖ਼ਬਰ ਪੜ੍ਹਨ-ਸੁਣਨ ਵਿਚ ਆਉਂਦੀ ਹੈ ਤਾਂ ਅਕਸਰ ਇਹ ਟਿੱਪਣੀ ਸੁਣਨ ਨੂੰ ਮਿਲਦੀ ਹੈ? "ਬੱਸ ਦੁਨੀਆਂ ਗਰਕਣ 'ਤੇ ਆਈ"। ਅਪਰਾਧ ਵਿੱਚ ਸ਼ਾਮਲ ਤਾਂ ਦੋ-ਚਾਰ ਹੀ ਹੁੰਦੇ ਹਨ, ਜਦ ਕਿ ਇਸਨੂੰ ਨਾ-ਪਸੰਦ ਕਰਨ ਵਾਲੀ ਵੱਡੀ ਆਬਾਦੀ ਹੁੰਦੀ ਹੈ। ਅਸਲ ਵਿੱਚ ਬਲਾਤਕਾਰ, ਕਤਲ ਜਾਂ ਵਹਿਸ਼ਤ ਭਰਿਆ ਕੋਈ ਇਕ ਵੀ ਜ਼ੁਲਮ ਸੱਭਿਅਕ ਸਮਾਜ ਦੇ ਵੱਡੇ ਹਿੱਸੇ ਨੂੰ ਬੇਚੈਨ ਕਰਦਾ ਹੈ। ਸੋ ਸਾਡੇ ਚੰਗੇ ਹੋਣ ਦਾ ਇੱਕ ਕਾਰਣ ਹੈ ਭੈਅ-ਮੁਕਤ, ਅਪਰਾਧ ਮੁਕਤ, ਸੁਰੱਖਿਅਤ ਸਮਾਜ ਦੀ ਲੋੜ।

ਰੋਜ਼ਾਨਾ ਜ਼ਿੰਦਗੀ ਵਿੱਚ ਸਾਡੇ ਚੰਗੇਪਣ ਦੀਆਂ ਆਮ ਉਦਾਹਰਨਾਂ ਦੇਖਣ ਨੂੰ ਮਿਲਦੀਆਂ ਹਨ। ਜਿਵੇਂ ਬੱਸ ਵਿੱਚ ਇੱਕ ਸਵਾਰੀ ਦਾ ਆਪਣੀ ਸੀਟ ਛੱਡ ਕੇ ਕਿਸੇ ਬਜ਼ੁਰਗ ਨੂੰ ਸੀਟ ਦੇਣਾ ਜਾਂ ਕਿਸੇ ਦੁਰਘਟਨਾ ਤੋਂ ਬਾਅਦ ਲੋਕਾਂ ਦਾ ਜ਼ਖ਼ਮੀਆਂ ਦੀ ਸੰਭਾਲ ਕਰਨਾ। ਇਨ੍ਹਾਂ ਕੇਸਾਂ ਵਿੱਚ ਤੁਸੀਂ ਦੂਸਰੇ ਦੀ ਸਹਾਇਤਾ ਸੋਚ ਵਿਚਾਰ ਕੇ ਕੀਤੀ ਹੈ। ਪਰ ਕੁੱਝ ਕੇਸਾਂ ਵਿੱਚ ਤੁਹਾਡੇ ਕੋਲ ਸੋਚਣ ਦਾ ਸਮਾਂ ਹੀ ਨਹੀਂ ਹੁੰਦਾ। ਇੱਕ ਪਾਸਿਓਂ ਆ ਰਹੀ ਕਿਸੇ ਗੱਡੀ ਨਾਲ ਟਕਰਾਅ ਜਾਣ ਤੋਂ ਬਚਾਉਣ ਲਈ ਤੁਸੀਂ ਕਿਸੇ ਨੂੰ ਅਚਾਨਕ ਖਿੱਚ ਲੈਂਦੇ ਹੋ, ਜਿਸ ਨੂੰ ਤੁਸੀਂ ਬਚਾਇਆ ਹੈ ਅਕਸਰ ਉਸ ਨੂੰ ਤੁਸੀਂ ਜਾਣਦੇ ਵੀ ਨਹੀਂ ਹੁੰਦੇ। ਇੱਕ ਜ਼ਿੰਦਗੀ ਬਚਾਅ ਲੈਣ ਦੀ ਖ਼ੁਸ਼ੀ ਹੀ ਤੁਹਾਡਾ ਇਨਾਮ ਹੁੰਦਾ ਹੈ। ਉਹ ਕੀ ਹੈ ਜੋ ਤੁਹਾਨੂੰ ਆਪਮੁਹਾਰੇ ਇੱਕਦਮ ਦੂਜੇ ਦੀ ਜਾਨ ਬਚਾਉਣ ਲਈ ਹਰਕਤ ਵਿੱਚ ਲੈ ਆਉਂਦਾ ਹੈ?

ਇਸ ਦਾ ਉੱਤਰ Freedom From Religion Foundation USA ਦੇ ਪ੍ਰਧਾਨ ਡੇਨ ਬਾਰਕਰ ਦੀ ਲਿਖੀ ਕਿਤਾਬ Mere Morality ਵਿੱਚ ਕਾਫ਼ੀ ਹੱਦ ਤੱਕ ਮਿਲ ਜਾਂਦਾ ਹੈ। ਆਪਣੇ ਸੰਗੀ ਸਾਥੀਆਂ ਨੂੰ ਬਚਾਉਣਾ ਸਾਡੀ ਸਿੱਖੀ ਹੋਈ (Learned) ਕਿਰਿਆ ਨਹੀਂ, ਸਗੋਂ ਆਪਮੁਹਾਰੀ ਪ੍ਰਵਿਰਤੀ (Instinct) ਹੈ, ਜੋ ਤੁਹਾਨੂੰ ਐਵੋਲੂਸ਼ਨ (ਜੀਵ ਵਿਕਾਸ) ਰਾਹੀਂ ਪਹਿਲੀਆਂ ਪ੍ਰਜਾਤੀਆਂ ਤੋਂ ਮਿਲੀ ਹੈ। ਪਰਉਪਕਾਰਤਾ ਵੀ ਤੁਹਾਨੂੰ ਖ਼ੁਸ਼ੀ ਦੇਣ ਵਾਲੇ ਓਹੀ ਹਾਰਮੋਨਜ਼ ਪੈਦਾ ਕਰਦੀ ਹੈ ਜਿਨ੍ਹਾਂ ਕਰਕੇ ਸਾਨੂੰ ਸੰਗੀਤ ਸੁਣਨਾ, ਖੇਡਣਾ ਆਦਿ ਅਨੰਦਦਾਇਕ ਲੱਗਦਾ ਹੈ।

ਬਹੁਤੇ ਲੋਕ ਚੰਗੇ ਹੀ ਹੁੰਦੇ ਹਨ। ਕਿਉਂ ? ਕੀ ਰੱਬ ਤੋਂ ਡਰ ਕੇ ? ਇੱਕ ਅਖੌਤ ਹੈ ਕਿ ਰੱਬ ਨੇੜੇ ਕਿ ਘਸੁੰਨ। ਸ਼ਾਇਦ ਜ਼ਿਆਦਾਤਰ ਲੋਕ 'ਰੱਬ' ਤੋਂ ਨਹੀਂ ਘਸੁੰਨ (ਕਨੂੰਨ) ਤੋਂ ਡਰ ਕੇ ਚੰਗੇ ਹੁੰਦੇ ਹਨ। ਇੱਕ ਹੋਰ ਤਰਕ ਹੈ ਜੋ ਵਧੇਰੇ ਜਚਵਾਂ ਹੈ। ਤੁਹਾਨੂੰ ਦੂਜਿਆਂ ਪ੍ਰਤੀ ਇਸ ਲਈ ਚੰਗੇ ਹੋਣਾ ਚਾਹੀਦਾ ਹੈ ਕਿਉਂਕਿ ਤੁਸੀਂ ਚਾਹੁੰਦੇ ਹੋ ਕਿ ਦੂਜੇ ਤੁਹਾਡੇ ਨਾਲ ਚੰਗਾ ਵਿਚਾਰ ਕਰਨ।

ਆਮ ਹਾਲਤਾਂ ਵਿੱਚ ਨਿਰਧਾਰਤ ਗਤੀ 'ਤੇ ਗੱਡੀ ਚਲਾਉਣਾ ਚੰਗੀ ਗੱਲ (Ethical) ਹੈ, ਪਰ ਜਦੋਂ ਤੁਸੀਂ ਹਾਰਟ ਅਟੈਕ ਵਾਲੇ ਮਰੀਜ਼ ਨੂੰ ਹਸਪਤਾਲ ਪਹੁੰਚਾਉਣਾ ਹੋਵੇ ਤਾਂ ਤੁਸੀਂ ਗੱਡੀ ਤੇਜ਼ (ਪਰ ਸੁਰੱਖਿਅਤ) ਗਤੀ 'ਤੇ ਚਲਾ ਕੇ ਕਾਨੂੰਨ ਤੋੜਨ ਦਾ ਖ਼ਤਰਾ ਵੀ ਲੈ ਲੈਂਦੇ ਹੋ। ਸ਼ਾਇਦ ਏਸੇ ਗੁਣ ਨੂੰ ਮਨੁੱਖੀ ਸਰੋਕਾਰ (Morality) ਕਹਿੰਦੇ ਹਨ।

ਸੱਤਵੀਂ ਜਾਂ ਅੱਠਵੀਂ ਵਿੱਚ ਪੜ੍ਹਦਾ ਸਾਂ ਜਦੋਂ ਵੱਡੇ ਭਰਾ ਦੀ ਲਿਆਂਦੀ ਇੱਕ ਬਹੁਤ ਮੋਟੀ ਕਿਤਾਬ ਪੜ੍ਹਨ ਲੱਗਾ ਜਿਸ ਦਾ ਨਾਂਅ ਸੀ—ਫਿਲੌਸਫੀ ਦਾ ਇਤਿਹਾਸ। ਮੇਰੀ ਸਮਝ ਅਜੇ ਇਸ ਕਿਤਾਬ ਦੇ ਹਾਣ ਦੀ ਨਹੀਂ ਸੀ। ਪਰ ਦੋ ਵਿਚਾਰ ਜੋ ਮੈਂ ਆਪਣੀ ਡਾਇਰੀ ਵਿੱਚ ਨੋਟ ਕੀਤੇ, ਉਨ੍ਹਾਂ ਵਿੱਚੋਂ ਇੱਕ ਸੀ— ਚੰਗੇ ਹੋਣ ਲਈ ਰੱਬ ਜਾਂ ਧਰਮ ਦੀ ਜ਼ਰੂਰਤ ਨਹੀਂ ਹੈ।

ਇੱਕ 'ਸੰਤ ਜੀ' ਨੂੰ ਵਿਦੇਸ਼ ਵਿਚ ਕਿਸੇ ਨੇ ਗੋਲੀ ਮਾਰ ਦਿੱਤੀ। ਉਸਦੇ ਚੇਲਿਆਂ ਏਥੇ ਗੱਡੀਆਂ ਫੂਕ ਦਿੱਤੀਆਂ। ਮੁੱਖ ਮੰਤਰੀ ਜੀ ਸ਼ਰਧਾਂਜਲੀ ਦਿੰਦਿਆਂ ਕਹਿੰਦੇ ਹਨ ਕਿ ਸੰਤ ਜੀ ਨੇ ਸਾਰੀ ਉਮਰ ਸ਼ਾਂਤੀ ਤੇ ਚੰਗੇ ਇਨਸਾਨ ਬਨਣ ਦਾ ਸੰਦੇਸ਼ ਦਿੱਤਾ। ਇਹ ਕਿਹੋ ਜਿਹਾ ਸ਼ਾਂਤੀ ਸੰਦੇਸ਼ ਸੀ? ਚੰਗੇ ਮਨੁੱਖ ਬਣੇ ਬਿਨ੍ਹਾਂ ਤੁਸੀਂ ਚੰਗੇ ਸਿੱਖ, ਚੰਗੇ ਹਿੰਦੂ ਜਾਂ ਚੰਗੇ ਮੁਸਲਮਾਨ ਨਹੀਂ ਹੋ ਸਕਦੇ। ਧਰਮ ਵਿਹਾਰਕ ਤੌਰ 'ਤੇ ਨਫ਼ਰਤੀ, ਵੰਡ ਪਾਊ ਤੇ ਸਮਾਜ ਲਈ ਘਾਤਕ ਸਾਬਤ ਹੋ ਰਿਹਾ ਹੈ। ਕੀ ਤੁਸੀਂ ਵੀ 'ਰੱਬ' ਤੋਂ ਡਰਕੇ ਚੰਗੇ ਹੋ?

ਸੁਪਰੀਮ ਕੋਰਟ ਦੀ ਸਖਤੀ ਉਪਰੰਤ ਰਾਮਦੇਵ ਦੁਆਰਾ ਅਖ਼ਬਾਰਾਂ ਵਿੱਚ ਛਪਵਾਇਆ ਗਿਆ

ਬਿਨ੍ਹਾਂ ਸ਼ਰਤ ਜਨਤਕ ਮੁਆਫ਼ੀਨਾਮਾ



ਭਾਰਤ ਦੇ ਮਾਣਯੋਗ ਸੁਪਰੀਮ ਕੋਰਟ 'ਚ ਵਿਚਾਰ ਅਧੀਨ ਮਾਮਲੇ * (ਰਿਟ ਪਟੀਸ਼ਨ ਨੰ. 645/2022) ਦੇ ਸੰਦਰਭ 'ਚ ਮਾਣਯੋਗ ਸੁਪਰੀਮ ਕੋਰਟ ਦੇ ਨਿਰਦੇਸ਼ਾਂ/ਹੁਕਮਾਂ ਦੀ ਪਾਲਣਾ ਨਾ ਕਰਨ ਜਾਂ ਉਲੰਘਣਾ ਲਈ ਅਸੀਂ ਨਿੱਜੀ ਤੌਰ 'ਤੇ, ਨਾਲ ਹੀ ਕੰਪਨੀ ਵੱਲੋਂ ਬਿਨ੍ਹਾਂ ਸ਼ਰਤ ਮੁਆਫੀ ਮੰਗਦੇ ਹਾਂ। 22.11.2023 ਨੂੰ ਬੈਠਕ/ਪੱਤਰਕਾਰ ਸੰਮੇਲਨ ਨੂੰ ਆਯੋਜਿਤ ਕਰਨ ਲਈ ਵੀ ਮੁਆਫ਼ੀ ਚਾਹੁੰਦੇ ਹਾਂ । ਅਸੀਂ ਆਪਣੇ ਇਸ਼ਤਿਹਾਰਾਂ ਦੇ ਪ੍ਰਕਾਸ਼ਨ 'ਚ ਹੋਈ ਗਲਤੀ ਲਈ ਵੀ ਈਮਾਨਦਾਰੀ ਨਾਲ ਮੁਆਫ਼ੀ ਚਾਹੁੰਦੇ ਹਾਂ ਅਤੇ ਪੂਰੇ ਮਨ ਨਾਲ ਵਚਨਬੱਧਤਾ ਪ੍ਰਗਟ ਕਰਦੇ ਹਾਂ ਕਿ ਅਜਿਹੀਆਂ ਤਰੁਟੀਆਂ ਦੀ ਦੁਹਰਾਈ ਨਹੀਂ ਹੋਵੇਗੀ। ਅਸੀਂ ਪੂਰੀ ਸਾਵਧਾਨੀ ਤੇ ਪੂਰੀ ਨਿਸ਼ਠਾ ਨਾਲ ਮਾਣਯੋਗ ਅਦਾਲਤ ਦੇ ਨਿਰਦੇਸ਼ਾਂ ਦੀ ਪਾਲਣਾ ਕਰਨ ਲਈ ਵਚਨਬੱਧ ਹਾਂ। ਅਸੀਂ ਅਦਾਲਤ ਦੇ ਵੱਕਾਰ ਦਾ ਸਨਮਾਨ ਬਣਾਈ ਰੱਖਣ ਅਤੇ ਲਾਗੂ ਕਾਨੂੰਨਾਂ ਤੇ ਮਾਣਯੋਗ ਅਦਾਲਤ/ਸਬੰਧਤ ਅਧਿਕਾਰੀਆਂ ਦੇ ਨਿਰਦੇਸ਼ਾਂ ਦੀ ਪਾਲਣਾ ਕਰਨ ਦਾ ਵਚਨ ਦਿੰਦੇ ਹਾਂ।

ਬਿਨੈਕਾਰ

ਪਤੰਜਲੀ ਆਯੁਰਵੇਦ ਲਿਮਟਿਡ, ਆਚਾਰੀਆ ਬਾਲਕ੍ਰਿਸ਼ਨ, ਸਵਾਮੀ ਰਾਮਦੇਵ, ਹਰਿਦੁਆਰ, ਉੱਤਰਾਖੰਡ

ਰਾਮਦੇਵ ਨੂੰ ਸੁਪਰੀਮ ਕੋਰਟ ਦੀ ਡੋਜ

ਯੋਗਾ ਦੇ ਵਪਾਰੀ ਰਾਮਦੇਵ ਤੇ ਉਸ ਦੇ ਸਹਾਇਕ ਬਾਲ ਕ੍ਰਿਸ਼ਨ ਨੂੰ ਦੇਸ਼ ਦੀਆਂ ਮੁੱਖ ਅਖਬਾਰਾਂ ਵਿਚ ਮੁਆਫ਼ੀ ਛਪਵਾਉਣੀ ਪਈ। ਇਹ ਮੁਆਫੀ ਇਸ ਲਈ ਮੰਗਣੀ ਪਈ ਕਿਉਂਕਿ ਉਹਨਾਂ ਨੇ ਸੁਪਰੀਮ ਕੋਰਟ ਦੇ ਕਹਿਣ ਤੋਂ ਬਾਅਦ ਵੀ ਪਤੰਜਲੀ ਦੇ ਉਤਪਾਦਾਂ ਬਾਰੇ ਲੋਕਾਂ ਨੂੰ ਗੁਮਰਾਹ ਕਰਨ ਵਾਲੀ ਅਤੇ Drugs and Remedies act ਦੀ ਉਲੰਘਣਾ ਕਰਦੀ ਇਸ਼ਤਹਾਰਬਾਜੀ ਛਾਪਣੀ ਜਾਰੀ ਰੱਖੀ ਸੀ। ਅਗਸਤ 2022 ਵਿੱਚ ਇੰਡੀਅਨ ਮੈਡੀਕਲ ਐਸੋਸੀਏਸ਼ਨ ਰਾਮਦੇਵ ਦੇ ਉਸ ਦਾਅਵੇ ਨੂੰ ਚੁਣੌਤੀ ਦਿੰਦਿਆਂ ਸੁਪਰੀਮ ਕੋਰਟ ਵਿੱਚ ਚਲੀ ਗਈ ਸੀ ਜਿਸ ਵਿੱਚ ਉਹਨਾਂ ਨੇ ਆਧੁਨਿਕ ਵਿਗਿਆਨ ਦਾ ਇਹ ਕਹਿੰਦੇ ਮਜ਼ਾਕ ਉਡਾਇਆ ਕਿ "ਇਹ ਬਕਵਾਸ ਪੈਥੀ ਹੈ ਅਤੇ ਕਰੋਨਾ ਕਰਕੇ ਹੋਈਆਂ ਮੌਤਾਂ ਲਈ ਐਲੋਪੈਥਿਕ ਇਲਾਜ ਜਿੰਮੇਂਵਾਰ ਹੈ।" ਇਸ ਤੋਂ ਪਹਿਲਾਂ ਫਰਵਰੀ 2021 ਵਿੱਚ ਰਾਮਦੇਵ ਨੇ ਦੋ ਕੇਂਦਰੀ ਮੰਤਰੀਆਂ ਹਰਸ਼ ਵਰਧਨ ਅਤੇ ਨਿਤਨ ਗਡਕਰੀ ਦੀ ਹਾਜਰੀ ਵਿੱਚ ਕਰੋਨਾ ਦੀ ਦਵਾਈ ਕੋਰੋਨਿਲ ਕਿਟ ਦਾ ਪ੍ਰਚਾਰ ਕਰਦਿਆਂ ਪ੍ਰੈਸ ਕਾਨਫਰੰਸ ਕੀਤੀ ਸੀ। ਉਦੋਂ ਵੀ ਆਈਐਮਏ ਨੇ ਸਿਹਤ ਮੰਤਰੀ ਹਰਸ਼ਵਰਧਨ ਤੋਂ ਇਸ ਸਬੰਧੀ ਸਪਸ਼ਟੀਕਰਨ ਮੰਗਿਆ ਤਾਂ ਉਹਨਾਂ ਅਗਲੇ ਦਿਨ ਅਖਬਾਰਾਂ ਵਿੱਚ ਬਿਆਨ ਦਿੱਤਾ ਕਿ ਕੋਰੋਨਿਲ ਕੋਈ ਕਰੋਨਾ ਦੀ ਦਵਾਈ ਨਹੀਂ ਹੈ ਸਗੋਂ ਇੱਕ ਇਮਿਊਨਿਟੀ ਬੂਸਟਰ ਹੈ। ਦੇਸੀ ਦਵਾਈਆਂ ਦੇ ਵਪਾਰ ਤੋਂ ਬਿਨਾਂ ਬਾਬਾ ਵਿਵਾਦਪੂਰਨ ਰਾਜਨੀਤਕ ਬਿਆਨ ਵੀ ਦਿੰਦਾ ਰਹਿੰਦਾ ਹੈ ਜਿਨਾਂ ਵਿੱਚ ਘੱਟ ਗਿਣਤੀਆਂ ਪ੍ਰਤੀ ਨਫਰਤੀ ਬਿਆਨ ਦੇਣਾ ਵੀ ਸ਼ਾਮਿਲ ਹੈ।

- ਅਦਾਰਾ



ਅੰਮ੍ਰਿਤਸਰ ਪੁਸਤਕ ਮੇਲੇ ਵਿੱਚ



ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਿਖੇ



ਸੈਸ਼ਨ "ਮਾਨਸਿਕ ਰੋਗ ਅਤੇ ਤਰਕਸ਼ੀਲ ਸੁਸਾਇਟੀ ਦੀ ਭੂਮਿਕਾ" ਦੇ ਵਕਤਾ ਡਾ. ਰਾਜ ਕੁਮਾਰ ਬਾਂਸਲ ਅਤੇ ਪ੍ਰਧਾਨਗੀ ਮੰਡਲ

ਸਲਾਨਾ ਸੂਬਾਈ ਇਕੱਤਰਤਾ ਵਿੱਚ ਹਾਜਰ ਤਰਕਸ਼ੀਲ ਕਾਰਕੁੰਨ





ਤਰਕਸ਼ੀਲ ਸੁਸਾਇਟੀ ਪੰਜਾਬ ਨੂੰ ਨਿਰਸਵਾਰਥ ਸੇਵਾਵਾਂ ਦੇਣ ਕਾਰਣ ਪੰਜਾਬ ਸਾਹਿਤ ਦੇ ਹੋਣਹਾਰ ਖੋਜਾਰਥੀ ਡਾ. ਸਟਾਲਿਨਜੀਤ ਦਾ ਸਨਮਾਨ ਕਰਦੇ ਹੋਏ ਸੂਬਾਈ ਆਗੂ

ਤਰਕਸ਼ੀਲ ਸੁਸਾਇਟੀ ਪੰਜਾਬ ਨੂੰ ਨਿਰਸਵਾਰਥ ਸੇਵਾਵਾਂ ਦੇਣ ਲਈ ਸੂਬਾਈ ਤਰਕਸ਼ੀਲ ਆਗੂਆਂ ਵੱਲੋਂ ਸੀ.ਏ. ਪ੍ਰਦੀਪ ਕੁਮਾਰ ਦਾ ਸਨਮਾਨ



If undelivered please return to :

Tarksheel

Tarksheel Bhawan, Tarksheel Chowk,
Sanghera By Pass, BARNALA-148101
Post Box No. 55
Cell. 98769 53561, 98728 74620
Web : www.tarksheel.org
e-mail : tarkshiloffice@gmail.com

BOOK POST
(Printed Matter)

To ....

....

....